# ਪੱਤੇ ਪੱਤੇ ਗੋਬਿੰਦ ਬੈਠਾ

ਮਹਿੰਦਰ ਸਿੰਘ ਰੰਧਾਵਾ

ਭਾਸ਼ਾ ਵਿਭਾਗ, ਪੰਜਾਬ

PATTE PATTE GOBIND BAITHA (In Punjabi)

Mohinder Singh Randhawa

# ਪੱਤੇ ਪੱਤੇ ਗੋਬਿੰਦ ਬੈਠਾ

ਮਹਿੰਦਰ ਸਿੰਘ ਰੰਧਾਵਾ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਵਾਰ : 1995

ਕਾਪੀਆਂ : 3,000

ਮੁੱਲ : 13/- ਰੁਪਏ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਵੀਰ ਭੂਮੀ ਪ੍ਰਿੰਟਿੰਗ ਪ੍ਰੈਸ, ਜਲੰਧਰ ਸ਼ਹਿਰ

ਰਾਹੀਂ : ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ।

## ਦੋ ਸ਼ਬਦ

ਮਿਆਰੀ ਸਾਹਿਤ ਆਪਣੇ ਸਮੇਂ ਦੇ ਸਮਾਜ ਦਾ ਸਿਰਫ਼ ਦਰਪਣ ਹੀ ਨਹੀਂ ਹੁੰਦਾ ਸਗੋਂ ਸੁਚੱਜਾ, ਸੁਖਾਵਾਂ ਸਮਾਜਿਕ ਮਾਹੌਲ ਉਸਾਰਨ ਵਿਚ ਪ੍ਰੇਰਨਾ ਤੇ ਅਗਵਾਈ ਵੀ ਪ੍ਰਦਾਨ ਕਰਦਾ ਹੈ। ਇਸੇ ਆਸ਼ੇ ਨੂੰ ਮੁੱਖ ਰੱਖਦੇ ਹੋਏ ਵਿਭਾਗ ਵਲੋਂ ਪੰਜਾਬੀ ਦੀਆਂ ਵਧੀਆ ਰਚਨਾਵਾਂ ਆਮ ਪਾਠਕਾਂ ਤਕ ਵਾਜਬ ਕੀਮਤ ਤੇ ਮੁਹੱਈਆ ਕਰਨ ਹਿੱਤ ਪੇਪਰ ਬੈਕ ਸਕੀਮ ਅਧੀਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਵਧ ਤੋਂ ਵਧ ਪਾਠਕ ਇਨ੍ਹਾਂ ਤੋਂ ਲਾਭ ਉਠਾ ਸਕਣ। ਹੱਥਲੀ ਪੁਸਤਕ ਪੱਤੋ ਪੱਤੇ ਗੋਬਿੰਦ ਬੈਠਾ ਇਸੇ ਸੀਰੀਜ਼ ਅਧੀਨ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬੀ ਸਾਹਿਤ ਜਗਤ ਦੀ ਬਹੁਪੱਖੀ, ਬਹੁਰੰਗੀ ਤੇ ਅਦੁੱਤੀ ਸ਼ਖ਼ਸੀਅਤ ਸਨ। ਵਿਦਿਆ ਪ੍ਰਾਪਤੀ ਵਜੋਂ ਵਿਗਿਆਨੀ, ਕਿੱਤੇ ਵਜੋਂ ਪ੍ਰਬੰਧਕ ਪਰ ਸੁਭਾਅ ਤੇ ਪ੍ਰਾਕ੍ਰਿਤੀ ਵਜੋਂ ਕਲਾ, ਕੁਦਰਤ, ਸਾਹਿਤ ਅਤੇ ਸਭਿਆਚਾਰ ਦੇ ਨਿੱਘੇ ਸੁਹਿਰਦ ਦੋਸਤ ਹੀ ਨਹੀਂ ਸਨ ਸਗੋਂ ਇਕ ਮਹਾਨ ਉਸਰਈਏ ਸਨ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਤੇ ਗੌਰਵਮਈ ਵਿਰਸੇ ਦੇ ਪ੍ਰਸਾਰ, ਪ੍ਰਚਾਰ ਤੇ ਸਾਂਭ ਸੰਭਾਲ ਲਈ ਡਾ. ਰੰਧਾਵਾ ਵੱਖ ਵੱਖ ਵਿਸ਼ਿਆਂ ਤੇ 50 ਤੋਂ ਵਧ ਪੁਸਤਕਾਂ ਦੀ ਰਚਨਾ ਕੀਤੀ ਹੈ। ਡਾ. ਰੰਧਾਵਾ ਦੀ ਇਸ ਮਹਾਨ ਘਾਲਣਾ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ ਉਨ੍ਹਾਂ ਨੂੰ ਸਾਲ 1969 ਵਿਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਭੇਟਾ ਕੀਤਾ ਗਿਆ। ਹੱਥਲੀ ਪੁਸਤਕ ਡਾ. ਸਾਹਿਬ ਦੇ ਚੋਣਵੇਂ 16 ਨਿਬੰਧਾਂ ਦਾ ਸੰਗ੍ਰਹਿ ਹੈ।

ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਹਾਰਦਿਕ ਸੁਆਗਤ ਕਰਨਗੇ।

**ਅਜੀਤ ਸਿੰਘ ਕੱਕੜ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

# ਤਤਕਰਾ


| | |
|---|---|
| 1. ਜੇ ਮੈਂ ਮੁੜ ਜਵਾਨ ਹੋਵਾਂ | 1 |
| 2. ਮੇਰਾ ਪਿੰਡ | 5 |
| 3. ਭਾਰਤ ਦੀ ਰੁੱਤ ਮਾਲਾ | 13 |
| 4. ਚਾਹ | 19 |
| 5. ਭਾਰਤੀ ਲੋਕ-ਸਾਹਿਤ 'ਚ ਬ੍ਰਿਛ | 23 |
| 6. ਭੁੱਲੇ ਵਿਸਰੇ ਫੁੱਲ | 30 |
| 7. ਸ਼ਿਵਾਲਕ | 36 |
| 8. ਪਾਲਮ ਵਾਦੀ | 44 |
| 9. ਕੁੱਲੂ ਵਾਦੀ | 51 |
| 10. ਡੇਹਰਾ ਗੋਪੀਪੁਰ | 54 |
| 11. ਬੈਜਨਾਥ ਦੀ ਸੈਰ | 59 |
| 12. ਜਵਾਲਾ ਮੁਖੀ | 66 |
| 13. ਡਾਡਾ ਸਿੱਬਾ | 73 |
| 14. ਹੋਰਤਕ ਦੀ ਇਸਤ੍ਰੀ | 79 |
| 15. ਝੰਡੋ ਮਿਰਾਸਨ ਦੀ ਕਲਾ | 82 |
| 16. ਮੈਨੂੰ ਪੰਜਾਬੀ ਕਿਉਂ ਚੰਗੀ ਲੱਗਦੀ ਹੈ? | 89 |

# ਜੇ ਮੈਂ ਮੁੜ ਜਵਾਨ ਹੋਵਾਂ

ਮੈਨੂੰ ਕਿਹਾ ਗਿਆ ਹੈ ਕਿ ਮੈਂ 'ਜੇ ਮੈਂ ਮੁੜ ਜਵਾਨ ਹੋਵਾਂ' ਦੇ ਵਿਸ਼ੇ ਉਤੇ ਕੁਝ ਕਹਾਂ। ਮੈਂ ਬ੍ਹਾਠ ਵਰ੍ਹਿਆਂ ਦਾ ਹਾਂ ਤੇ ਹਾਲੀ ਵੀ ਆਪਣੇ ਆਪ ਨੂੰ ਜਵਾਨ ਮਹਿਸੂਸ ਕਰਦਾ ਹਾਂ। ਮੈਂ ਹਾਲੀ ਵੀ ਹਰ ਸ਼ਾਮ ਨੂੰ ਖੁਲ੍ਹੇ ਪੇਂਡੂ ਆਲੇ-ਦੁਆਲੇ ਵਿਚ ਤਿੰਨ ਮੀਲ ਲੰਮੀ ਸੈਰ ਕਰਦਾ ਹਾਂ। ਮੇਰੀ ਭੁੱਖ ਸਾਧਾਰਨ ਹੈ, ਤੇ ਮੇਰੇ ਅੰਦਰ ਸੁਹਜ ਤੇ ਸੁੰਦਰਤਾ ਦੀ ਸੂਝ ਹੈ। ਮੇਰੇ ਚਿਹਰੇ ਉਤੇ ਝੁਰੜੀਆਂ ਦਾ ਕੋਝ ਨਹੀਂ। ਜੇ 'ਜਵਾਨ' ਤੋਂ ਤੁਹਾਡਾ ਮਤਲਬ ਘੱਟ ਪੱਕੀ ਉਮਰ ਹੈ, ਜਿਵੇਂ 25 ਵਰ੍ਹੇ, ਤਾਂ ਮੈਂ ਇਹੀ ਆਖਾਂਗਾ ਕਿ ਮੈਂ ਮੁੜ ਜਵਾਨ ਨਹੀਂ ਹੋਣਾ ਚਾਹੁੰਦਾ। ਲੋਕੀਂ ਬੁੱਢੇ ਓਦੋਂ ਹੁੰਦੇ ਹਨ ਜਦੋਂ ਉਹ ਆਪਣੇ ਆਦਰਸ਼ ਛਡ ਦੇਣ। ਮੈਂ ਅਜਿਹੇ ਲੋਕ ਵੀ ਵੇਖੇ ਹਨ, ਜਿਹੜੇ ਹਾਲੀ ਮਸਾਂ ਤੀਹਾਂ ਵਰ੍ਹਿਆਂ ਦੇ ਹੀ ਸਨ ਪਰ ਬਹੁਤ ਬੁੱਢੇ ਲੱਗ ਰਹੇ ਸਨ, ਤੇ ਮੈਂ ਅਜਿਹੇ ਲੋਕਾਂ ਨੂੰ ਵੀ ਮਿਲਿਆ ਹਾਂ ਜਿਹੜੇ ਸੱਤਰਾਂ ਵਰ੍ਹਿਆਂ ਦੇ ਹਨ ਤੇ ਹਾਲੀ ਵੀ ਜਵਾਨ ਜਾਪਦੇ ਹਨ। ਝੁਰੜੀਆਂ ਪਹਿਲੋਂ ਮਨੁੱਖ ਦੀ ਆਤਮਾ ਉਤੇ ਪੈਂਦੀਆਂ ਹਨ, ਤੇ ਫੇਰ ਉਹਦੇ ਚਿਹਰੇ ਉਤੇ। ਜਦੋਂ ਤਕ ਕਿਸੇ ਮਨੁੱਖ ਅੰਦਰ ਜੀਵਨ-ਉਤਸੁਕਤਾ ਜਿਉਂਦੀ ਹੈ ਤੇ ਉਹ ਆਪਣੇ ਉਤਸ਼ਾਹ ਭਖਦੇ ਰੱਖਦਾ ਹੈ, ਓਦੋਂ ਤਕ ਵਰ੍ਹਿਆਂ ਵਿਚ ਭਾਵੇਂ ਉਹ ਵੱਡਾ ਹੁੰਦਾ ਜਾਵੇ, ਉਹ ਬੁੱਢਾ ਨਹੀਂ ਹੋ ਸਕਦਾ।

ਕਈ ਲੋਕੀਂ ਕਹਿੰਦੇ ਹਨ ਕਿ 'ਜਵਾਨੀ ਜ਼ਿੰਦਗੀ ਦਾ ਸਭ ਤੋਂ ਖ਼ੁਸ਼ ਸਮਾਂ ਹੁੰਦਾ ਹੈ।' ਮੇਰੀ ਜਾਚੇ ਏਦੂੰ ਵਧ ਗ਼ਲਤ ਹੋਰ ਕੋਈ ਗੱਲ ਨਹੀਂ ਹੋ ਸਕਦੀ। ਅਸਲੀਅਤ ਤਾਂ ਇਹ ਹੈ ਕਿ ਜਿਉਂ ਜਿਉਂ ਅਸੀਂ ਵਰ੍ਹਿਆਂ ਦੇ ਤਜਰਬਿਆਂ ਨਾਲ ਪੱਕਦੇ ਹਾਂ, ਤਿਉਂ ਤਿਉਂ ਅਸੀਂ ਵਧੇਰੇ ਖ਼ੁਸ਼ੀਆਂ ਪ੍ਰਾਪਤ ਕਰਨ ਦੇ ਯੋਗ ਹੁੰਦੇ ਜਾਂਦੇ ਹਾਂ। ਪਕੇਰੀ ਉਮਰ ਵਿਚ ਸਾਨੂੰ ਜ਼ਿੰਦਗੀ ਤੇ ਇਹਦੀਆਂ ਸਮੱਸਿਆਵਾਂ ਦੀ ਚੰਗੇਰੀ ਸਮਝ ਆਣ ਲੱਗ ਪੈਂਦੀ ਹੈ। ਜੀਵ-ਵਿਗਿਆਨ ਤੇ ਬਨਸਪਤੀ ਵਿਗਿਆਨ ਦੀ ਪੜ੍ਹਾਈ ਨਾਲ ਸਾਨੂੰ ਕੁਦਰਤ ਵਿਚ ਮਨੁੱਖ ਦੇ ਸਥਾਨ ਦੀ ਸੋਝੀ ਹੋ ਜਾਂਦੀ ਹੈ। ਇਸ ਸੋਝੀ ਸਦਕਾ ਸਾਡਾ ਮਨ ਬੜਾ ਅਮੀਰ ਹੋ ਜਾਂਦਾ ਹੈ। ਇਹ ਸੋਚਣਾ ਕਿ ਜਵਾਨੀ ਪਕੇਰੀ ਉਮਰ ਨਾਲੋਂ ਵਧੇਰੇ ਖ਼ੁਸ਼ ਸਮਾਂ ਹੁੰਦਾ ਹੈ, ਇਹ ਕਹਿਣ ਦੇ ਬਰਾਬਰ ਹੈ ਕਿ 'ਪਹਾੜ ਦੇ ਪੈਰਾਂ ਵਿਚ ਖੜੋ ਕੇ ਜੋ ਦ੍ਰਿਸ਼ ਦਿਸਦਾ ਹੈ, ਉਹ ਪਹਾੜ ਦੀ ਸਿਖ਼ਰ ਉਤੇ ਖੜੋ ਕੇ ਦਿਸਦੇ ਦ੍ਰਿਸ਼ ਨਾਲੋਂ ਚੰਗੇਰਾ ਹੈ। ਮਨੁੱਖ ਰਚਨਾਤਮਕ ਘਾਲਣਾ ਨਾਲ ਆਪਣੇ ਆਪ ਨੂੰ ਜਵਾਨ ਰੱਖ ਸਕਦਾ ਹੈ। ਮਨੁੱਖ ਲਈ ਕਿਰਤ ਵੀ ਓਨੀ ਹੀ ਜ਼ਰੂਰੀ ਹੈ ਜਿੰਨਾ ਖਾਣਾ, ਪੀਣਾ। ਜਿਨ੍ਹਾਂ ਨੂੰ ਇਹ ਸਮਝ ਨਹੀਂ ਆਈ ਉਨ੍ਹਾਂ ਨੇ ਹਾਲੀ ਤਕ ਜੀਵਨ ਦਾ ਭੇਤ ਨਹੀਂ ਪਾਇਆ। ਰਚਨਾਤਮਕ

ਕਿਰਤ ਕਰਨ ਵਾਲਾ ਮਨੁੱਖ ਹੀ ਅਸਲੀ ਅਰਥਾਂ ਵਿਚ ਖ਼ੁਸ਼ ਹੋ ਸਕਦਾ ਹੈ। ਤੁਹਾਡਾ ਕੰਮ ਭਾਵੇਂ ਕਲਾ ਜਾਂ ਵਿਗਿਆਨ ਜਾਂ ਜੀਵਨ ਨਾਲ ਸੰਬੰਧਿਤ ਹੋਵੇ, ਰਚਨਾਤਮਕ ਕਿਰਤ ਦੀ ਖ਼ੁਸ਼ੀ ਦੇ ਤੁਲ ਕੋਈ ਖ਼ੁਸ਼ੀ ਨਹੀਂ ਹੋ ਸਕਦੀ। ਇਕ ਕਿਸਾਨ ਜਿਹੜਾ ਕਣਕ ਦੀ ਚੰਗੀ ਫ਼ਸਲ ਪੈਦਾ ਕਰਦਾ ਹੈ ਉਹ ਰਚਨਾਤਮਕ ਮਨੁੱਖ ਹੈ। ਜਦੋਂ ਤੁਸੀਂ ਆਪਣੇ ਬਾਗ਼ ਵਿਚ ਗੁਲਾਬ ਜਾਂ ਅੰਗੂਰ ਪੈਦਾ ਕਰਦੇ ਹੋ, ਤੁਸੀਂ ਰਚਨਾਤਮਕ ਮਨੁੱਖ ਹੋ। ਜਦੋਂ ਤੁਸੀਂ ਨਵੇਂ ਤੱਥ ਲਭਦੇ ਹੋ ਜਾਂ ਕੋਈ ਨਵਾਂ ਬੂਟਾ ਜਾਂ ਜੀਵ, ਤਾਂ ਤੁਸੀਂ ਰਚਨਾ ਤੇ ਖੋਜ ਦੀ ਝਰਨਾਹਟ ਦੇ ਤਰੰਗ ਅਨੁਭਵ ਕਰਦੇ ਹੋ। ਬਨਸਪਤੀ ਜਾਂ ਜੀਵਾਂ ਦੇ ਹਿੱਸਿਆਂ ਨੂੰ ਵੇਖਦਿਆਂ ਜਾਂ ਖੁਰਦਬੀਨ ਵਿਚੋਂ ਅਜਿਹੇ ਸੂਖਮ-ਦਰਸ਼ੀ ਜੀਵਾਂ ਨੂੰ ਤਕਦਿਆਂ ਜਿਹੜੇ ਖੁਰਦਬੀਨ ਵਿਚ ਹੀ ਦਿਸ ਸਕਦੇ ਹਨ, ਨਵੀਂ ਬਣਤਰ ਦਾ ਲੱਭ ਪੈਣਾ ਇਕ ਰਚਨਾਤਮਕ ਅਨੁਭਵ ਹੈ। ਚਿਤਰ ਵਾਹੁਣਾ ਜਾਂ ਲਿਖਣਾ ਰਚਨਾਤਮਕ ਕਿਰਿਆ ਹੈ।

ਬੜੇ ਲੋਕਾਂ ਲਈ ਜ਼ਿੰਦਗੀ ਦਾ ਮੁਖ ਮਨੋਰਥ ਦੌਲਤ ਪੈਦਾ ਕਰਨਾ ਹੈ। ਇਹ ਵੀ ਅਹਿਮ ਹੈ, ਕਿਉਂਕਿ ਰਚਨਾਤਮਕ ਖੇਤੀ ਤੇ ਸਨਅਤ ਦੇਸ਼ ਦੀ ਖ਼ੁਸ਼ਹਾਲੀ ਦਾ ਆਧਾਰ ਹਨ। ਪਰ ਇਸ ਤੋਂ ਕਿਸੇ ਵਧ ਅਹਿਮ ਸੁੰਦਰਤਾ ਦੀ ਰਚਨਾ ਤੇ ਗਿਆਨ ਦੀ ਖੋਜ ਤੇ ਪੈਰਵੀ ਹੈ। ਪਹਿਲੀ ਵਿਚੋਂ ਸਾਨੂੰ ਕਲਾ ਲੱਭਦੀ ਹੈ, ਤੇ ਦੂਜੀ ਵਿਚੋਂ ਸਾਇੰਸ। ਕਲਾ ਹੋਵੇ ਜਾਂ ਸਾਇੰਸ ਹੋਵੇ, ਪਰ ਰਚਨਾਤਮਕ ਉਦਮ ਦਾ ਮੁਢਲਾ ਸੋਮਾਂ ਸਾਂਝਾ ਹੀ ਹੈ।

ਰਚਨਾਤਮਕ ਲੇਖਣੀ ਕਲਾਪੂਰਨ ਅਮਲ ਤੇ ਮਹਾਨ ਆਨੰਦ ਦਾ ਸਾਧਨ ਹੈ। ਮੈਨੂੰ ਜ਼ਿੰਦਗੀ ਵਿਚ ਹੁਣ ਤਕ ਸਭ ਤੋਂ ਵੱਧ ਖ਼ੁਸ਼ੀ ਕਾਂਗੜਾ ਸ਼ੈਲੀ ਦੀ ਲਘੂ-ਕ੍ਰਿਤ (Miniature) ਚਿਤਰ-ਕਲਾ ਦੇ ਅਧਿਅਨ ਤੋਂ ਮਿਲੀ ਹੈ। ਇਸ ਕਲਾ ਉਤੇ ਪਹਿਲੀ ਝਾਤੀ ਤੁਹਾਨੂੰ ਇਕ ਸੁਖਾਵਾਂ ਅਹਿਸਾਸ ਦੇਂਦੀ ਹੈ, ਪਰ ਇਹ ਤੁਹਾਨੂੰ ਕੋਈ ਬਹੁਤ ਦੂਰ ਨਹੀਂ ਲਿਜਾਂਦੀ। ਪਰ ਜਿਉਂ ਜਿਉਂ ਤੁਸੀਂ ਇਸ ਵਿਚ ਡੂੰਘੇ ਖੁਭਦੇ ਹੋ, ਤੇ ਇਸ ਕਲਾ ਨੂੰ ਇਹਦੇ ਭੌਤਿਕ ਤੇ ਅਧਿਆਤਮਕ ਵਾਤਾਵਰਨ ਦੇ ਪਿਛੋਕੜ ਵਿਚ ਸਮਝਣ ਦੀ ਕੋਸ਼ਿਸ਼ ਕਰਦੇ ਹੋ, ਤਾਂ ਛੇਤੀ ਤੁਹਾਨੂੰ ਇਕ ਰੂਪ-ਬਣਤਰ ਲੱਭ ਪੈਂਦੀ ਹੈ। ਇਨ੍ਹਾਂ ਚਿਤਰਾਂ ਦੇ ਵਿਸ਼ੇ ਤੇ ਜਿਹੜੀਆਂ ਅਧਿਆਤਮਕ ਪ੍ਰੇਰਨਾਵਾਂ ਨੇ ਇਨ੍ਹਾਂ ਦੇ ਚਿਤਰਕਾਰਾਂ ਨੂੰ ਟੁੰਬਿਆ, ਇਨ੍ਹਾਂ ਦੋਵਾਂ ਦਾ ਗਿਆਨ ਤੁਹਾਨੂੰ ਇਕ ਨਵੀਂ ਸੋਝੀ ਦੇਂਦਾ ਹੈ। ਇਹ ਚਿਤਰ ਵਿਸ਼ੇਸ਼ ਵੰਨਗੀਆਂ ਵਿਚ ਆਪੇ ਵੰਡੇ ਜਾਣ ਲੱਗ ਪੈਂਦੇ ਹਨ।

ਕਲਾ ਬਾਰੇ ਕਿਤਾਬ ਲਿਖਣ ਲਈ ਪਹਿਲਾ ਕਦਮ ਓਦੋਂ ਪੁਟਿਆ ਜਾਂਦਾ ਹੈ ਜਦੋਂ ਵੱਖ ਵੱਖ ਕਾਂਡਾਂ ਦੇ ਸਿਰਲੇਖ ਲੱਭ ਪੈਂਦੇ ਹਨ। ਕਿਉਂਕਿ ਇਹ ਲੇਖਣੀ ਚਿਤਰਾਂ ਬਾਰੇ ਹੁੰਦੀ ਹੈ, ਸੋ ਲੇਖਕ ਉਨ੍ਹਾਂ ਦੇ ਵਿਸ਼ਿਆਂ ਦੀ ਚੋਣ ਕਰਦਾ ਹੈ। ਫੇਰ ਇਕ ਸਾਫ਼ ਖ਼ਾਕਾ ਦਿਸਣ ਲੱਗ ਪੈਂਦਾ

ਹੈ ਤੇ ਓਹ ਲਿਖਣ ਵਿਚ ਰੁਝ ਜਾਂਦਾ ਹੈ। ਜਿਉਂ ਜਿਉਂ ਉਹ ਇਸ ਬਾਰੇ ਸੋਚਦਾ ਰਹਿੰਦਾ ਹੈ, ਮੁਢ ਵਿਚ ਜਿਹੜੇ ਖ਼ਿਆਲ ਧੁੰਦਲੇ ਸਨ, ਉਹ ਸਾਫ਼ ਹੁੰਦੇ ਜਾਂਦੇ ਹਨ। ਜਦੋਂ ਮੈਂ ਇਕੱਲਾ ਹੁੰਦਾ ਹਾਂ, ਖ਼ਾਸ ਕਰਕੇ ਖੇਤਾਂ ਵਿਚ ਸੈਰ ਕਰਦਿਆਂ ਮੇਰੇ ਮਨ ਵਿਚ ਬੜੇ ਦਿਲਚਸਪ ਖ਼ਿਆਲ ਫੁਰਦੇ ਹਨ। ਤੇ ਇਹ ਅਮਲ ਕਈ ਵਾਰੀ ਰਾਤ ਤਕ ਜਾਰੀ ਰਹਿੰਦਾ ਹੈ ਕਿਉਂਕਿ ਅਚੇਤ ਮਨ ਟੁੰਬਿਆ ਜਾਂਦਾ ਹੈ, ਤੇ ਇਹ ਓਦੋਂ ਵੀ ਸਰਗਰਮ ਰਹਿੰਦਾ ਹੈ ਜਦੋਂ ਮੈਂ ਸੌਂ ਜਾਂਦਾ ਹਾਂ। ਅਗਲੀ ਸਵੇਰੇ ਕਈ। ਸੁਝਾਓ, ਕਈ ਨਵੇਂ ਵਾਕੰਸ਼, ਕਈ ਨਵੇਂ ਵਾਕ ਤੇ ਨਵੀਂ ਸੂਝ ਆਪ-ਮੁਹਾਰੇ ਆ ਜਾਂਦੀ ਹੈ। ਵਾਕ ਕਿਵੇਂ ਪੈਰੇ ਬਣਦੇ ਹਨ, ਤੇ ਪੈਰੇ ਅਗੋਂ ਕਾਂਡ ਆਪਣੇ ਆਪ ਵਿਚ ਇਕ ਬੜਾ ਦਿਲਚਸਪ ਅਮਲ ਹੈ, ਤੇ ਇਕ ਅਜਿਹੀ ਕਿਰਿਆ ਹੈ ਜਿਸ ਤੋਂ ਬੜੀ ਡੂੰਘੀ ਤਸੱਲੀ ਮਿਲਦੀ ਹੈ। ਸਾਮਿਗਰੀ ਦਾ ਇਕ ਅਰੂਪ ਸਮੂਹ ਕਿਤਾਬ ਦੀ ਸ਼ਕਲ ਵਿਚ ਰੂਪਵਾਨ ਹੁੰਦਾ ਹੈ। ਚਿਤਰ ਕਾਂਡਾਂ ਵਿਚ ਵੰਡੇ ਜਾਂਦੇ ਹਨ। ਫੇਰ ਚੋਣ ਹੁੰਦੀ ਹੈ ਕਿ ਇਨ੍ਹਾਂ ਵਿਚੋਂ ਸਰਵਰਕ ਉਤੇ ਕਿਹੜਾ ਚਿਤਰ ਜਾਏ ਤੇ ਕਿਹੜੇ ਕਿਹੜੇ ਕਿਸ ਕਿਸ ਕਾਂਡ ਵਿਚ। ਅਖ਼ੀਰ ਕਿਤਾਬ ਤੇ ਅੰਦਰਲੀ ਵਸਤ ਤੇ ਉਹਦਾ ਅੰਤਮ ਰੂਪ ਨਿਖਰ ਆਂਦਾ ਹੈ ਤੇ ਇਹ ਸਭ ਮੈਨੂੰ ਮਹਾਨ ਆਨੰਦ ਦੇਂਦਾ ਹੈ। ਇਹ ਬੁਤਕਾਰੀ ਦੀ ਕਲਾ ਨਾਲ ਬਹੁਤ ਮਿਲਦਾ ਹੈ। ਬੁਤਕਾਰ ਮਿੱਟੀ ਦਾ ਢੇਲਾ ਲੈਂਦਾ ਹੈ, ਉਹਦੀ ਇਕ ਅਣਘੜ ਜਿਹੀ ਸ਼ਕਲ ਡੌਲਦਾ ਹੈ, ਤੇ ਫੇਰ ਉਹਨੂੰ ਓਦੋਂ ਤਕ ਕਟਦਾ ਤਰਾਸਦਾ ਰਹਿੰਦਾ ਹੈ ਜਦੋਂ ਤਕ ਉਸ ਵਿਚੋਂ ਲੋੜੀਂਦੀ ਨੁਹਾਰ ਨਹੀਂ ਨਿਕਲ ਆਉਂਦੀ। ਏਸੇ ਤਰ੍ਹਾਂ ਹੀ ਲਿਖਣ ਦੀ ਕਲਾ ਹੈ।

ਇਹ ਸਭ ਤਾਂ ਹੀ ਸੰਭਵ ਹੈ ਜੇ ਅਜਿਹੇ ਅਮਲ ਦੇ ਪਿਛੇ ਵੰਨ ਸੁਵੰਨਾ ਤਜਰਬਾ ਹੋਵੇ। ਬਹੁਤ ਸਾਰੀ ਪੜ੍ਹਾਈ ਕਰਨੀ ਪੈਂਦੀ ਹੈ, ਤਾਂ ਜੋ ਜਿਥੇ ਜਿਥੇ ਵੀ ਇਸ ਵਿਸ਼ੇ ਤੇ ਕੁਝ ਲਿਖਿਆ ਹੈ, ਉਹਦਾ ਪਤਾ ਲੱਗ ਸਕੇ। ਅਜਿਹੇ ਸੋਮਿਆ ਤੋਂ ਮਿਲੀ ਸਾਮਿਗਰੀ ਵਿਚੋਂ ਵੀ ਕਈ ਵਾਰ ਨਵੇਂ ਜੋੜ ਨਿਖਰ ਆਉਂਦੇ ਤੇ ਨਵੇਂ ਵਿਸ਼ੇ ਉਭਰ ਆਉਂਦੇ ਹਨ। ਇਹ ਇਕ ਅਜਿਹਾ ਕੰਮ ਹੈ ਜਿਸ ਨੂੰ ਸ਼ੁਰੂ ਕਰਨ ਦਾ ਮੈਂ ਪੰਜੀ ਵਰ੍ਹਿਆਂ ਦੀ ਉਮਰ ਵਿਚ ਸੁਫ਼ਨਾ ਵੀ ਨਹੀਂ ਸਾਂ ਲੈ ਸਕਦਾ। ਏਨੇ ਵਰ੍ਹਿਆਂ ਵਿਚ ਨਿਰੀਖਣ, ਅਧਿਐਨ ਤੇ ਯਾਤਰਾ ਨਾਲ ਜਿਹੜਾ ਅਨੁਭਵ ਪ੍ਰਾਪਤ ਹੁੰਦਾ ਹੈ, ਉਹ ਕੋਈ ਸੌਖੀ ਤਰ੍ਹਾਂ ਮਿਲੀ ਵਸਤ ਨਹੀਂ, ਉਹ ਸਿਰਫ਼ ਏਨੇ ਵਰ੍ਹਿਆਂ ਦੇ ਮਨੋਰਥ-ਪੂਰਨ ਅਧਿਐਨ ਤੇ ਨਿਰੀਖਣ ਦੀ ਹੀ ਪ੍ਰਾਪਤੀ ਹੈ।

ਜਦੋਂ ਆਦਮੀ ਇਨ੍ਹਾਂ ਸਾਰੇ ਪੱਖਾਂ ਬਾਰੇ ਵਿਚਾਰ ਕਰ ਲੈਂਦਾ ਹੈ, ਤਾਂ ਫਿਰ, ਮੈਨੂੰ ਯਕੀਨ ਹੈ, ਕਿ ਉਹਦੇ ਮਨ ਵਿਚ 'ਜੇ ਮੈਂ ਮੁੜ ਜਵਾਨ ਹੋਵਾਂ' ਦੀ ਹਿਰਸ ਨਹੀਂ ਰਹਿੰਦੀ,

ਕਿਉਂਕਿ ਇਹਦੇ ਅਰਥ ਤਾਂ ਇਹੀ ਹੋਣਗੇ ਕਿ ਜੋ ਐਨੇ ਵਰ੍ਹਿਆਂ ਦੀ ਘਾਲਣਾ ਤੇ ਅਧਿਐਨ ਪਿਛੋਂ ਤੁਸੀਂ ਜਾਣਿਆ ਹੈ, ਉਸ ਨੂੰ ਅਣਜਾਣਿਆ ਕੀਤਾ ਜਾਏ, ਯਕੀਨਨ, ਮੈਂ ਮੁੜ ਪੰਝੀਆਂ ਵਰ੍ਹਿਆਂ ਦਾ ਨਹੀਂ ਹੋਣਾ ਚਾਹਾਂਗਾ. ਉਹ ਕਾਹਲੇ ਜੋਸ਼, ਕੱਚੇਪਣ ਤੇ ਜਲਦਬਾਜ਼ੀ ਦੀ ਉਮਰ ਹੁੰਦੀ ਹੈ ਤੇ ਓਦੋਂ ਵਿਵੇਕ ਬੁਧੀ ਤੇ ਨਿਰਣੇ ਦੀ ਸੂਝ ਘਟੀਆ ਹੁੰਦੀ ਹੈ।

ਲੋਕੀਂ ਆਪਣੀਆਂ ਗ਼ਲਤੀਆਂ ਨੂੰ ਤਜਰਬੇ ਦਾ ਨਾਂ ਦੇਂਦੇ ਹਨ। ਆਪਣੀ ਜਵਾਨੀ ਵਿਚ ਮੈਂ ਕਈ ਗ਼ਲਤੀਆਂ ਕੀਤੀਆਂ ਹੋਣਗੀਆਂ, ਤੇ ਹੁਣ ਨਾ ਮੇਰੇ ਵਿਚ ਅਜਿਹਾ ਇਰਾਦਾ ਹੈ ਤੇ ਨਾ ਹੀ ਅਜਿਹੀ ਤਾਂਘ ਕਿ ਇਹ ਅਮਲ ਫੇਰ ਮੁਢੋਂ ਸੁਢੋਂ ਸ਼ੁਰੂ ਕੀਤਾ ਜਾਏ।

# ਮੇਰਾ ਪਿੰਡ

ਕਿੰਨੇ ਸੁਹਣੇ ਹਨ ਹੁਸ਼ਿਆਰਪੁਰ ਦੇ ਪਿੰਡ!

ਸਾਰੇ ਭਾਰਤ ਵਰਸ਼ ਵਿਚ ਇਹ ਹੀ ਇਲਾਕਾ ਹੈ, ਜਿਥੇ ਮੈਦਾਨਾਂ ਤੋਂ ਹਿਮਾਲੀਆਂ ਦੀਆਂ ਬਰਫ਼ ਨਾਲ ਢੱਕੀਆਂ ਚੋਟੀਆਂ ਏਨੀਆਂ ਸਾਫ਼ ਦਿਖਾਈ ਦਿੰਦੀਆਂ ਹਨ। ਸ਼ਿਵਾਲਕ ਦੀਆਂ ਉੱਚੀਆਂ ਨੀਲੀਆਂ ਪਹਾੜੀਆਂ ਨੇ ਤਾਂ ਸੀਰੋਵਾਲ ਤੇ ਉਪਜਾਊ ਇਲਾਕੇ ਨੂੰ ਹੋਰ ਵੀ ਸ਼ਿੰਗਾਰ ਦਿੱਤਾ ਹੈ। ਚਾਰੇ ਪਾਸੇ ਅੰਬਾਂ ਦੇ ਬਾਗ਼ ਤੇ ਟਾਹਲੀਆਂ ਦੀਆਂ ਝਿੜੀਆਂ ਦੇ ਪਿੰਡ ਵੀ ਬੋਦਲਾਂ, ਜਿਹਦੀ ਜੂਹ ਵਿਚ ਹੈ 'ਗਗਨਾਂ ਸਾਹਿਬ' ਦਾ ਇਤਿਹਾਸਕ ਗੁਰਦਵਾਰਾ।

ਹਰ ਮਹੀਨੇ ਤੇ ਹਰ ਰੁੱਤੇ ਇਸ ਪਿੰਡ ਤੇ ਇਲਾਕੇ ਦੀਆਂ ਰੌਣਕਾਂ ਤੇ ਬਦਲਦੇ ਨਜ਼ਾਰੇ ਬੜੇ ਹੀ ਮਨਭਾਉਣੇ ਹਨ। ਬਰਸਾਤ ਵਿਚ ਜਦ ਚਾਰੇ ਪਾਸਿਉਂ ਘਨਘੋਰ ਕਾਲੀਆਂ ਘਟਾ ਉਠਦੀਆਂ, ਤੇ ਸਾੜ ਸਾੜ ਮੀਂਹ ਦੇ ਛਰਾਟੇ ਪੈਂਦੇ, ਤਾਂ ਬੱਦਲਾਂ ਦੀ ਗਰਜ ਸੁਣ ਕੇ ਮੋਰ ਚਾਰੇ ਪਾਸਿਉਂ ਕੈਓਂ ਕੈਓਂ ਦਾ ਹੱਲਾ ਮਚਾ ਦਿੰਦੇ। ਰਾਤ ਵੇਲੇ ਡੱਡੂਆਂ ਦੀ ਗੁੜੋਂ ਗੁੜੀਂ ਸਾਰੀ ਹਵਾ ਨੂੰ ਭਰ ਦਿੰਦੀ। ਜਦ ਡੱਡੂ ਹਟ ਜਾਂਦੇ ਤਾਂ ਬਿੰਡੇ ਆਪਣਾ ਟੀਂ ਟੀਂ ਦਾ ਰਾਗ ਛੇੜ ਦਿੰਦੇ। ਰਾਤ ਨੂੰ ਪਿੱਪਲ ਹੇਠ ਛੱਪੜੀ ਦੇ ਜੁਗਨੂੰਆਂ ਦਾ ਨਾਚ ਸ਼ੁਰੂ ਹੋ ਜਾਂਦਾ, ਤੇ ਇੰਜ ਲੱਗਦਾ ਜਿਵੇਂ ਤਾਰਿਆਂ ਦਾ ਮੀਂਹ ਪੈ ਰਿਹਾ ਹੋਵੇ।

ਦਿਨ ਵੇਲੇ ਗਊਆਂ ਮੱਝਾਂ ਨੇ ਰੱਕੜ ਵਿਚ ਚਰਨਾ ਤੇ ਉਨ੍ਹਾਂ ਪਿਛੇ ਚਿੱਟੇ ਚਿੱਟੇ ਬਗਲਿਆਂ ਨੇ ਟਿੱਡੀਆਂ ਚੁਗਦੇ ਫਿਰਨਾ। ਵੱਛਿਆਂ ਨੇ ਖ਼ੁਸ਼ੀ ਵਿਚ ਆ ਕੇ ਪੂਛਾਂ ਉਤਾਂਹ ਨੂੰ ਚੁਕ ਦੌੜਨਾ। ਬਰਸਾਤ ਦਾ ਮੌਸਮ ਬੰਦਿਆਂ ਨੂੰ ਹੀ ਖ਼ੁਸ਼ੀ ਨਹੀਂ ਦਿੰਦਾ, ਪਸ਼ੂ ਪੰਛੀ ਵੀ ਇਸ ਖ਼ੁਸ਼ੀ ਵਿਚ ਸਾਂਝੀ ਹੁੰਦੇ ਬੱਦਲਾਂ ਦਾ ਸਵਾਗਤ ਕਰਦੇ ਹਨ। ਸਲੇਟੀ ਬੱਦਲਾਂ ਵਿਚ ਚਿੱਟੇ ਬਗਲਿਆਂ ਦੀਆਂ ਡਾਰਾਂ ਹੋਰ ਵੀ ਸੋਂਹਦੀਆਂ ਤੇ ਇੰਜ ਲੱਗਦਾ ਜਿਵੇਂ ਰੱਬ ਦੇ ਗਲ ਚਿੱਟੇ ਫੁੱਲਾਂ ਦੀ ਵਰਮਾਲਾ ਹੋਵੇ।

ਬਰਸਾਤ ਵਿਚ ਅੰਬਾਂ ਦੇ ਬਾਗ਼ਾਂ ਵਿਚ ਖ਼ੂਬ ਗਹਿਮਾ ਗਹਿਮ ਹੁੰਦੀ। ਦਿਨੇਂ ਕੋਇਲਾਂ ਦੀ "ਤੂਹੋ ਤੂਹੋ" ਤੇ ਰਾਤ ਬਬੀਹਿਆਂ ਦੀ "ਪੀ ਕਹਾਂ ਪੀ ਕਹਾਂ" ਹਵਾ ਨੂੰ ਭਰ ਦਿੰਦੀ। ਅਸੀਂ ਸਵੇਰੇ ਹੀ ਬਾਗ਼ਾਂ ਵਿਚ ਨਿਕਲ ਜਾਂਦੇ ਤੇ ਕਮੰਡਲ ਵਿਚ ਪਾਣੀ ਭਰ ਕੇ ਦਰੱਖ਼ਤਾਂ ਹੇਠ ਡਿੱਗੇ ਹੋਏ ਅੰਬਾਂ ਨੂੰ ਚੁਗ ਚੁਗ ਪਾਣੀ ਵਿਚ ਧੋ ਕੇ ਚੂਪਦੇ ਜਾਂਦੇ।

ਪੰਦਰਾਂ ਵੀਹ ਬੂਟਿਆਂ ਦੇ ਅੰਬ ਚੂਪ ਲੈਂਦੇ ਤਾਂ ਪਤਾ ਲੱਗ ਜਾਂਦਾ ਕਿ ਸਭ ਤੋਂ ਸਵਾਦੀ ਅੰਬ ਕਿਹੜੇ ਬੂਟੇ ਦੇ ਹਨ। ਫੇਰ ਓਸੇ ਬੂਟੇ ਦੇ ਅੰਬਾਂ ਦਾ ਟੋਕਰਾ ਮੰਗਵਾ ਲੈਂਦੇ ਤੇ ਠੰਢੇ ਪਾਣੀ ਵਿਚ ਧੋ ਕੇ ਬਾਲਟੀ ਭਰ ਲੈਂਦੇ। ਇਨ੍ਹਾਂ ਹੁਸ਼ਿਆਰਪੁਰੀ ਪਿੰਡਾਂ ਦਾ ਠੰਢਾ ਪਾਣੀ ਵੀ ਨਿਆਮਤ ਹੈ। ਗਰਮੀਆਂ ਵਿਚ ਵੀ ਐਨਾ ਠੰਢਾ, ਜੇ ਨਹਾਉ ਤਾਂ ਕਾਂਬਾ ਲੱਗ ਜਾਵੇ। ਅੰਬਾ ਨੂੰ ਠੰਢਾ ਕਰ ਕੇ ਰੱਜ ਕੇ ਚੂਪਣਾ। ਕੋਈ ਸੰਧੂਰੀ, ਕੋਈ ਤੋਤੇ ਰੰਗਾ, ਕੋਈ ਹਰਾ, ਕੋਈ ਮਿੱਠਾ, ਕੋਈ ਖਟਮਿੱਠਾ, ਕੋਈ ਖੱਟਾ, ਕੋਈ ਸੌਂਫ਼ੀਆ। ਮੁਸਲਮਾਨਾਂ ਦੇ ਬਹਿਸ਼ਤ ਵਿਚ ਹੂਰਾਂ ਤੇ ਪਾਣੀ ਦੇ ਚਸ਼ਮੇ ਦਸੇ ਜਾਂਦੇ ਹਨ। ਸਾਡੇ ਹੁਸ਼ਿਆਰਪੁਰੀਆਂ ਦੇ ਬਹਿਸ਼ਤ ਵਿਚ ਤਾਂ ਮਿੱਠੇ ਅੰਬ ਹੀ ਹਨ। ਤੇ ਇਨ੍ਹਾਂ ਨੂੰ ਕਿਹੜੀ ਚੀਜ਼ ਮਾਤ ਕਰ ਸਕਦੀ ਹੈ ? ਸਾਡੇ ਮੁਸਲਮਾਨ ਭਰਾਵਾਂ ਨੂੰ ਪਤਾ ਨਹੀਂ ਅਗਲੇ ਜਨਮ ਵਿਚ ਹੂਰਾਂ ਲੱਭਣ ਕਿ ਨਾ ਲੱਭਣ, ਪਰ ਸਾਡਾ ਬਹਿਸ਼ਤ ਤਾਂ ਸਾਡੇ ਕੋਲ ਹੈ, ਤੇ ਹਰ ਤੀਸਰੇ ਸਾਲ ਸਾਵਣ ਭਾਦਰੋਂ ਦਿਆਂ ਮਹੀਨਿਆਂ ਵਿਚ ਅਸੀਂ ਇਹਨੂੰ ਮਾਣ ਸਕਦੇ ਹਾਂ। ਕੰਮ ਦੇ ਫ਼ਿਕਰਾਂ ਦੇ ਭੰਨੇ ਹੋਏ ਤੇ ਸ਼ਹਿਰਾਂ ਤੋਂ ਅੱਕੇ ਹੋਏ ਕਈ ਆਦਮੀ ਮੈਥੋਂ ਪੁਛਦੇ ਹਨ, ਸਾਡੀ ਬੀਮਾਰੀ ਦਾ ਕੀ ਇਲਾਜ ਹੈ ਤੇ ਸਾਡੀ ਰੂਹ ਨੂੰ ਸਕੂਨ ਕਿਵੇਂ ਹੋਵੇ ? ਇਨ੍ਹਾਂ ਨੂੰ ਮੈਂ ਇਹੋ ਸਲਾਹ ਦਿੰਦਾ ਹਾਂ, “ਜਾਓ ਹੁਸ਼ਿਆਰਪੁਰ ਦੇ ਬਾਗਾਂ ਵਿਚ ਪੰਦਰਾਂ ਦਿਨ ਅੰਬ ਚੂਪੋ ਤੇ ਭੁੱਲ ਜਾਓ ਕਿ ਤੁਸੀਂ ਪੜ੍ਹੇ ਲਿਖੇ ਹੋ।”

ਅੰਬ ਮੁੱਕੇ ਤਾਂ ਮੱਕੀ ਦੀਆਂ ਛੱਲੀਆਂ ਪੱਕੀਆਂ। ਖੇਤਾਂ ਵਿਚ ਛਾਪਿਆਂ ਦੀ ਅੱਗ ਬਾਲ ਕੇ ਛੱਲੀਆਂ ਭੁੰਨ ਕੇ ਚਬਣੀਆਂ ਤੇ ਘਰ ਆ ਕੇ ਖੱਟੀ ਲੱਸੀ ਦਾ ਗਲਾਸ ਲੂਣ ਤੇ ਕਾਲੀ ਮਿਰਚ ਪਾ ਕੇ ਪੀ ਲੈਣਾ। ਛੱਲੀਆਂ ਪੱਕਣੀਆਂ ਤਾਂ ਮੁਰਮੁਰੇ ਝਿਊਰੀ ਦੀ ਭੱਠੀ 'ਚ ਭੁਨਾਉਣੇ, ਹੋਰ ਪੱਕ ਜਾਵਣ ਤਾਂ ਖਿੱਲਾਂ। ਸਿਆਲਾਂ ਨੂੰ ਵੇਲਣੇ ਚਲਣੇ ਤੇ ਹਵਾ ਤੱਤੇ ਗੁੜ ਤੇ ਰਾਬ ਦੀ ਮਹਿਕ ਨਾਲ ਭਰ ਜਾਣੀ। ਕਿੰਨੀ ਸੁਆਦਲੀ ਹੈ ਤੱਤੇ ਤੱਤੇ ਗੁੜ ਤੇ ਰਾਬ ਦੀ ਮਹਿਕ ? ਮੈਨੂੰ ਹਾਲੇ ਤਾਈਂ ਵੀ ਆਉਂਦੀ ਹੈ। ਰਾਤ ਨੂੰ ਭੱਠੀ ਕੋਲ ਹੀ ਕੰਬਲ ਵਲ੍ਹੇਟ ਕੇ ਖੋਰੀ 'ਤੇ ਪੈ ਜਾਣਾ ਤੇ ਜੱਟਾਂ ਦੀਆਂ ਗੱਲਾਂ ਸੁਣਨੀਆਂ। ਗਪੋਸ਼ਟੀਆਂ ਵਿਚ ਬੋਦਲਾਂ ਵਾਲਿਆਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਅੱਧਾ ਪਿੰਡ ਵਿਹਲਾ ਹੈ ਤੇ ਥੜ੍ਹਿਆਂ ਦੇ ਮੁੱਢਾਂ ਉਤੇ ਢਾਣੀਆਂ ਦੀਆਂ ਢਾਣੀਆਂ ਬੈਠੀਆਂ ਦਿਸਦੀਆਂ ਹਨ।

ਜਦ ਪਾਲਾ ਵਧ ਜਾਂਦਾ ਤਾਂ ਦੀਵਾਨਖ਼ਾਨੇ ਦੇ ਵਰਾਂਡੇ ਵਿਚ ਧੂਣੀ ਸੇਕਣੀ, ਨਾਲੇ ਜੱਟਾਂ ਨੇ ਸਣ ਕਢਣੀ ਦੇ ਸੇਤ੍ਹਣੀਆ ਨੂੰ ਜਲਾਉਣਾ। ਗੋਪੀ ਚੰਦ, ਬਿਕਰਮਾਜੀਤ, ਰਾਜਾ ਭੋਜ ਤੇ ਪੂਰਨ ਭਗਤ ਦੀਆਂ ਕਹਾਣੀਆਂ ਬੜੇ ਗ਼ੌਰ ਨਾਲ ਸੁਣਨੀਆਂ। ਕਦੇ ਕਦੇ ਜੱਟਾ ਨੂੰ ਸਾਇੰਸ

ਸਮਝਾਉਣ ਦੀ ਕੋਸ਼ਿਸ਼ ਕਰਨੀ ਤੇ ਦਸਣਾ ਕਿ ਧਰਤੀ ਗੋਲ ਹੈ ਤੇ ਸੂਰਜ ਦੇ ਆਲੇ-ਦੁਆਲੇ ਘੁੰਮਦੀ ਹੈ। ਇਕ ਰਾਜਾ ਸਿੰਘ ਮਹੀਆਂ ਦਾ ਵਪਾਰੀ ਸੀ। ਉਸ ਨੇ ਪੈਸਾ ਵੀ ਕਾਫ਼ੀ ਜੋੜਿਆ ਸੀ, ਪਰ ਰਹਿੰਦਾ ਸੀ ਬਹੁਤ ਮੈਲੀ ਕੁਚੈਲੀ ਕੋਠੜੀ ਵਿਚ। ਉਹਨੂੰ ਕਹਿਣਾਂ, “ਚਾਚਾ ਘੋਰ ਨਰਕ ਵਿਚ ਕਿਉਂ ਰਹਿਨਾਂ ਹੈਂ, ਪੈਸਾ ਨਾਲ ਬੰਨ੍ਹ ਕੇ ਲੈ ਜਾਵੇਂਗਾ ? ਇਕ ਹਵਾਦਾਰ ਕੋਠਾ ਛੱਤ ਲੈ।" ਉਸ ਨੇ ਕਹਿਣਾ “ਉਦੋਂ ਛੱਤਾਂਗੇ ਜਦੋਂ ਧਰਤੀ ਘੁੰਮਣੋਂ ਹਟ ਜਾਊ ਕਿਤੇ ਕੋਠੇ ਦਾ ਮੂੰਹ ਹੀ ਦੂਸਰੇ ਪਾਸੇ ਨਾ ਹੋ ਜਾਵੇ।"

ਪੋਹ ਦੇ ਮਹੀਨੇ ਪਾਲਾ ਹੋਰ ਵਧ ਜਾਂਦਾ ਹੈ। ਪਹਾੜ ਵਲੋਂ ਢਾਡੂ ਚਲਦਾ ਰਾਤ ਨੂੰ ਕੁਹਰਾ/ ਜੰਮਦਾ ਤੇ ਛੱਪੜਾਂ 'ਤੇ ਬਰਫ਼ ਦੀ ਤਹਿ ਜੰਮ ਜਾਂਦੀ। ਧੁੱਪ ਵਿਚ ਸੂਰਜ ਇੰਜ ਵਿਖਾਈ ਦਿੰਦਾ ਜਿਵੇਂ ਚੰਦ ਹੋਵੇ। ਮੱਝਾਂ ਪਾਣੀ ਪੀਣ ਨੂੰ ਛੱਪੜ ਵਲ ਨੱਸਦੀਆਂ, ਥੋਥਨੀ ਪਾਣੀ ਵਿਚ ਵਾੜਦੀਆਂ, ਪਰ ਸੁੰਨ ਲੱਗਦੇ ਸਾਰ ਝਟ ਹੀ ਬਾਹਰ ਕਢ ਲੈਂਦੀਆਂ। ਖੇਸ ਦੀ ਝੁੰਮ ਮਾਰੀ ਤੇ ਬਾਹਾਂ ਦੀ ਕੈਂਚੀ ਬਣਾਈ ਜੱਟ ਠੁਰ ਠੁਰ ਕਰਦੇ, ਪਰ ਆਪਣੇ ਕੰਮ ਹਿੰਮਤ ਨਾਲ ਕਰੀ ਜਾਂਦੇ। ਮੈਨੂੰ ਪਾਲਾ ਬਹੁਤ ਲੱਗਦਾ ਹੈ। ਗਰਮ ਸਵੈਟਰ ਤੇ ਕੋਟ ਪਾਈ ਤੇ ਸਿਰ 'ਤੇ ਗਰਮ ਗਲੂਬੰਦ ਲਪੇਟੀ ਜਦ ਸਵੇਰੇ ਘਰੋਂ ਨਿਕਲਣਾ ਤੇ ਖੇਤਾਂ ਵਲ ਜੰਗਲ ਪਾਣੀ ਜਾਣਾ, ਤਾਂ ਚਰਨ ਸਿੰਘ ਮਸੰਦ ਨੇ ਕਹਿਣਾ, "ਸਰਦਾਰ ਜੀ ਤੁਸੀਂ ਪੂਣੀ ਵਾਂਗ ਲਿਪਟੇ ਹੋਏ ਕਿਥੇ ਜਾ ਰਹੇ ਹੋ ?" ਪੋਹ ਦੇ ਮਹੀਨੇ ਕੋਠੇ 'ਤੇ ਧੁੱਪ ਸੇਕਣ ਦਾ ਬੜਾ ਸਵਾਦ ਹੈ, ਤੇ ਸਾਗ ਤੇ ਮੱਕੀ ਦੀ ਰੋਟੀ ਤਾਂ ਕੁਝ ਹੋਰ ਹੀ ਅਨੰਦ ਦੇਂਦੀ ਹੈ।

ਫੱਗਣ, ਚੇਤ ਵਿਚ ਖੇਤਾਂ ਵਿਚ ਖੂਬ ਬਹਾਰਾਂ ਹੋਣੀਆਂ। ਸਰ੍ਹੋਂ ਦੇ ਪੀਲੇ ਫੁੱਲਾਂ ਨਾਲ ਕਣਕਾਂ ਦੇ ਖੇਤ ਇੰਜ ਲੱਗਣੇ ਜਿਵੇਂ ਇਕ ਸਾਵੀ ਤਸਵੀਰ ਪੀਲੇ ਚੌਖਟੇ ਵਿਚ ਜੜੀ ਹੋਵੇ। ਸਾਗ ਤੋੜਨ ਵਾਲੀਆਂ ਦੇ ਲਾਲ, ਪੀਲੇ, ਨੀਲੇ, ਦੁਪੱਟੇ ਹਰੀਆਂ ਫ਼ਸਲਾਂ ਵਿਚ ਕਿੰਨੇ ਸੁਹਣੇ ਲੱਗਦੇ ਹਨ। ਮੁੰਡਿਆਂ ਨੇ ਛੋਲਿਆਂ ਦੀਆਂ ਟਾਂਟਾਂ ਤੇ ਪਟਾਕੇ ਵਜਾਉਣੇ ਤੇ ਜੌਂਆਂ ਦੀਆਂ ਕੂੰਬਲਾਂ ਦੀਆਂ ਪੀਪਣੀਆਂ। ਨੰਗੇ ਪੈਰੀਂ ਠੰਢੀ ਰੇਤ 'ਤੇ ਚਲਣਾ ਤਾਂ ਹੋਰ ਵੀ ਸਵਾਦ ਆਉਣਾ। ਇਹ ਜ਼ਿਮੀਂਦਾਰਾਂ ਲਈ ਵਿਹਲ ਦਾ ਮਹੀਨਾ ਹੈ। ਵਿਸਾਖੀ ਦੇ ਮੇਲੇ 'ਤੇ ਘੋਲ ਹੋਣੇ ਤੇ ਮੁੰਡਿਆਂ ਨੇ ਲੱਡੂ ਜਲੇਬੀਆਂ ਰੱਜ ਰੱਜ ਕੇ ਖਾਣੀਆਂ।

ਜਦ ਕਣਕਾਂ ਦੀਆਂ ਵਾਢੀਆਂ ਹੋ ਚੁਕਦੀਆਂ ਤਾਂ ਜ਼ਿਮੀਂਦਾਰ ਗਹਾਈ ਵਿਚ ਰੁਝ ਜਾਂਦੇ। ਜਲਦੀ ਜਲਦੀ ਧੁੱਪ ਵਿਚ ਫਲ੍ਹੇ ਚਲਣੇ ਤੇ ਛੱਜਾਂ ਨਾਲ ਉਡਾਈਆਂ ਹੋਣੀਆਂ। ਜਦ ਜੇਠ ਹਾੜ ਦੇ ਮਹੀਨੇ ਦਾਣੇ ਘਰ ਆ ਜਾਂਦੇ ਤਾਂ ਨੇਂਦਿਆਂ ਦਾ ਦੌਰ ਸ਼ੁਰੂ ਹੋਣਾ। ਇਨ੍ਹਾਂ ਨੇਂਦਿਆਂ

ਵਿਚ ਪਿੰਡ ਦੇ ਲੋਕ ਇਕ ਦੂਜੇ ਨੂੰ ਦਾਅਵਤਾਂ ਖਵਾਉਂਦੇ-ਮਾਂਹ ਦੀ ਦਾਲ ਤੇ ਮਿਰਚਾਂ ਨਾਲ ਲਾਲ ਰੰਗਿਆ ਹੋਇਆ ਖੱਟੀ ਲੱਸੀ ਦੇ ਪਕੌੜੀਆਂ ਦਾ ਰੈਤਾ ਤੇ ਲੋਹ ਦੇ ਮੁੰਡੇ। ਇਹ 1918 ਦੀ ਗੱਲ ਹੈ, ਜਦ ਪਿੰਡਾਂ ਵਿਚ ਚੋਣਾਂ ਦੀ ਬੀਮਾਰੀ ਨਹੀਂ ਸੀ ਆਈ ਤੇ ਲੋਕ ਮੈਂਬਰੀਆਂ, ਮਨਿਸਟਰੀਆਂ ਦੇ ਸੁਫ਼ਨੇ ਨਹੀਂ ਸੀ ਲੈਂਦੇ, ਸਾਰੇ ਬੜੇ ਪਿਆਰ ਸਲੂਕ ਨਾਲ ਰਹਿੰਦੇ ਤੇ ਇਕ ਦੂਜੇ ਦੇ ਦੁਖ ਸੁਖ ਦੇ ਸਾਂਝੀ ਹੁੰਦੇ ਹਨ।

ਜਦ ਮੂੰਹ ਝਾਖਰਾ ਹੀ ਹੋਣਾ ਤੇ ਹਾਲੀ ਸਵੇਰ ਦਾ ਤਾਰਾ ਚਮਕਦਾ ਹੋਣਾ ਤਾਂ ਅਸੀਂ ਰੋਟੀਆਂ ਤੇ ਅੰਬ ਦਾ ਅਚਾਰ ਪਰਨੇ ਵਿਚ ਬੰਨ੍ਹ ਕੇ ਬਲੱਗੜਾਂ ਦੇ ਸਕੂਲ ਨੂੰ ਜਾਣਾ। ਬਹੁਤ ਸਾਰਿਆਂ ਨੇ ਤਾਂ ਸਕੂਲ ਪਹੁੰਚ ਜਾਣਾ, ਪਰ ਕਈਆਂ ਨੇ ਪੀਰ-ਫਲਾਹੀ ਹੀ ਰਹਿ ਜਾਣਾ ਤੇ ਸ਼ਾਮ ਨੂੰ ਘਰ ਆ ਕੇ ਦਸਣਾ ਕਿ ਪੜ੍ਹ ਆਏ ਹਾਂ।

ਬਹੁਤ ਸਾਰੇ ਲੋਕ ਗਰਮੀ ਨਹੀਂ ਪਸੰਦ ਕਰਦੇ। ਪਰ ਮੈਨੂੰ ਗਰਮੀਆਂ ਦੇ ਮਹੀਨੇ ਬਹੁਤ ਚੰਗੇ ਲੱਗਦੇ। ਦਿਨੇ ਠੰਢੇ ਪਾਣੀ ਨਾਲ ਨਹਾਉਣ ਦਾ ਸਵਾਦ ਤੇ ਰਾਤ ਕੋਠੇ ਦੀ ਛੱਤ ਉਤੇ ਸੌਣ ਦਾ ਆਨੰਦ। ਖੁਲ੍ਹੇ ਆਸਮਾਨ ਹੇਠਾਂ ਸੌਂ ਕੇ ਕੁਦਰਤ ਨਾਲ ਸਿੱਧਾ ਸੰਬੰਧ ਪੈਦਾ ਹੋ ਜਾਂਦਾ ਹੈ। ਮੰਜੇ 'ਤੇ ਪੈ ਕੇ ਚੰਨ ਤਾਰਿਆਂ ਵਲ ਵੇਖਣਾ ਤੇ ਵੇਖ-ਵੇਖ ਕੇ ਰੱਜਣਾ। ਚੰਨ ਦਾ ਅਸਮਾਨ ਵਿਚ ਰੋਜ਼ਾਨਾ ਸਫ਼ਰ ਕਿੰਨਾ ਸਵਾਦਲਾ ਹੈ। ਪਹਾੜਾਂ ਦੇ ਪਿਛੋਕੜ 'ਚੋਂ ਧੁੰਦਲੀ ਜਿਹੀ ਰੌਸ਼ਨੀ ਦਿਸਣੀ ਦੇ ਹੌਲੀ ਹੌਲੀ ਤੇਜ਼ ਹੋਣੀ ਤੇ ਸਾਰੇ ਅਸਮਾਨ ਵਿਚ ਫੈਲ ਜਾਣੀ। ਚੰਨ ਦੇ ਬੱਦਲਾਂ ਦੀ ਲੁਕਣ ਮੀਚੀ ਨੇ ਹੋਰ ਵੀ ਸਵਾਦ ਦੇਣਾ। ਧਰੂ ਤਾਰੇ ਦੇ ਸਤ ਰਿਸ਼ੀਆਂ ਨੂੰ ਉੱਤਰੀ ਆਕਾਸ਼ ਵਿਚ ਬੜੀ ਨੀਝ ਨਾਲ ਵੇਖਣਾ ਤੇ ਧਰੂ ਭਗਤ ਦੀ ਕਹਾਣੀ ਯਾਦ ਆਉਂਦੀ। 'ਛੜਿਆਂ ਦੇ ਰਾਹ' (ਮਿਲਕੀ ਵੇ) ਨੇ ਹਨੇਰੀ ਰਾਤ ਵਿਚ ਹੋਰ ਵੀ ਚਮਕਣਾ ਤੇ ਖ਼ਿਆਲ ਆਉਣਾ ਕਿ ਇਸ ਧੁੰਦਲੀ ਜਿਹੀ ਆਸਮਾਨੀ ਪੇਟੀ ਵਿਚ ਲੱਖਾਂ ਸੂਰਜ ਤੇ ਸ੍ਰਿਸ਼ਟੀਆਂ ਘੁੰਮ ਰਹੀਆਂ ਹਨ ਤੇ ਕਈਆਂ ਵਿਚ ਜ਼ਿੰਦਗੀ ਸਾਡੀ ਧਰਤੀ ਨਾਲੋਂ ਵੀ ਅਗਾਂਹ ਵਧੀ ਹੋਈ ਹੋਵੇਗੀ? ਇਕ ਤਾਰਿਆਂ ਦਾ ਗੁੱਛਾ ਜਿਹਾ ਹੈ, ਜਿਸ ਨੂੰ ਤੰਗਲੀ ਕਹਿੰਦੇ ਹਨ। ਇਸ ਨੂੰ ਵੇਖ ਕੇ ਵਕਤ ਦਾ ਅੰਦਾਜ਼ਾ ਲਾਉਣਾ ਤੇ ਸੌਣ ਦੀ ਤਿਆਰੀ ਕਰਨੀ। ਕੁੱਤਿਆਂ ਦੀ ਚਊਂ ਚਊਂ ਨੇ ਰਾਤ ਦੀ ਚੁੱਪ ਨੂੰ ਹੋਰ ਵੀ ਉਘਾੜਨਾ। ਰਾਤ ਦੀ ਚੁੱਪ ਵਿਚ ਕਿੰਨੀ ਸ਼ਾਂਤੀ ਹੁੰਦੀ ਹੈ ਤੇ ਇਸ ਤੋਂ ਹੀ ਸਾਨੂੰ ਤਾਕਤ ਤੇ ਜ਼ਿੰਦਗੀ ਮਿਲਦੀ ਹੈ। ਕਦੇ ਕਦਾਈਂ ਤੜਕਸਾਰ ਹੀ ਅੱਖ ਖੁਲ੍ਹ ਜਾਣੀ ਦੇ ਸਵੇਰ ਦੇ ਤਾਰੇ ਵਲ ਵੇਖਣਾ। ਇਸ ਦੀ ਚਮਕ ਕਿੰਨੀ ਭਲੀ ਲੱਗਦੀ ਹੈ ਤੇ ਇੰਜ ਮਾਲੂਮ ਹੁੰਦਾ ਹੈ ਜਿਵੇਂ ਇਹ ਆਸਮਾਨ ਦਾ ਦੀਵਾ ਹੋਵੇ। ਇਸ ਵੇਲੇ ਸਾਰਾ ਪਿੰਡ ਸੌਂ ਰਿਹਾ ਹੋਣਾ ਤੇ ਮੈਨੂੰ ਇੰਜ ਲੱਗਣਾ ਜਿਵੇਂ ਸਾਰੀ ਪ੍ਰਕਿਰਤੀ ਦੀ ਸੁੰਦਰਤਾ ਦਾ ਮਾਲਕ ਮੈਂ ਹੀ ਹੋਵਾਂ ਤੇ ਇਸ ਦੇ ਭੇਤ

ਮੈਨੂੰ ਹੀ ਮਾਲੂਮ ਹੋਣ। ਇਸ ਦੀ ਸੁੰਦਰਤਾ ਨੂੰ ਮਾਣਦੇ ਆਪਣਾ ਆਪ ਬਿਲਕੁਲ ਭੁਲ ਜਾਣਾ ਤੇ ਇਕ ਖੁਮਾਰੀ ਜਿਹੀ ਚੜ੍ਹ ਜਾਣੀ।

ਅੰਬਾਂ ਦੇ ਬਾਗ਼ ਹੁਸ਼ਿਆਰਪੁਰ ਦੇ ਵਸਨੀਕਾਂ ਨੂੰ ਨਾ ਸਿਰਫ਼ ਜਿਸਮਾਨੀ ਖ਼ੁਰਾਕ ਹੀ ਦਿੰਦੇ ਹਨ, ਇਨ੍ਹਾਂ ਤੋਂ ਪੇਂਡੂ ਜਨਤਾ ਨੂੰ ਰੂਹਾਨੀ ਖ਼ੁਰਾਕ ਵੀ ਮਿਲਦੀ ਹੈ। ਹਰ ਇਕ ਬਾਗ਼ ਵਿਚ ਸੰਤਾਂ ਦਾ ਡੇਰਾ ਹੁੰਦਾ ਹੈ ਤੇ ਲੋਕ ਵਿਹਲੇ ਵੇਲੇ ਬਾਣੀ ਦਾ ਪਾਠ ਸੁਣਨ ਆਉਂਦੇ। ਸਾਡੇ ਪਿੰਡ ਦੇ ਬਾਗ਼ ਵਿਚ ਸੰਤ ਨਰਾਇਣ ਸਿੰਘ, ਸੰਤ ਹਰਨਾਮ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਬੜੀ ਰੌਣਕ ਲਾ ਛੱਡੀ ਸੀ। ਗਰਮੀ ਦੀਆਂ ਛੁੱਟੀਆਂ ਵਿਚ ਸਰੋਤਿਆਂ ਵਿਚ ਅਸੀਂ ਵੀ ਸ਼ਾਮਲ ਹੋ ਜਾਂਦੇ। ਸੰਤ ਨਰਾਇਣ ਸਿੰਘ ਬੜੇ ਨੇਕ ਇਨਸਾਨ ਸਨ, ਚਿੱਟਾ ਭਰਵਾਂ ਦਾਹੜਾ, ਚਿਹਰੇ ਉਤੇ ਨੂਰ, ਤੇ ਮਿੱਠਾ ਬੋਲ। ਜਦ ਵੀ ਗੱਲ ਕਰਨ, ਸ਼ਾਂਤੀ ਤੇ ਖੁਸ਼ੀ ਦੇਣ। ਸੰਤ ਹਰਨਾਮ ਸਿੰਘ ਯੋਗ ਵਸ਼ਿਸ਼ਟ ਤੇ ਸੂਰਜ ਪ੍ਰਕਾਸ਼ ਦੀ ਬੜੀ ਅੱਛੀ ਕਥਾ ਕਰਦੇ ਤੇ ਅਸੀਂ ਬੜੇ ਧਿਆਨ ਨਾਲ ਸੁਣਦੇ।

ਬਾਗ਼ਾਂ ਵਿਚ ਬੜੀ ਸਫ਼ਾਈ ਰਹਿੰਦੀ ਤੇ ਝਾੜੂ ਦੇਣ ਵਾਲਿਆਂ ਦੀ ਕੋਈ ਕਮੀ ਨਾ ਰਹਿੰਦੀ। ਕਹਿੰਦੇ ਹਨ ਕਿ ਭਾਦੋਂ ਦੀਆਂ ਕੜਕਦੀਆਂ ਧੁੱਪਾਂ ਜੱਟ ਨੂੰ ਸਾਧ ਬਣਾ ਦਿੰਦੀਆਂ ਹਨ। ਸੰਤਾਂ ਦਾ ਸੇਵਾਦਾਰ ਇਕ ਗੰਗੂ ਨਾਮ ਦਾ ਜੱਟ ਸੀ। ਗੋਡੀਆਂ ਤੋਂ ਅੱਕਿਆ ਹੋਇਆ ਬਾਗ਼ੀ ਆ ਗਿਆ। ਮੈਂ ਪੁੱਛਿਆ, "ਗੰਗੂ ਕੋਈ ਭਜਨ ਪਾਠ ਵੀ ਕਰਦਾ ਹੈਂ ?" ਉਹ ਬੋਲਿਆ, "ਸਮਾਧੀ ਤਾਂ ਲੱਗਣ ਹੀ ਨਹੀਂ ਦਿੰਦੇ, ਕਦੀ ਕਹਿੰਦੇ ਪਾਣੀ ਭਰ, ਕਦੀ ਕਹਿੰਦੇ ਝਾੜੂ ਦੇਹ।"

ਸਰੋਤਿਆਂ ਵਿਚੋਂ ਗੁਆਂਢੀ ਪਿੰਡ ਦਾ ਰਾਜਪੂਤ ਚੌਧਰੀ ਭੀਖੇ ਖਾਂ ਸੰਤਾਂ ਦਾ ਤੇ ਗੁਰਬਾਣੀ ਦਾ ਬੜਾ ਪ੍ਰੇਮੀ ਸੀ। ਅੰਬਾਂ ਹੇਠਾਂ ਮੰਜਿਆਂ ਦੀ ਕਤਾਰ ਲੱਗੀ ਹੋਣੀ ਤੇ ਸਭ ਤੋਂ ਚੌੜੇ ਮੰਜੇ 'ਤੇ ਚੌਧਰੀ ਸਾਹਿਬ ਬਰਾਜਮਾਨ ਹੋਣੇ। ਨਾਲੇ ਸੁੱਖੇ ਦਾ ਦੌਰ ਚਲਣਾ ਤੇ ਨਾਲੇ ਕਥਾ ਹੋਣੀ। ਚੌਧਰੀ ਸਾਹਿਬ ਬੜੇ ਵਿਸ਼ਾਲ ਦਿਲ ਦੇ ਸਨ। ਅੱਧੀ ਕੁ ਜ਼ਮੀਨ ਸਾਡੇ ਚਾਚੇ ਸਰਦਾਰ ਮਿਹਰ ਸਿੰਘ ਦੇ ਕੋਲ ਗਹਿਣੇ ਧਰ ਚੁਕੇ ਹਨ। ਮਿਹਰ ਸਿੰਘ ਬੜੇ ਕਿਰਸੀ ਸਨ ਤੇ ਸੰਤਾਂ ਨੂੰ ਚੜ੍ਹਾਵਾ ਘਟ ਹੀ ਚੜਾਉਂਦੇ ਸਨ। ਕਿਰਸੀ ਵੀ ਕਿਉਂ ਨਾ ਹੁੰਦੇ ਬੜੀ ਮਿਹਨਤ ਮੁਸ਼ੱਕਤ ਨਾਲ ਦੌਲਤ ਪੈਦਾ ਕੀਤੀ ਸੀ। ਜਦ ਮੀਂਹ ਪੈਂਦਾ ਤਾਂ ਟਾਹਲੀਆਂ ਲਾਉਂਦੇ ਤੇ ਹੋਰ ਕੋਈ ਕੰਮ ਦਾ ਹੋਣਾ ਤਾਂ ਸਣ ਹੀ ਕਢਣੀ ਜਾਂ ਗੰਡਾਸੇ ਨਾਲ ਪੱਠੇ ਕੁਤਰਨੇ। ਸੰਤ ਹਰਨਾਮ ਸਿੰਘ ਹਮੇਸ਼ਾ ਇਹੋ ਪਰਚਾਰ ਕਰਦੇ, "ਮਾਇਆ ਦੇ ਜਾਲ ਵਿਚ ਫਸਣਾ ਨਹੀਂ ਚਾਹੀਦਾ। ਜੋ ਕਮਾਓ ਉਸ ਵਿਚੋਂ ਸਾਧਾਂ ਸੰਤਾਂ ਦੀ ਸੇਵਾ ਕਰੋ।"

ਮਿਹਰ ਸਿੰਘ ਦੀ ਕਿਰਸ ਤੇ ਸੰਜਮ ਨੂੰ ਸਾਹਮਣੇ ਰੱਖਦੇ ਹੋਏ ਉਹ ਕਬੀਰ ਸਾਹਿਬ ਦਾ ਇਹ ਸ਼ਬਦ ਉਚਾਰਨ ਕਰਦੇ :

"ਸੂਮੇ ਧਨ ਰਾਖਨ ਕੋ ਦੀਆ

ਮੂਰਖ ਕਹੇ ਧਨ ਮੇਰਾ।
ਜਮ ਕਾ ਡੰਡ ਮੂੰਡ ਮੇਂ ਲਾਗੇ
ਖਿਨ ਮੇਂ ਕਰੇ ਨਬੇਰਾ।"

ਜਦ ਪਿਛਲੀਆਂ ਦੋ ਲਾਈਨਾਂ ਉਚਾਰਨੀਆਂ, ਤਾਂ ਚੌਧਰੀ ਭੀਖੇ ਖਾਂ ਨੇ ਵੀ ਸਾਥ ਹੀ ਬੋਲਣਾ ਤੇ ਬੜਾ ਹਾਸਾ ਪੈਣਾ।

ਅੰਮ੍ਰਿਤ ਵੇਲੇ ਸੰਤਾਂ ਨੇ ਖੂਹੀ ਉਤੇ ਇਸ਼ਨਾਨ ਕਰਨਾ, ਤੇ ਮੈਂ ਢੀਂਗਲੀ ਨਾਲ ਡੋਲ ਕਢਣੇ। ਪਾਲੇ ਦਾ ਮੌਸਮ ਹੋਣਾ, ਪਾਣੀ 'ਚੋਂ ਭਾਫ਼ਾ ਨਿਕਲਣੀਆਂ ਤੇ ਸੰਤਾਂ ਨੇ ਕਛਹਿਰਾ ਮਲਣਾ ਤੇ ਕਹਿਣਾ, "ਰਾਮ ਦਾਸ ਸਰੋਵਰ ਨਾਤੇ ਸਭ ਉਤਰੇ ਪਾਪ ਕਮਾਤੇ।" ਸੰਤਾਂ ਦੀ ਸੇਵਾ ਕਰ ਕੇ ਬੜਾ ਸਵਾਦ ਆਉਣਾ। ਇਨ੍ਹਾਂ ਰਸਮਾਂ ਨਾਲ ਹੀ ਨਿਮਰਤਾ ਤੇ ਸੇਵਾ ਭਾਵ ਪੈਦਾ ਹੁੰਦਾ ਹੈ ਜੋ ਅੱਜ ਕਲ੍ਹ ਖ਼ਤਮ ਹੋ ਰਿਹਾ ਹੈ।

ਖੂਹੀ ਦੇ ਕੋਲ ਜਿਥੇ ਜ਼ਿੰਦਗੀ ਦੇ ਨਜ਼ਾਰੇ ਵਿਖਾਈ ਦੇਣੇ, ਉਥੇ ਮੌਤ ਦੀਆਂ ਝਲਕਾਂ ਵੀ ਦਿਸਣੀਆਂ। ਪਿੰਡ ਵਿਚ ਕਿਸੇ ਦੀ ਮ੍ਰਿਤੂ ਹੋ ਜਾਣੀ ਤਾਂ ਬਾਹਰੋਂ ਮਕਾਣਾਂ ਆਉਣੀਆਂ। " ਤੀਵੀਆਂ ਦੇ ਜਥਿਆਂ ਨੇ ਖੂਹੀ ਕੋਲ ਡੇਰੇ ਲਾਉਣੇ। ਪਹਿਲਾਂ ਤਾਂ ਸਾਰੀਆਂ ਹੱਸਦੀਆਂ ਖੇਡਦੀਆਂ ਹੋਣੀਆਂ, ਪਰ ਖੂਹੀ ਕੋਲ ਆ ਕੇ ਸਾਰੀਆਂ ਨੇ ਘੱਗਰੇ ਮੋਢਿਆਂ ਤੋਂ ਲਾਹ ਕੇ ਪਹਿਨ ਲੈਣੇ ਤੇ ਝਟ ਕੀਰਨੇ ਪਾਉਣ ਲੱਗ ਜਾਣਾ। ਪਿੰਡ ਪਹੁੰਚਦੇ ਸਾਰ ਹੀ, ਮੀਰਜ਼ਾਦੀ ਨੇ ਸਭ ਦਾ ਚਾਰਜ ਲੈ ਲੈਣਾ ਤੇ "ਹਾਇ ਹਾਇ ਸ਼ੇਰਾ" ਕਹਿ ਕੇ ਪਰੇਡ ਕਰਾਉਣੀ।

ਗਰਮੀਆਂ ਦੇ ਮਹੀਨਿਆਂ ਵਿਚ ਜਦ ਮੀਹਾਂ ਦੀਆਂ ਉਡੀਕਾਂ ਹੁੰਦੀਆਂ ਹਨ, ਤਾਂ ਪਿੰਡ ਵਾਲਿਆਂ ਨੂੰ ਕੰਮ ਘੱਟ ਹੁੰਦਾ ਹੈ। ਛਿੰਝਾਂ ਪੈਂਦੀਆਂ ਤੇ ਪਿੰਡ ਦੇ ਪਹਿਲਵਾਨ ਬਦਾਮ ਖਾ ਕੇ ਕਸਰਤਾਂ ਕਰਦੇ ਤੇ ਮਿਲਖੀ ਅਪਣਾ ਪੰਜ ਮਣ ਦਾ ਵੱਟਾ ਚੁੱਕਦਾ। ਟਾਹਲੀਆਂ ਦੀਆਂ ਝਿੜੀਆਂ ਵਿਚ ਕੁਲਾਰਾਂ ਵਾਲੇ ਨਕਲੀਏ ਸਾਰਾ ਜ਼ੋਰ ਲਾ ਲਾ ਕੇ ਨਕਲਾਂ ਲਾਉਂਦੇ। ਕਈ ਵਾਰ ਲੋਕੀ ਕਾਫ਼ੀ ਦੇਰ ਤਾਈਂ ਉਨ੍ਹਾਂ ਨੂੰ ਕੋਈ ਪੈਸਾ ਨਾ ਦਿੰਦੇ ਤਾਂ ਉਹ ਆਪੇ ਵਿਚੀ ਗੱਲ ਬਾਤ ਦਾ ਢੰਗ ਇਸ ਤਰ੍ਹਾਂ ਪਰਤਾਉਂਦੇ "ਭਾਈ! ਇਹ ਲੱਗਦਾ ਤਾਂ ਪਿੰਡ ਸ਼ੌਕੀਨਾਂ ਦਾ ਏ, ਪਰ ਹੈਨ ਠੰਢੇ ਠਾਰ ਲੱਗਦਾ ਹੈ ਜਿਵੇਂ ਸਾਰਿਆਂ ਨੇ ਧਨੀਆਂ-ਪੀਤਾ ਹੋਇਆ ਹੋਵੇ।" ਇਹ ਸੁਣ ਦੁਨੀਆਂ ਹੱਸ ਹੱਸ ਕੇ ਲੋਟ ਪੋਟ ਹੋ ਜਾਂਦੀ ਅਤੇ ਨਕਲੀਆ ਫੇਰ ਆਪਣੀ ਗੱਲ ਸ਼ੁਰੂ ਕਰ ਦਿੰਦਾ :

"ਇਕ ਚੀਜ਼ ਐਸੀ ਹੈ ਜਿਹੜੀ ਰੱਬ ਪਾਸ ਵੀ ਹੈ ਨਹੀਂ।"

"ਕੀ?"

"ਰੱਬ ਪਾਸ ਗੁੱਸਾ ਹੈ ਨਹੀਂ।"

"ਇਕ ਚੀਜ਼ ਐਸੀ ਹੈ ਜਿਹੜੀ ਆਸਮਾਨ ਵਿਚ ਹੈ ਨਹੀਂ।"

"ਉਹ ਕੀ ?”

"ਦਰੱਖ਼ਤ।”

"ਇਕ ਚੀਜ਼ ਐਸੀ ਜਿਹੜੀ ਧਰਤੀ 'ਤੇ ਹੈ ਨਹੀਂ!"

"ਉਹ ਕੀ ?"

"ਤਾਰੇ!"

"ਇਕ ਚੀਜ਼ ਐਸੀ ਜਿਹੜੀ ਇਨ੍ਹਾਂ ਚੌਧਰੀਆਂ ਪਾਸ ਵੀ ਹੈ ਨਹੀਂ।"

"ਉਹ ਕੀ ?”

"ਇਨ੍ਹਾਂ ਪਾਸ ਨਾਂਹ ਹੈ ਨਹੀਂ!"

ਅਤੇ ਵਿਆਹੁਣ ਆਏ ਜੱਟ ਚੌਧਰੀ ਸ਼ਰਮਾ ਕੇ ਸੁਣਦੇ ਸਾਰ ਹੀ ਝਟ ਰੁਪਈਆ ਕੱਢ ਕੇ ਨਕਲੀਆਂ ਨੂੰ ਫੜਾ ਦਿੰਦੇ।

ਇਸ ਤਰ੍ਹਾਂ ਲੋਕ ਖ਼ੁਸ਼ੀਆਂ ਮਾਣਦੇ ਤੇ ਲੁੱਡੀਆਂ ਪਾਉਂਦੇ ਰਹਿੰਦੇ।

ਰਾਤਾਂ ਨੂੰ ਰਾਸਾਂ ਪੈਂਦੀਆਂ। ਰਾਸਧਾਰੀਏ ਆਮ ਤੌਰ ਤੇ ਕ੍ਰਿਸ਼ਨ ਲੀਲ੍ਹਾ ਹੀ ਕਰਦੇ ਅਤੇ ਬਾਰਾਂ ਬਾਰਾਂ ਸਾਲ ਦੇ ਮੁੰਡੇ ਮੂੰਹ ’ਤੇ ਆਟਾ ਮਲ ਕੇ ਗੋਪੀਆਂ ਬਣਦੇ। ਗੋਪੀਆਂ ਨੂੰ ਵੇਖ ਜੱਟ ਬੜਾ ਖੋਹਰੂ ਪਾਉਂਦੇ ਅਤੇ ਦੁਆਨੀਆਂ ਦਾ ਮੀਂਹ ਵਰ੍ਹਾ ਦਿੰਦੇ।

ਕਦੇ ਕਦੇ ਜਲਸੇ ਵਾਲਿਆਂ ਦੀ ਪਾਰਟੀ ਵੀ ਆਉਂਦੀ ਜਿਨ੍ਹਾਂ ਵਿਚ ਨਬੀਆਂ, ਕਾਲੂ ਅਤੇ ਮੌਲੇ ਭਰਾਈ ਦੇ ਢੱਡ ਸਾਰੰਗੀ ਵਾਲੀ ਪਾਰਟੀ ਬੜੀਆਂ ਰੌਣਕਾਂ ਲਾਉਂਦੀ। ਜਲਸਾ ਪਾਰਟੀ ਦੇ ਸਾਹਮਣੇ ਪਿੰਡ ਵਿਚ ਤਿੰਨ ਨੱਚਾਰ ਮੁੰਡੇ ਘੱਗਰੇ ਪਾ ਕੇ ਮੋਰਾਂ ਵਾਂਗ ਪੈਲਾਂ ਪਾਉਂਦੇ ਨੱਚਦੇ। ਉਨ੍ਹਾਂ ਦੇ ਪਿੱਛੇ ਢੋਲਕੇ ਵਾਲਾ ਵਜਦ ਵਿਚ ਆ ਕੇ ਢਮਕ ਢਮਕ ਕਰਦਾ ਤੇ ਸਾਰੰਗੀ ਵਾਲਾ ਬੜੀ ਮਸਤੀ ਨਾਲ ਸਾਰੰਗੀ ਵਜਾਉਂਦਾ। ਖੜਤਾਲਾਂ ਵਾਲਾ ਪੋਸਤ ਦੇ ਲੋਰ ਵਿਚ ਢੱਡ ਵਾਲੇ ਨਾਲ ਮਿਲ ਕੇ ਬੋਲ ਚੁਕਦਾ :

"ਦੇਵਾ ਆਦਿ ਕੁਆਰੀਏ

ਤੁਠੜੀਆਂ ਵਰ ਦੇਹ,

ਵਿਚ ਪਹਾੜੀ ਆਸਣ ਤੇਰੇ
ਮੇਰੇ ਕਾਰਜ ਸਿਧ ਕਰ ਦੇਹ।"

ਤੇ ਇਸ ਤੋਂ ਬਾਅਦ ਝੱਟ ਜਲਸਾ ਪਾਰਟੀ ਦੇ ਮੋਢੀ ਨੇ ਦੋਹੜਾ ਚੁਕਣਾ ਤਾਂ ਨੱਚਾਰ ਨੇ ਅਖਾੜੇ ਵਿਚ ਇੰਜ ਦੌੜ ਕੇ ਆਉਣਾ ਜਿਵੇਂ ਕੁੱਕੜ ਕੁਕੜੀ ਵੱਲ।

ਕਦੇ ਕਦੇ ਪਹਾੜ ਦੇ ਝੀਉਰ ਰਾਤ ਜਾਗਰੇ ਕਰਦੇ ਅਤੇ ਪੂਰਨ ਭਗਤ ਦੀ ਕਥਾ ਗਾ ਕੇ ਸੁਣਾਉਂਦੇ। ਇਸ ਤਰ੍ਹਾਂ ਪਿੰਡਾਂ ਦੇ ਲੋਕ ਸ਼ੁਗਲ ਕਰਦੇ ਹੋਏ ਮੋਟੇ ਠੁੱਲ੍ਹੇ ਸੁਭਾਓ ਨਾਲ ਭਰਵੀਆਂ ਖ਼ੁਸ਼ੀਆਂ ਵਿਚ ਵਿਚਰਦੇ ਰਹਿੰਦੇ।

# ਭਾਰਤ ਦੀ ਰੁੱਤ ਮਾਲਾ

ਭਾਰਤ ਦੀ ਰੁੱਤ ਮਾਲਾ ਸਚਮੁੱਚ ਹੀ ਬੜੀ ਰੁਮਾਂਚਿਕ ਹੈ। ਹਿੰਦੂਆਂ ਅਨੁਸਾਰ ਸਾਲ ਵਿਚ ਛੇ ਰੁੱਤਾਂ ਹੁੰਦੀਆਂ ਹਨ ਤੇ ਹਰ ਰੁੱਤ ਦੋ ਕੁ ਮਹੀਨੇ ਚਲਦੀ ਹੈ। ਫੱਗਣ ਤੇ ਚੇਤਰ ਦੇ ਦੋ ਮਹੀਨੇ ਬਸੰਤ ਰੁੱਤ ਦੇ ਹਨ। ਵੈਸਾਖ ਵਿਚ ਸ਼ੁਰੂ ਹੋਈ ਗਰਮੀ ਜੇਠ ਤੇ ਹਾੜ ਦੇ ਦੋ ਮਹੀਨੇ ਜ਼ੋਰਾਂ ਤੇ ਹੁੰਦੀ ਹੈ ਤੇ ਇਸ ਤੋਂ ਬਾਅਦ ਸਾਉਣ ਤੇ ਭਾਦੋਂ ਦੇ ਦੋ ਮਹੀਨੇ ਵਰਖਾ ਦੀ ਰੁੱਤ ਚਲਦੀ ਹੈ। ਅੱਸੂ ਦੇ ਮਹੀਨੇ ਬਾਰਸ਼ਾਂ ਬੰਦ ਹੋ ਜਾਣ ਤੇ ਪਤਝੜ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ। ਇਸ ਮਹੀਨੇ ਦਾ ਨਜ਼ਾਰਾ ਦੇਖਣ ਵਾਲਾ ਹੁੰਦਾ ਹੈ। ਅਸਮਾਨ ਤੇ ਬੱਦਲਾਂ ਦੀ ਕੋਈ ਕੋਈ ਟੁਕੜੀ ਨਜ਼ਰ ਆਉਂਦੀ ਹੈ ਤੇ ਸ਼ਾਮ ਦੇ ਵੇਲੇ ਜਦ ਸੂਰਜ ਡੁਬਦਾ ਹੈ ਲਹਿੰਦਾ ਪਾਸਾ ਸੁਨਹਿਰਾ ਹੀ ਸੁਨਹਿਰਾ ਨਜ਼ਰ ਆਉਣ ਲੱਗ ਪੈਂਦਾ ਹੈ। ਕਤਕ ਦੇ ਮਹੀਨੇ ਧਰਤੀ ਚੰਨ ਦੀ ਚਾਂਦਨੀ ਵਿਚ ਚਾਂਦੀ ਵਾਂਗ ਡਲਕਾਂ ਮਾਰਦੀ ਹੈ। ਮਘਰ ਤੋਂ ਸ਼ੁਰੂ ਪੋਹ ਤਕ ਹੇਮੰਤ ਰੁੱਤ ਚਲਦੀ ਹੈ। ਇਨ੍ਹਾਂ ਦਿਨਾਂ 'ਚ ਸਰਦੀ ਸ਼ੁਰੂ ਹੋ ਚੁਕੀ ਹੁੰਦੀ ਹੈ ਤੇ ਹੁਣ ਹੌਲੀ ਹੌਲੀ ਜ਼ੋਰ ਫੜਨ ਲੱਗ ਪੈਂਦੀ ਹੈ। ਅੱਧ ਪੋਹ ਤੋਂ ਲੈ ਕੇ ਮਾਘ ਦੇ ਅਖ਼ੀਰ ਤਕ ਦੇ ਦਿਨ ਸਰਦੀ ਦੇ ਹਨ। ਇਨ੍ਹਾਂ ਦਿਨਾਂ ਵਿਚ ਸਰਦੀ ਕੜਾਕੇ ਦੀ ਪੈਂਦੀ ਹੈ, ਖੇਤਾਂ ਵਿਚ ਕੱਕਰ ਜੰਮ ਜਾਂਦਾ ਹੈ ਤੇ ਹਿਮਾਲੀਆ ਦੀਆਂ ਪਹਾੜੀਆਂ ਤੇ ਬਰਫ਼ਾਂ ਪੈਂਦੀਆਂ ਰਹਿੰਦੀਆਂ ਹਨ। ਵਰਤਮਾਨ ਤਾਪ-ਮਾਨ ਅਨੁਸਾਰ ਸਾਲ ਨੂੰ ਚਾਰ ਮੌਸਮਾਂ ਵਿਚ ਵੰਡਿਆ ਜਾ ਸਕਦਾ ਹੈ ਬਸੰਤ, ਗਰਮੀ, ਪੱਤਝੜ ਤੇ ਸਰਦੀ। ਇਨ੍ਹਾਂ ਚਵਾਂ ਰੁੱਤਾਂ ਦਾ ਟਾਕਰਾ ਦਿਨ ਦੇ ਚਾਰ ਹਿੱਸਿਆਂ-ਸਵੇਰ, ਦੁਪਹਿਰ, ਸ਼ਾਮ ਤੇ ਰਾਤ ਨਾਲ ਵੀ ਕੀਤਾ ਜਾ ਸਕਦਾ ਹੈ। ਬਸੰਤ ਰੁੱਤ ਦਿਨ ਦੀ ਸਵੇਰ ਵਾਂਗ 'ਤੇ ਗਰਮੀ ਦਿਨ ਦੀ ਦੁਪਹਿਰ ਵਾਂਗ ਹੈ। ਇਸੇ ਤਰ੍ਹਾਂ ਪੱਤਝੜ ਨੂੰ ਸ਼ਾਮ ਤੇ ਸਰਦੀ ਨੂੰ ਰਾਤ ਆਖਿਆ ਜਾ ਸਕਦਾ ਹੈ।

ਭਾਰਤ ਦੇਸ਼ ਵਿਚ ਬਸੰਤ ਰੁੱਤ ਹੋਣ ਦੇ ਨਾਲ ਹੀ ਘੁੱਗੀਆਂ ਦਾ ਗੁਟਕਣਾ ਸੁਣਾਈ ਦੇਣ ਲੱਗ ਪੈਂਦਾ ਹੈ। ਸ਼ੁਰੂ ਫ਼ਰਵਰੀ ਵਿਚ ਹੀ ਖੇਤਾਂ ਅੰਦਰ ਸਰ੍ਹੋਂ ਦੇ ਪੀਲੇ ਫੁੱਲ ਨਿਕਲ ਆਉਂਦੇ ਹਨ ਤੇ ਖੇਤ ਸੋਨੇ ਦੇ ਸਮੁੰਦਰ ਵਾਂਗ ਠਾਠਾਂ ਮਾਰਨ ਲੱਗ ਪੈਂਦੇ ਹਨ। ਟਾਹਲੀਆਂ ਦੇ ਰੁੱਖ ਪੱਟ ਜਿਹੇ ਪੀਲੇ-ਹਰੇ ਪੱਤਿਆਂ ਨਾਲ ਲੱਦੇ ਜਾਂਦੇ ਹਨ। ਇਸਤਰੀ ਪੁਰੱਖ ਪੀਲੇ ਵਸਤਰ ਪਹਿਣ ਕੁਦਰਤ ਨਾਲ ਇਕ-ਮਿਕ ਹੋ ਜਾਂਦੇ ਹਨ। ਪੁਰਾਤਨ ਭਾਰਤ ਵਿਚ 'ਸੁਵਾਸੰਤਕਾ' ਦਾ ਤਿਉਹਾਰ ਮਨਾਇਆ ਜਾਂਦਾ ਸੀ। ਇਹ ਤਿਉਹਾਰ ਪਿਆਰ ਦੇ ਦੇਵਤੇ 'ਕਾਮਦੇਵ' ਨਾਲ ਸੰਬੰਧਤ ਸੀ ਤੇ ਇਸ ਤਿਉਹਾਰ ਵਾਲੇ ਦਿਨ ਬਹੁਤ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਹਰ

ਪਿੰਡ ਵਿਚ ਨਾਚ ਗਾਣੇ ਤੇ ਰੰਗ-ਰਲੀਆਂ ਦਾ ਪ੍ਰਬੰਧ ਕੀਤਾ ਜਾਂਦਾ ਸੀ ਤੇ ਇਸ ਵਿਚ ਇਸਤਰੀ ਤੇ ਪੁਰਸ਼ ਸਭ ਭਾਗ ਲੈਂਦੇ ਹਨ।

ਫ਼ਰਵਰੀ ਦੇ ਮਹੀਨੇ ਕਚਨਾਰ ਦੇ ਰੁੱਖਾਂ ਵਿਚ ਕੋਈ ਕਸ਼ਸ਼ ਨਹੀਂ ਹੁੰਦੀ। ਪਰ ਛੇਤੀ ਹੀ ਇਸ ਦੀਆਂ ਪੱਤੇ-ਰਹਿਤ ਸਾਂਵਲੀਆਂ ਡਾਲੀਆਂ ਗੁਲਾਬੀ, ਸਫ਼ੈਦ ਤੇ ਅਰਗਵਾਨੀ ਰੰਗ ਦੇ ਫੁੱਲਾਂ ਨਾਲ ਭਰ ਜਾਂਦੀਆਂ ਹਨ ਤੇ ਪੂਰਾ ਇਕ ਮਹੀਨਾ ਧਰਤੀ ਦੀ ਰੌਣਕ ਵਧਾਉਂਦੀਆਂ ਹਨ। ਕਚਨਾਰ ਦੇ ਕੋਮਲ ਫੁੱਲ ਵੇਖ ਕੇ ਮਨੁੱਖੀ ਹਿਰਦੇ ਵਿਚ ਖੇੜਾ ਆ ਵਸਦਾ ਹੈ ਤੇ ਅੱਖਾਂ ਨੂੰ ਠੰਡਕ ਪਹੁੰਚਦੀ ਹੈ। ਕਚਨਾਰ ਤੋਂ ਬਾਅਦ ਸਿੰਮਲ ਦੇ ਖਿੜਨ ਦੀ ਰੁੱਤ ਆਉਂਦੀ ਹੈ। ਇਹ ਰੁੱਖ ਕਾਂਗੜੇ ਦੀ ਵਾਦੀ ਵਿਚ ਆਮ ਹੁੰਦਾ ਹੈ। ਜਦ ਇਸ ਦੀਆਂ ਟਾਹਣੀਆਂ ਉਤੇ ਪਿਆਲੀਆਂ ਵਰਗੇ ਲਾਲ ਲਾਲ ਫੁੱਲ ਨਿਕਲ ਆਉਂਦੇ ਹਨ, ਤਾਂ ਇਉਂ ਜਾਪਦਾ ਹੈ ਮਾਨੋ 'ਲਛਮੀ ਦੇਵੀ ਆਪਣੀਆਂ ਅਨੇਕ ਤਲੀਆਂ 'ਤੇ ਦੀਵੇ ਟਿਕਾਈ ਖੜੀ ਹੋਵੇ। ਹੁਣ ਅੰਬ ਦੇ ਬੇ-ਰੌਣਕੇ ਬੂਟਿਆਂ ਵਿਚ ਵੀ ਜਾਨ ਪੈਣ ਲੱਗ ਪੈਂਦੀ ਹੈ ਤੇ ਇਨ੍ਹਾਂ ਨੂੰ ਪੀਲੇ ਪੀਲੇ ਫੁੱਲ ਲੱਗਣੇ ਸ਼ੁਰੂ ਹੋ ਜਾਂਦੇ ਹਨ। ਅੰਬ ਦੇ ਫੁੱਲਾਂ ਦੀ ਮਹਿਕ ਦੀ ਖਿੱਚੀ ਕੋਇਲ ਅੰਬ ਦੇ ਬਾਗਾਂ ਵਿਚ ਆ ਪਹੁੰਚਦੀ ਹੈ ਤੇ ਅਪਣੀ ਸੁਰੀਲੀ ਕੂ ਕੂ ਦੀ ਆਵਾਜ਼ ਨਾਲ ਬਾਗਾਂ ਦੇ ਵਾਤਾਵਰਨ ਨੂੰ ਗੁੰਜਾ ਦਿੰਦੀ ਹੈ। ਮਾਰਚ ਦੇ ਅੱਧ ਤਕ ਬਸੰਤ ਰੁੱਤ ਆਪਣੇ ਪੂਰੇ ਜੋਬਨ ਤੇ ਆ ਜਾਂਦੀ ਹੈ।

ਸਰਦੀ ਵਿਚ ਛਛਰੇ ਦੇ ਟੇਢੇ ਮੇਢੇ ਰੁੱਖ ਦੇਖਣ ਨੂੰ ਵੀ ਜੀ ਨਹੀਂ ਕਰਦਾ ਪਰ ਇਸ ਰੁੱਤ ਵਿਚ ਇਹ ਤ੍ਰਿਪੱਖੀ ਪੱਤਿਆਂ ਨੂੰ ਝਾੜ ਸੁਟਦੇ ਹਨ ਤੇ ਇਨ੍ਹਾਂ ਦੀਆਂ ਟਾਹਣੀਆਂ ਗੂੜ੍ਹੇ ਭੂਰੇ ਰੰਗ ਦੀਆਂ ਕਲੀਆਂ ਨਾਲ ਭਰ ਜਾਂਦੀਆਂ ਹਨ। ਕੁਝ ਦਿਨਾਂ ਮਗਰੋਂ ਇਹ ਕਲੀਆਂ ਅਚਾਨਕ ਹੀ ਖਿੜ ਉਠਦੀਆਂ ਹਨ ਮਾਨੋ ਕਿਸੇ ਨੇ ਇਨ੍ਹਾਂ ਨੂੰ ਜਾਦੂ ਦਾ ਡੰਡਾ ਛੁਹਾ ਦਿਤਾ ਹੋਵੇ। ਅੱਗ ਦੀਆਂ ਲਾਟਾਂ ਵਰਗੇ ਗੁਲਾਨਾਰੀ ਫੁੱਲਾਂ ਨਾਲ ਛਛਰੇ ਦੀਆਂ ਟਾਹਣੀਆਂ ਅੱਗ ਦੇ ਅੰਗਿਆਰੇ ਜਾਪਦੀਆਂ ਹਨ ਤੇ ਲਾਲ ਚਮਕਦੇ ਫੁੱਲਾਂ ਦੇ ਵਸਤਰ ਪਹਿਨੀ ਧਰਤੀ ਨਵੀਂ ਨਵੇਲੀ ਨਾਰ ਦਾ ਰੂਪ ਧਾਰ ਲੈਂਦੀ ਹੈ।

ਕਾਂਗੜੇ ਦੀ ਵਾਦੀ ਅੰਦਰ ਖੇਤਾਂ ਤੇ ਵਾੜਾਂ ਦੇ ਵਿਚ ਵਿਚ ਬਰਫ਼ ਵਰਗੇ ਚਿੱਟੇ ਫੁੱਲਾਂ ਵਾਲੇ ਕੈਂਥ ਦੇ ਕਈ ਬੂਟੇ ਵਿਖਾਈ ਦਿੰਦੇ ਹਨ। ਇਹ ਬੂਟਾ ਕੁਝ ਦਿਨ ਪਹਿਲਾਂ ਕਰੂਪ ਝਾੜੀ ਵਰਗਾ ਜਾਪਦਾ ਹੈ ਪਰ ਫ਼ਰਵਰੀ ਦੇ ਅਖ਼ੀਰੀ ਹਫ਼ਤੇ ਪੱਤੇ ਨਿਕਲਣ ਤੋਂ ਵੀ ਪਹਿਲਾਂ ਇਸ ਨੂੰ ਫੁੱਲ ਲੱਗ ਪੈਂਦੇ ਹਨ ਤੇ ਇਹ ਫੁੱਲਾਂ ਦੇ ਬਣੇ ਇਕ ਗੁੰਬਦ ਦਾ ਰੂਪ ਧਾਰ ਲੈਂਦਾ ਹੈ; ਮਾਨੋ ਕਹਿ ਰਿਹਾ ਹੈ 'ਮੈਂ ਸਰਿਸ਼ਟੀ ਦੀ ਸਵੱਛ ਗੀਤ ਹਾਂ'। ਅੱਧ ਮਾਰਚ ਤਕ ਨਵੀਆਂ ਪੱਤੀਆਂ ਨਿਕਲ ਆਉਂਦੀਆਂ ਹਨ। ਹਵਾ ਨਾਲ ਟਾਹਣੀਆਂ ਹਿੱਲਣ ਤਾਂ ਇਉਂ ਜਾਪਦਾ ਹੈ ਮਾਨੋ ਹਰੇਕ ਰੁੱਖ 'ਤੇ ਹਲਕੇ ਰੰਗ ਦੀਆਂ ਹਜ਼ਾਰਾਂ ਝੰਡੀਆਂ ਝੁਲ ਰਹੀਆਂ ਹਨ ਇਨ੍ਹਾਂ ਪੱਤੀਆਂ ਨਾਲ ਚਾਂਦੀ-ਰੰਗੇ ਫੁੱਲਾਂ ਦੀ ਸ਼ੋਭਾ ਹੋਰ ਵੀ ਦੂਣੀ ਹੋ ਜਾਂਦੀ ਹੈ। ਵਾੜਾਂ ਦੀਆਂ ਕਤਾਰਾਂ ਵਿਚ ਬਸੰਤ ਦੇ ਪੀਲੇ

ਫੁੱਲ ਆਮ ਦਿਖਾਈ ਦੇਣ ਲੱਗ ਪੈਂਦੇ ਹਨ ਤੇ ਉਭਰੀਆਂ ਹੋਈਆਂ ਕਟੋਰੀਆਂ ਵਰਗੇ ਇਹ ਫੁੱਲ ਬਸੰਤ ਰੁਤ ਦੇ ਆਉਣ ਦੇ ਸੁਨੇਹੇ ਦੇਣ ਲੱਗ ਪੈਂਦੇ ਹਨ। ਵਗਦੇ ਪਾਣੀਆਂ ਦੇ ਕੰਢਿਆਂ 'ਤੇ ਕਣਕ ਦੇ ਹਰੇ ਭਰੇ ਖੇਤਾਂ ਦੇ ਆਲੇ ਦੁਆਲੇ ਹਜ਼ਾਰਾਂ ਦੀ ਗਿਣਤੀ ਵਿਚ ਉਗੇ ਫਿਰੋਜ਼ੀ ਰੰਗ ਦੇ ਚਰੇਤੇ ਤੇ ਫੁੱਲ ਦੇਖ ਕੇ ਭਾਸਦਾ ਹੈ ਜਿਵੇਂ ਸੁੰਦਰ ਚਿਤਰਾਂ ਦੁਆਲੇ ਸੁੰਦਰ ਚੌਖਟੇ ਜਿਹੇ ਜੜੇ ਹੋਣ। ਕੁਝ ਖੇਤਾਂ ਵਿਚੋਂ ਸਰ੍ਹੋਂ ਦੇ ਪੀਲੇ ਪੀਲੇ ਫੁੱਲਾਂ ਦੇ ਵਿਚ ਵਿਚ ਅਲਸੀ ਦੇ ਨੀਲੇ ਫੁੱਲ ਵੀ ਦਿਖਾਈ ਦਿੰਦੇ ਹਨ। ਜਿਨ੍ਹਾਂ ਦੀ ਰੰਗ-ਵਿਰੋਧਤਾ ਨਜ਼ਾਰੇ ਨੂੰ ਹੋਰ ਵੀ ਦਿਲ ਖਿਚਵਾਂ ਬਣਾ ਦਿੰਦੀ ਹੈ।

ਹਵਾ ਵਿਚ ਨਿੱਘ ਜਿਹਾ ਆ ਜਾਂਦਾ ਹੈ ਤੇ ਪਰੇਮੀ-ਜਨ ਨਿਹੁੰ-ਅਲਸਾਏ ਜਿਹੇ ਭਾਸਣ ਲੱਗ ਪੈਂਦੇ ਹਨ। ਫੱਗਣ ਮਹੀਨੇ ਦੇ ਦਿਨ ਤੇ ਰਾਤਾਂ ਦੀ ਫੱਗਣ ਮਾਹ ਵਾਂਗ ਰੰਗੀਲੀਆਂ ਹੁੰਦੀਆਂ ਹਨ। ਫੱਗਣ ਦੀ ਰੁੱਤ ਪਰੇਮ ਦੀ ਰੁੱਤ ਹੈ ਤੇ ਪਰੇਮੀ-ਜਨ ਫੱਗਣ ਦੀ ਉਡੀਕ ਵੀ ਉਂਜ ਹੀ ਕਰਦੇ ਹਨ ਜਿਵੇਂ ਲੰਮੀ ਹਨੇਰੀ ਦੁੱਧ-ਚਾਨਣੀ ਪੂਰਨਮਾਸ਼ੀ ਦੀ।

ਇਹ ਰੁੱਤ ਫੁੱਲਾਂ ਲੱਦੀਆਂ ਟਾਹਣੀਆਂ ਉਤੇ ਪੀਂਘਾਂ ਪਾਉਣ ਦੀ ਹੈ। ਸ਼ਹਿਦ ਦੀਆਂ ਮੱਖੀਆਂ ਫੁੱਲਾਂ 'ਚੋਂ ਰਸ ਚੂਸਦੀਆਂ ਇਧਰ ਉਧਰ ਭਿੰਨ ਭਿੰਨਾਉਂਦੀਆਂ ਫਿਰਦੀਆਂ ਹਨ। ਹੁਣ ਬਸੰਤ ਰੁੱਤ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ ਪਿਆਰ ਤੇ ਖ਼ੁਸ਼ੀ ਦਾ ਕੋਈ ਹੱਦ ਬੰਨਾ ਨਹੀਂ ਹੁੰਦਾ। ਚਮੇਲੀ ਦੇ ਫੁੱਲ ਖਿੜ ਕੇ ਹਵਾ ਵਿਚ ਮਹਿਕ ਭਰ ਦਿੰਦੇ ਹਨ। ਆਕਾਸ਼ ਨੀਲੀ ਮਾਨ ਸਰੋਵਰ ਝੀਲ ਵਾਂਗ ਸਾਫ਼ ਹੁੰਦਾ ਹੈ ਤੇ ਸੂਰਜ ਚੰਦ ਇਸ ਵਿਚ ਦੋ ਵੱਡੇ ਫੁੱਲਾਂ ਵਾਂਗ ਤਰਦੇ ਦਿਖਾਈ ਦਿੰਦੇ ਹਨ।

ਬਸੰਤ ਰੁੱਤ ਹੌਲੀ ਹੌਲੀ ਗਰਮੀ ਦਾ ਰੂਪ ਧਾਰਨ ਲੱਗ ਪੈਂਦੀ ਹੈ ਤੇ ਅਪਰੈਲ ਦੇ ਪਹਿਲੇ ਹਫ਼ਤੇ ਤੋਂ ਗਰਮੀ ਪੈਣੀ ਸ਼ੁਰੂ ਹੋ ਜਾਂਦੀ ਹੈ। ਬਹੁਤੇ ਰੁੱਖਾਂ ਦੇ ਨਵੇਂ ਪੱਤੇ ਨਿਕਲਣ ਲੱਗ ਪੈਂਦੇ ਹਨ। ਛਤਰੀਨੁਮਾ ਪਾਕਰ ਦੇ ਰੁੱਖ ਦੇ ਤਾਂਬੇ ਰੰਗੇ ਪੱਤੇ ਬਹੁਤ ਹੀ ਸੁੰਦਰ ਲੱਗਦੇ ਹਨ ਤੇ ਸ਼ਾਮ ਦੇ ਢਲਦੇ ਸੂਰਜ ਦੀਆਂ ਤਿਰਛੀਆਂ ਕਿਰਨਾਂ ਵਿਚ ਇਹ ਅੱਗ ਦੇ ਬੱਦਲ ਦੀ ਨਿਆਈਂ ਜਾਪਦੇ ਹਨ। ਸਿੱਲੀਆਂ ਜਗ੍ਹਾਂ ਦੇ ਟਟਹਿਣੇ ਲੱਖਾਂ ਦੀ ਗਿਣਤੀ ਵਿਚ ਤਾਰਿਆਂ ਵਾਂਗ ਟਿਮਟਿਮਾਉਂਦੇ ਫਿਰਦੇ ਹਨ ਤੇ ਸੋਨੇ ਵਾਂਗ ਝਿਮਝਿਮ ਕਰਦੇ ਕੋਮਲ ਤਾਲਾਂ ਤੇ ਹਵਾ ਵਿਚ ਨਾਚ ਕਰਦੇ ਇਧਰ ਉਧਰ ਉਡਦੇ ਫਿਰਦੇ ਹਨ। ਸੁੱਕੇ ਪੱਤੇ ਅਗਾਂਹ-ਪਿਛਾਂਹ ਦ੍ਰਿਸ਼ ਦੀ ਸੁੰਦਰਤਾ ਵਿਚ ਹੋਰ ਵੀ ਵਾਧਾ ਕਰ ਦਿੰਦੇ ਹਨ। ਮਹੂਏ ਦੇ ਰੁੱਖਾਂ ਹੇਠ ਤਾਂ ਅਜੀਬ ਹੀ ਨਜ਼ਾਰਾ ਹੁੰਦਾ ਹੈ ਮਾਨੋ ਸੁੱਕੇ ਪੱਤਿਆਂ ਦੀ ਹੋਲੀ ਸੜ ਰਹੀ ਹੋਵੇ। ਨਿੰਮ ਤੇ ਸ਼ਰੀਂਹ ਦੇ ਫੁੱਲਾਂ ਦੀ ਵਾਸ਼ਨਾ ਨਾਲ ਹਵਾ, ਮਹਿਕ ਉਠਦੀ ਹੈ। ਰਾਤਾਂ ਸੁੰਨੀਆਂ ਸੁੰਨੀਆਂ ਹੁੰਦੀਆਂ ਹਨ। ਸ਼ਰੀਂਹ ਦੀਆਂ ਫਲੀਆਂ ਦੀ ਕੜ-ਕੜ ਦੀ ਆਵਾਜ਼ ਤੋਂ ਬਿਨਾਂ ਹੋਰ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ। ਚੜ੍ਹਦੇ ਸੂਰਜ ਦੀਆਂ ਕਿਰਨਾਂ ਪੈਣ ਨਾਲ ਮਹੂਏ ਦੀਆਂ ਜੰਗਾਲ-ਰੰਗੀ ਪੱਤੀਆਂ ਸੋਨੇ ਮੜ੍ਹੀਆਂ

ਜਾਪਣ ਲੱਗ ਪੈਂਦੀਆਂ ਹਨ। ਗੁਲਮੁਹਰ ਦੇ ਫੁੱਲ ਖਿੜ ਕੇ ਕਿਰਮਚੀ ਰੰਗ ਫੜ ਲੈਂਦੇ ਹਨ ਤੇ ਇਸ ਦੇ ਨਾਲ ਹੀ ਗਰਮੀ ਵੀ ਸਹਿਜੇ ਸਹਿਜੇ ਵਧਣ ਲੱਗ ਜਾਂਦੀ ਹੈ।

ਗਰਮੀਆਂ ਵਿਚ ਗਰਮ ਲੂਆਂ ਵੱਗਣ ਲੱਗ ਪੈਂਦੀਆਂ ਹਨ। ਫੁੱਲ ਬੂਟੇ ਸੜ ਜਾਂਦੇ ਹਨ। ਜ਼ਮੀਨ ਤੇ ਆਕਾਸ਼ ਨੂੰ ਆਪਸ ਵਿਚ ਮਿਲਾਉਂਦੇ ਵਾ-ਵਰੋਲੇ ਆਮ ਵਗਦੇ ਹਨ ਜੋ ਧੂੜ ਮਿੱਟੀ ਤੇ ਸੁੱਕੇ ਪੱਤੇ ਆਪਣੇ ਵਿਚ ਸਮਾ ਲੈਂਦੇ ਹਨ ਤੇ ਬੜੀ ਤੇਜ਼ੀ ਨਾਲ ਉਡਦੇ ਫਿਰਦੇ ਹਨ। ਸੂਰਜ ਦੀਆਂ ਤੇਜ਼ ਕਿਰਨਾਂ ਦੀ ਬੁਛਾੜ ਨਾਲ ਧਰਤੀ ਤਪ ਕੇ ਤਾਂਬਾ ਹੋ ਜਾਂਦੀ ਹੈ ਤੇ ਚਵੀਂ ਪਾਸੀਂ ਘੱਟਾ ਹੀ ਘੱਟਾ ਉਡਣ ਲੱਗ ਪੈਂਦਾ ਹੈ। ਕੀ ਮਨੁੱਖ ਤੇ ਕੀ ਪਸ਼ੂ ਸਭ ਛਾਂ ਵਿਚ ਸਿਰ ਲੁਕਾਉਂਦੇ ਫਿਰਦੇ ਹਨ। ਰੁੱਖਾਂ ਦੇ ਝੁਰਮਟ ਵਿਚ ਬੈਠੇ ਮੋਰ ਬੁੱਤ ਬਣ ਜਾਂਦੇ ਹਨ ਤੇ ਮੀਂਹ ਲਈ ਪ੍ਰਾਰਥਨਾ ਕਰਨ ਲੱਗ ਪੈਂਦੇ ਹਨ। ਮੋਰਨੀਆਂ ਮੋਰਾਂ ਦੇ ਪਿਛੇ ਪਿਛੇ ਰੁੱਖਾਂ ਦੀ ਛਾਵੇਂ ਆ ਬੈਠਦੀਆਂ ਹਨ ਪਰ ਗਰਮੀ ਦੇ ਸਤਾਏ ਮੋਰਾਂ ਦਾ ਇਨ੍ਹਾਂ ਵਲ ਧਿਆਨ ਨਹੀਂ ਜਾਂਦਾ। ਗਰਮ ਤੇ ਖੁਸ਼ਕ ਲੂ ਦੇ ਵਗਣ ਨਾਲ ਰੇਤ ਦੇ ਟੀਲੇ ਪਾਣੀਆਂ ਦੀਆਂ ਨਦੀਆਂ ਜਾਂ ਝੀਲਾਂ ਵਾਂਗ ਚਮਕਦੇ ਹਨ ਤੇ ਪਿਆਸੇ ਹਿਰਨ ਇਸ ਨੂੰ ਸਚਮੁੱਚ ਦਾ ਪਾਣੀ ਜਾਣ ਕੇ ਵਿਅਰਥ ਹੀ ਇਸ ਦੇ ਮਗਰ ਮੀਲਾਂ ਤਕ ਭਜਦੇ ਫਿਰਦੇ ਹਨ। ਸ਼ੇਰ ਚੀਤੇ ਵੀ ਥੱਕੇ ਟੁੱਟੇ ਆਪਣੇ ਘੁਰਨਿਆਂ ਵਿਚ ਵੜੇ ਰਹਿੰਦੇ ਹਨ। ਸੂਰਜ ਦੀ ਤੇਜ਼ ਗਰਮੀ ਨਾਲ ਸਭ ਵਾਤਾਵਰਨ ਭਖ਼ ਉਠਦਾ ਹੈ। ਇਕ ਮਹੀਨਾ ਪਹਿਲਾਂ ਗੁਲਾਬੀ ਤੇ ਚਿੱਟੇ ਕਮਲ ਫੁੱਲਾਂ ਨਾਲ ਭਰੀਆਂ ਝੀਲਾਂ ਦਾ ਪਾਣੀ ਸੁੱਕ ਜਾਂਦਾ ਹੈ। ਪਿਆਸੀਆਂ ਮੱਝਾਂ ਆਪਣੀਆਂ ਜੀਭਾਂ ਬਾਹਰ ਲਟਕਾਈ ਚਿੱਕੜ ਵਿਚ ਲੇਟਦੀਆਂ ਫਿਰਦੀਆਂ ਹਨ। ਜੰਗਲਾਂ ਵਿਚ ਅੱਗਾਂ ਲੱਗਣ ਲੱਗ ਪੈਂਦੀਆਂ ਹਨ ਤੇ ਜੰਗਲ ਵਾਸੀ ਹਜ਼ਾਰਾਂ ਪਸ਼ੂ-ਪੰਛੀ ਇਸ ਦੀ ਭੇਟ ਹੋ ਜਾਂਦੇ ਹਨ। ਗਰਮੀ ਦੇ ਸਤਾਏ ਹਾਥੀ ਵੀ ਜ਼ੋਰ ਜ਼ੋਰ ਨਾਲ ਜੰਘਾੜਦੇ ਫਿਰਦੇ ਹਨ। ਇਥੋਂ ਤਕ ਕਿ ਸੱਪ ਵੀ ਆਪਣੀਆਂ ਖੁੱਡਾਂ ਛੱਡ ਬਾਹਰ ਰਸਤਿਆਂ ਵਿਚ ਠੰਡੀਆਂ ਥਾਵਾਂ ਤੇ ਆ ਟਿਕਦੇ ਹਨ। ਰਾਹ ਜਾਂਦੇ ਮੁਸਾਫ਼ਰ ਅੰਬਾਂ ਦੇ ਝੁੰਡਾਂ ਦੀ ਛਾਂ ਦੀ ਸ਼ਰਨ ਲੈਂਦੇ ਹਨ ਤੇ ਛਬੀਲਾਂ ਤੋਂ ਪਾਣੀ ਪੀ ਪੀ ਗਰਮੀ ਦੇ ਮਾਰੇ ਖ਼ੁਸ਼ਕ ਹੋ ਰਹੇ ਗਲਿਆਂ ਨੂੰ ਤਰ ਕਰਨ ਦੇ ਯਤਨ ਕਰਦੇ ਹਨ।

ਜੇਠ ਤੇ ਹਾੜ ਦੀ ਪ੍ਰਚੰਡ ਗਰਮੀ ਤੋਂ ਬਾਅਦ ਆਕਾਸ਼ ਵਿਚ ਬੱਦਲ ਦਿਖਾਈ ਦੇਣ ਲੱਗ ਪੈਂਦੇ ਹਨ। ਇਨ੍ਹਾਂ ਨੂੰ ਦੇਖਦਿਆਂ ਇਓਂ ਪ੍ਰਤੀਤ ਹੁੰਦਾ ਹੈ ਜਿਵੇਂ ਇੰਦਰ ਦੇਵਤੇ ਦੇ ਸਫ਼ੈਦ ਹਾਥੀਆਂ ਦਾ ਝੂਮਦਾ ਝੂਮਦਾ ਵੱਗ ਚਲਿਆ ਆ ਰਿਹਾ ਹੋਵੇ। ਮੀਂਹ ਦੀ ਆਸ ਲਗਾਈ ਬੈਠਾ ਕਿਸਾਨ ਇਨ੍ਹਾਂ ਨੂੰ ਦੇਖਦਿਆਂ ਹੀ ਖ਼ੁਸ਼ੀਆਂ ਨਾਲ ਭਰ ਜਾਂਦਾ ਹੈ। ਠੰਡੀ ਸੁਹਾਵਣੀ ਵਰਖਾ ਰੁੱਤ ਆਉਂਦੀ ਪ੍ਰੇਮੀ ਜਨ ਵੀ ਖੁਸ਼ੀਆਂ ਵਿੱਚ ਨਹੀਂ ਮਿਆਉਂਦੇ। ਕਾਲੇ ਕਾਲੇ ਬਦਲਾਂ ਨੂੰ ਵੇਖ ਕੇ ਤੇ ਉਨ੍ਹਾਂ ਦੀ ਗਰਜ ਸੁਣ ਕੇ ਮੋਰ ਆਨੰਦ ਵਿਚ ਕੂਕਣ ਲੱਗ ਪੈਂਦੇ ਹਨ ਤੇ ਆਪਣੇ ਸਤ-ਰੰਗੇ ਖੰਭਾਂ ਨੂੰ ਫੈਲਾ ਪੈਲਾਂ ਪਾਉਣੀਆਂ ਸ਼ੁਰੂ ਕਰ ਦਿੰਦੇ ਹਨ। ਕਦੰਬ ਦੇ ਬੂਟਿਆਂ ਨੂੰ ਪੀਲੇ ਰੰਗ ਦੇ ਗੋਲ ਗੋਲ ਗੇਂਦਾਂ ਵਰਗੇ ਫੁੱਲ ਵੀ ਇਸੇ ਰੁੱਤ ਵਿਚ ਲੱਗਦੇ ਹਨ।

ਬੱਦਲ ਜੀਵਨ-ਦਾਤੇ ਪਾਣੀ ਨਾਲ ਧਰਤੀ ਨੂੰ ਗੋਤੋ ਗੋਤ ਕਰ ਦਿੰਦੇ ਹਨ ਤੇ ਪਿਆਸੀ ਧਰਤੀ ਉਤੇ ਝਟ ਹੀ ਹਰੀ ਹਰੀ ਘਾਹ ਦਾ ਗਲੀਚਾ ਜਿਹਾ ਵਿਛ ਜਾਂਦਾ ਹੈ। ਲਾਲ ਲਾਲ ਬੀਰ ਬਹੁਟੀਆਂ ਨਿਕਲ ਆਉਂਦੀਆਂ ਹਨ। ਧਰਤੀ ਚਮਕਦੇ ਹੀਰਿਆਂ ਮੋਤੀਆਂ ਨਾਲ ਜੜੀ ਸੁੰਦਰ ਮੁਟਿਆਰ ਦਾ ਰੂਪ ਧਾਰ ਲੈਂਦੀ ਹੈ। ਮੀਂਹ ਦੀਆਂ ਬੂੰਦਾਂ ਟਪ ਟਪ ਕਰਕੇ ਅੰਬ ਦੇ ਪੱਤਿਆਂ ਤੇ ਵਜਦੀਆਂ ਹਨ ਤਾਂ ਅੰਬ ਦੇ ਰੁੱਖਾਂ ਵਿਚੋਂ ਸੁਰੀਲੇ ਸੰਗੀਤ ਦੀ ਮਧੁਰ ਧੁਨੀ ਸੁਣਾਈ ਦੇਣ ਲੱਗ ਪੈਂਦੀ ਹੈ। ਇਸਤਰੀਆਂ ਤੇ ਬੱਚੇ ਇੱਕਠੇ ਹੋ ਅੰਬਾਂ ਦੇ ਝੁੰਡਾਂ ਵਿਚੋਂ ਡਾਲੀਆਂ ਨਾਲੋਂ ਟੁੱਟੇ ਅੰਮ੍ਰਿਤ ਰੂਪੀ ਰਸ ਨਾਲ ਭਰੇ ਪੀਲੇ ਪੀਲੇ ਪੱਕੇ ਹੋਏ ਅੰਬਾਂ ਨੂੰ ਢੂੰਡਣ ਨਿਕਲ ਪੈਂਦੇ ਹਨ। ਪਿੰਡ ਦੇ ਸਰੋਵਰ ਦੇ ਸ਼ਾਂਤ ਪਾਣੀ ਉਤੇ ਮੀਂਹ ਦੀਆਂ ਬੂੰਦਾਂ ਪੈਣ ਨਾਲ ਰੰਗ ਬਰੰਗੇ ਬੁਲਬੁਲੇ ਪੈਦਾ ਹੁੰਦੇ ਹਨ ਤੇ ਥੋੜੀ ਜਿਹੀ ਰੰਗ-ਬਰੰਗੀ ਆਯੂ ਬਿਤਾਉਣ ਪਿਛੋਂ ਉਸੇ ਪਾਣੀ ਵਿਚ ਹੀ ਮੁੜ ਲੀਨ ਹੋ ਜਾਂਦੇ ਹਨ।

ਕਦੀ ਕਦੀ ਬੱਦਲ ਫਟ ਜਾਂਦੇ ਹਨ। ਸੂਰਜ ਦੇਵਤਾ ਨਿੰਮੀ ਨਿੰਮੀ ਫ਼ੁਹਾਰ ਦੇ ਵਿਚੋਂ ਦੀ ਝਾਤੀਆਂ ਮਾਰਦਾ ਨਜ਼ਰੀ ਪੈਂਦਾ ਹੈ। ਆਕਾਸ਼ ਵਿਚ ਸਤਰੰਗੀ ਪੀਂਘ ਨਿਕਲ ਆਉਂਦੀ ਹੈ। ਮਾਨੋ ਹਨ ਤੇ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਫੁੱਲਾਂ ਦੀ ਖ਼ੁਸ਼ਬੂ ਨੂੰ ਭੁੱਲ ਆਪਣੇ ਆਪ ਨੂੰ ਛੱਤਿਆਂ ਵਿਚ ਜਾ ਲੁਕਾਉਂਦੀਆਂ ਹਨ।

ਸਾਉਣ ਦਾ ਮਹੀਨਾ ਇਸ਼ਕ-ਮੁੱਠੇ ਪਰੇਮੀਆਂ ਦਾ ਮਹੀਨਾ ਹੈ। ਠੰਢੀ ਤੇ ਭਿੰਨੀ ਹਵਾ ਨਾਲ ਵਿਛੜੇ ਪਰੇਮੀਆਂ ਨੂੰ ਪੁਰਾਣੀਆਂ ਯਾਦਾਂ ਸਤਾਣ ਲੱਗ ਪੈਂਦੀਆਂ ਹਨ ਤੇ ਪਿਆਰੇ ਦੇ ਮਿਲਣ ਦੀ ਤਾਂਘ ਉਮੱਡ ਆਉਂਦੀ ਹੈ। ਪਤੀ ਤੋਂ ਵਿਛੜੀ ਨਾਰ ਵਿਆਕੁਲ ਹੋ ਉਠਦੀ ਹੈ ਤੇ ਸੰਜੋਗੀ ਪਰੇਮੀ ਘਨਘੋਰ ਘਟਾ ਵਿਚ ਲਿਸ਼ਕਦੀ ਬਿਜਲੀ ਨੂੰ ਉਡੀਕਦੇ ਰਹਿੰਦੇ ਹਨ। ਸੁਨਹਿਰੀ ਲੱਤਾਂ ਵਾਲੇ ਸਫ਼ੈਦ ਬਗਲੇ ਜਦ ਕਾਲੇ-ਕਾਲੇ ਬੱਦਲਾਂ ਨੂੰ ਚੀਰਦੇ ਹੋਏ ਉਡਾਨਾਂ ਲਾਉਂਦੇ ਹਨ ਤਾਂ ਬਰਖਾ ਰੁੱਤ ਦੀ ਖ਼ੁਸ਼ੀ ਵਿਚ ਮੱਤੇ ਪਰੇਮੀਆਂ ਦੇ ਹਿਰਦੇ ਵਿਚ ਖ਼ੁਸ਼ੀ ਦੀ ਲਹਿਰ ਹੋਰ ਵੀ ਤੀਬਰ ਹੋ ਉਠਦੀ ਹੈ।

ਵਰਖਾ ਰੁੱਤ ਖ਼ਤਮ ਹੋ ਗਈ ਹੈ। ਵਾਤਾਵਰਨ ਧੂੜ ਤੇ ਧੁੰਦ ਤੋਂ ਮੁਕਤ ਹੋ ਕੇ ਨਿਰਮਲ ਹੋ ਗਿਆ ਹੈ। ਆਕਾਸ਼ ਗੂੜ੍ਹਾ ਨੀਲਾ ਦਿਖਾਈ ਦੇਣ ਲੱਗ ਪਿਆ ਹੈ ਤੇ ਠੰਢੀ ਠੰਢੀ ਹਵਾ ਵਗਣ ਲੱਗ ਪਈ ਹੈ। ਪੱਤਝੜ ਵਿਚ ਸੂਰਜ ਦੇ ਡੁੱਬਣ ਦਾ ਨਜ਼ਾਰਾ ਬਹੁਤ ਹੀ ਸੁੰਦਰ ਹੁੰਦਾ ਹੈ। ਧਰਤੀ ਉਤੇ ਸਫ਼ੈਦ ਫੁੱਲਾਂ ਵਾਲਾ ਉਚਾ ਉਚਾ ਘਾਹ ਉਗ ਆਉਂਦਾ ਹੈ ਤੇ ਨਦੀਆਂ ਦੇ ਕੰਢੇ ਹਵਾ ਚਲਣ ਨਾਲ ਇਹ ਘਾਹ ਚੌਰ ਵਾਂਗ ਝੁਲਦਾ ਦਿਖਾਈ ਦਿੰਦਾ ਹੈ। ਆਕਾਸ਼ ਵਿਚ ਕੋਈ ਕੋਈ ਵਰਖਾ ਰਹਿਤ ਸਫ਼ੈਦ ਬੱਦਲ ਇਉਂ ਉਡਦੇ ਦਿਖਾਈ ਦਿੰਦੇ ਹਨ ਜਿਵੇਂ ਕਿਸੇ ਪੇਂਜੇ ਨੇ ਪਿੰਜੀ ਹੋਈ ਰੂੰ ਖਿਲਾਰੀ ਹੋਵੇ। ਪੱਤਝੜ ਵਿਚ ਮੌਲਣ ਵਾਲੇ ਕਚਨਾਰ ਦੇ ਰੁੱਖਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਲਾਲ ਤੇ ਗੁਲਾਬੀ ਰੰਗ ਦੇ ਫੁੱਲ ਲੱਗਣ ਲੱਗ ਪੈਂਦੇ ਹਨ ਤੇ ਲੱਖਾਂ ਭਿੰਨ-ਭਿੰਨਾਉਂਦੀਆਂ ਸ਼ਹਿਦ ਦੀਆਂ ਮੱਖੀਆਂ ਇਨ੍ਹਾਂ ਦੁਆਲੇ ਆ ਇਕੱਠੀਆਂ ਹੁੰਦੀਆਂ ਹਨ।

ਕਾਂਗੜੇ ਦੀ ਵਾਦੀ ਵਿਚਲੇ ਪਦਮ ਦੇ ਰੁੱਖਾਂ ਦੀ ਸ਼ੋਭਾ ਨਹੀਂ ਭੁਲਾਈ ਜਾ ਸਕਦੀ। ਡੁਬਦੇ ਸੂਰਜ ਦੀਆਂ ਕਿਰਨਾਂ ਨਾਲ ਚਮਕਦੇ ਹਿਮਾਲੀਆ ਦੇ ਨੀਲੇ ਆਕਾਸ਼ ਵਿਚ ਆਪਣੇ ਲਾਲ ਫੁੱਲਾਂ ਦੇ ਗੁਛਿਆਂ ਨਾਲ ਲੱਦਿਆਂ ਪਦਮ ਦਾ ਇਹ ਰੁਖ ਅੱਗ ਦੇ ਬੱਦਲ ਸਮਾਨ ਦਿਖਾਈ ਦਿੰਦਾ ਹੈ ਤੇ ਇਉਂ ਭਾਸਦਾ ਹੈ ਜਿਵੇਂ ਕਹਿ ਰਿਹਾ ਹੋਵੇ, 'ਮੈਂ ਪੱਤਝੜ ਦੇ ਸੁਫ਼ਨੇ ਵਿਚ ਤਰ ਰਿਹਾ ਖ਼ੁਸ਼ੀਆਂ ਦਾ ਇਕ ਗੁਲਾਬੀ ਬੱਦਲ ਹਾਂ'। ਸ਼ਾਹ-ਬਲੂਤ ਦੇ ਪੱਤਿਆਂ ਦਾ ਰੰਗ ਗੂਹੜਾ ਭੂਰਾ ਹੋ ਜਾਂਦਾ ਹੈ ਅਤੇ ਮੈਪਲ ਦੇ ਚੈਸਟਨਟ ਦੀ ਆਪਣੇ ਸੁਨਹਿਰੀ ਭੂਰੇ ਪਤਿਆਂ ਕਾਰਣ ਝਟ ਹੀ ਪਹਿਚਾਣੇ ਜਾ ਸਕਦੇ ਹਨ।

ਨਦੀਆਂ ਕੰਢੇ ਮਟਕ ਮਟਕ ਚਲਦੇ ਸਾਰਸ ਬਹੁਤ ਹੀ ਸੁੰਦਰ ਦਿਖਾਈ ਦਿੰਦੇ ਹਨ। ਮੁਰਗਾਬੀਆਂ ਪਹਾੜਾਂ ਤੋਂ ਉਡ ਉਡ ਕੇ ਮੈਦਾਨੀ ਝੀਲਾਂ ਵਲ ਆਉਣਾ ਸ਼ੁਰੂ ਕਰ ਦਿੰਦੀਆਂ ਹਨ। ਕਿਸਾਨ ਲੋਕ ਧਾਨ ਦੀ ਕੁਟਾਈ ਵਿਚ ਰੁਝ ਜਾਂਦੇ ਹਨ ਤੇ ਉਨ੍ਹਾਂ ਦੇ ਕੋਠਿਆਂ ਦੀਆਂ ਛੱਤਾਂ ਮੱਕੀ ਦੀਆਂ ਸੁਨਹਿਰੀ ਛੱਲੀਆਂ ਨਾਲ ਢੱਕੀਆਂ ਜਾਂਦੀਆਂ ਹਨ। ਘਾਹ (ਕਾਂਸਾ) ਤੇ ਸਫ਼ੈਦ ਫੁੱਲਾਂ ਉਤੇ ਜਦ ਚੰਦਰਮਾ ਦੀਆਂ ਕਿਰਨਾਂ ਨਾਚ ਕਰਦੀਆਂ ਹਨ ਤਾਂ ਇਸ ਘਾਹ ਦੇ ਤਿਣਕੇ ਜਾਦੂ ਦੇ ਖੰਭਿਆਂ ਸਮਾਨ ਦਿਖਾਈ ਦੇਣ ਲੱਗ ਪੈਂਦੇ ਹਨ। ਰਾਤ ਚੰਦ ਦੀ ਚਾਂਦਨੀ ਨਾਲ ਡਲਕਾਂ ਮਾਰਦੀ ਹੈ ਤੇ ਸੁਕੀਆਂ ਪਹਾੜੀ ਨਦੀਆਂ ਦੀ ਰੇਤ ਹੀਰਿਆਂ ਵਾਂਗ ਚਮਕਣ ਲੱਗ ਪੈਂਦੀ ਹੈ।

ਮਾਘ ਦੇ ਮਹੀਨੇ ਦੇ ਨਾਲ ਹੀ ਸਰਦੀ ਦਾ ਆਗਮਨ ਹੋ ਜਾਂਦਾ ਹੈ। ਦਿਨ ਛੋਟੇ ਹੋ ਜਾਂਦੇ ਹਨ ਤੇ ਰਾਤਾਂ ਲੰਮੀਆਂ। ਆਕਾਸ਼ ਦਾ ਨੀਲਾ ਰੰਗ ਉਘੜ ਆਉਂਦਾ ਹੈ ਤੇ ਕਿਤੇ ਵੀ ਕੋਈ ਬੱਦਲ ਦਿਖਾਈ ਨਹੀਂ ਦੇਂਦਾ। ਪਹਾੜ ਵਲੋਂ ਠੰਢੀਆਂ ਹਵਾਵਾਂ ਆਉਣ ਲੱਗ ਪੈਂਦੀਆਂ ਹਨ ਤੇ ਸਾਰੇ ਮਨੁੱਖ ਤੇ ਡੰਗਰ ਮਕਾਨਾਂ ਦੇ ਕੋਨਿਆਂ ਵਿਚ ਨਿੱਘ ਢੂੰਡਦੇ ਫਿਰਦੇ ਹਨ। ਕਚਨਾਰ ਦੇ ਪੱਤੇ ਝੜ ਜਾਂਦੇ ਹਨ ਤੇ ਨੰਗੀਆਂ ਟਹਿਣੀਆਂ ਰੱਬੀ ਲੀਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ।

ਸੂਰਜ ਦੇ ਚੜ੍ਹਨ ਨਾਲ ਜੀਵਨ ਵਿਚ ਗਤੀ ਆ ਜਾਂਦੀ ਹੈ। ਪੇਂਡੂ ਲੋਕ ਲੋਈਆਂ ਚਾਦਰਾਂ ਦੀਆਂ ਬੁਕਲਾਂ ਮਾਰੀ ਆਪਣੇ ਘਰਾਂ ਦੇ ਵਿਹੜਿਆਂ ਦੀਆਂ ਨੁਕਰਾਂ ਵਿਚ ਜਾਂ ਕੋਠਿਆਂ ਉਤੇ ਧੁੱਪੇ ਜਾ ਬੈਠਦੇ ਹਨ। ਇਸ ਰੁੱਤ ਦੀ ਹਵਾ ਉਤਸ਼ਾਹ-ਜਨਕ ਤੇ ਸ਼ਕਤੀ ਵਰਧਕ ਹੁੰਦੀ ਹੈ।

# ਚਾਹ

ਮੈਂ ਨਗਰੋਟਾ ਦੇ ਖੇਤਾਂ ਵਿਚ ਬੈਠਾ ਕੁਦਰਤ ਦੀ ਸੁੰਦਰਤਾ ਦਾ ਆਨੰਦ ਮਾਣ ਰਿਹਾ ਸਾਂ। ਮੇਰਾ ਮਿੱਤਰ ਵਿਸ਼ੰਭਰ ਦਾਸ ਮੇਰੇ ਲਈ ਚਾਹ ਖੇਤਾਂ ਵਿਚ ਹੀ ਲੈ ਆਇਆ। ਮੈਂ ਨਾਲੇ ਪਹਾੜਾਂ ਨੂੰ ਵੇਖਾਂ ਤੇ ਨਾਲੇ ਹੌਲੀ-ਹੌਲੀ ਸਵਾਦ ਨਾਲ ਚਾਹ ਪੀਵਾਂ। ਜਿਵੇਂ ਬਰਫ਼ ਕਜਿਆਂ ਪਹਾੜਾਂ ਦੀ ਸੁੰਦਰਤਾ, ਇਕੱਲੇ ਵਿਚ ਹੀ ਮਾਣੀ ਜਾ ਸਕਦੀ ਹੈ, ਇਵੇਂ ਹੀ ਚਾਹ ਦਾ ਸਵਾਦ ਵੀ ਚੁੱਪ ਤੇ ਸ਼ਾਂਤੀ ਵਿਚ ਹੀ ਆਉਂਦਾ ਹੈ। ਜਦ ਮੈਂ ਚਾਹ ਦੀ ਪਿਆਲੀ 'ਤੇ ਲੋਕਾਂ ਨੂੰ ਚਿੜੀਆਂ ਕਾਵਾਂ ਵਾਂਗ ਰੌਲਾ ਪਾਉਂਦੇ ਚਿਟਰ ਚਿਟਰ ਕਰਦੇ ਵੇਖਦਾ ਹਾਂ ਤਾਂ ਬੜਾ ਹੈਰਾਨ ਹੁੰਦਾ ਹਾਂ। ਸਾਡੇ ਸਿਆਣਿਆਂ ਨੇ ਗ਼ਲਤ ਨਹੀਂ ਕਿਹਾ ਕਿ ਖਾਣ ਵੇਲੇ ਮੂਰਖ ਹੀ ਬੋਲਦੇ ਹਨ। ਦੋ ਕੰਮ ਇੱਕਠੇ ਕਦੇ ਨਹੀਂ ਹੋ ਸਕਦੇ ਨਾ ਰੋਟੀ ਦਾ ਸਵਾਦ ਤੇ ਨਾ ਗੱਲਾਂ ਦਾ ਮਜ਼ਾ। ਧਿਆਨ ਨਾਲ ਖਾਣੇ ਦਾ ਸਵਾਦ ਮਾਣੋ, ਤੇ ਇਸ ਤੋਂ ਵੇਹਲੇ ਹੋ ਕੇ ਗੱਲਾਂ ਕਰ ਲਵੋ।

ਚਾਹ ਦਾ ਤਾਂ ਚੁੱਪ ਤੇ ਸ਼ਾਂਤੀ ਨਾਲ ਖ਼ਾਸ ਸੰਬੰਧ ਹੈ। ਇਸ ਖ਼ਿਆਲ ਨੂੰ ਅਸੀਂ ਪੰਜਾਬੀ ਲੋਕ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ, ਕਿਉਂਕਿ ਅਸੀਂ ਦੁੱਧ ਤੇ ਖੱਟੀ ਲੱਸੀ ਪੀਣ ਵਾਲੇ ਹਾਂ, ਤੇ ਚਾਹ ਦੇ ਪੂਰੀ ਤਰ੍ਹਾਂ ਆਦੀ ਨਹੀਂ। ਹਾਲ ਤਾਈਂ ਵੀ ਸਾਡੇ ਵਿਚੋਂ ਬਹੁਤ ਸਾਰੇ ਇਸ ਭਰਮ ਵਿਚ ਹਨ, ਕਿ ਚਾਹ ਗਰਮੀ ਖ਼ੁਸ਼ਕੀ ਕਰਦੀ ਹੈ। ਤੀਹ ਕੁ ਸਾਲ ਹੋਏ ਮੇਰਾ ਵੀ ਇਹੀ ਖ਼ਿਆਲ ਸੀ, ਤੇ ਮੈਂ ਵੀ ਚਾਹ ਨੂੰ ਸ਼ਰਾਬ ਤੇ ਤਮਾਕੂ ਵਾਂਗ ਇਕ ਐਬ ਹੀ ਸਮਝਦਾ ਸੀ। 1932-34 ਤਕ ਜਦ ਮੈਂ ਇੰਗਲੈਂਡ ਹੀ ਸੀ ਤਾਂ ਜਿਥੇ ਕਿਤੇ ਪਾਰਟੀ 'ਤੇ ਜਾਣਾ ਤਾਂ ਦੁੱਧ ਹੀ ਮੰਗਣਾ ਤੇ ਅੰਗਰੇਜ਼ ਦੋਸਤਾਂ ਨੂੰ ਪਰੇਸ਼ਾਨੀ ਵਿਚ ਪਾਉਣਾ। ਉਨ੍ਹਾਂ ਸੋਚਣਾ ਕਿ ਕਿਹੋ ਜਿਹਾ ਬੰਦਾ ਹੈ। ਜੋ ਚਾਹ ਤੱਕ ਵੀ ਨਹੀਂ ਪੀਂਦਾ। ਚਾਹ ਦੀ ਆਦਤ ਮੇਰੀ ਧਰਮ ਪਤਨੀ ਨੇ 1935 ਵਿਚ ਪਾਈ ਤੇ ਹੁਣ ਤਾਂ ਮੈਨੂੰ ਚਾਹ ਬੜੀ ਹੀ ਚੰਗੀ ਲੱਗਦੀ ਹੈ। ਬਾਹਰੋਂ ਥੱਕੇ ਟੁੱਟੇ ਆਈਏ, ਚਾਹ ਦਾ ਪਿਆਲਾ ਪੀਂਦੇ ਸਾਰ ਹੀ ਥਕਾਨ ਲੱਥ ਜਾਂਦੀ ਹੈ, ਤੇ ਇਕ ਸਰੂਰ ਜਿਹਾ ਚੜ੍ਹ ਜਾਂਦਾ ਹੈ। ਜਦ ਮੈਂ ਸਫ਼ਰ ਕਰਦਾ ਹਾਂ, ਖ਼ਾਸ ਕਰ ਦੱਖਣ ਤੇ ਉੱਤਰੀ ਭਾਰਤ ਵਿਚ ਮੈਂ ਚਾਹ ਜਾਂ ਨਾਰੀਅਲ ਦਾ ਹੀ ਪਾਣੀ ਪੀਂਦਾ ਹਾਂ। ਹਰਾ ਨਾਰੀਅਲ ਗਰਮੀਆਂ ਵਿਚ ਬੜਾ ਸਵਾਦ ਲੱਗਦਾ ਹੈ, ਤੇ ਕਿਸੇ ਬੀਮਾਰੀ ਦਾ ਵੀ

ਕੋਈ ਡਰ ਨਹੀਂ ਪੈਦਾ ਹੁੰਦਾ। ਇਹ ਪਾਣੀ ਸੂਰਜ ਨੇ ਕਸ਼ੀਦ ਕਰਕੇ ਖੋਪੇ ਵਿਚ ਭਰਿਆ ਹੈ, ਤੇ ਮੋਹਰ ਲਾ ਕੇ ਬੰਦ ਕੀਤਾ ਹੈ। ਸਫ਼ਰ ਖ਼ਤਮ ਹੋਣ ਤੇ ਮੈਂ ਸਿਰਫ਼ ਚਾਹ ਹੀ ਪੀਂਦਾ ਹਾਂ। ਗਰਮ ਪਾਣੀ ਵਿਚ ਜਰਾਸੀਮ ਮਰ ਜਾਂਦੇ ਹਨ, ਤੇ ਗਲ ਵਿਚ ਜੋ ਮਿੱਟੀ ਘੱਟਾ ਗਿਆ ਹੋਵੇ ਉਹ ਵੀ ਸਾਫ਼ ਹੋ ਜਾਂਦਾ ਹੈ।

ਚਾਹ ਦੇ ਬੂਟੇ ਦਾ ਜਨਮ-ਸਥਾਨ ਦੱਖਣੀ ਚੀਨ ਹੈ। ਪਹਿਲੇ ਇਸ ਨੂੰ ਦਵਾਈ ਤੇ ਤੌਰ ਤੇ ਵਰਤਿਆ ਜਾਂਦਾ ਸੀ ਤੇ ਆਮ ਯਕੀਨ ਸੀ ਕਿ ਬੁਖ਼ਾਰ ਹਟਾਉਂਦਾ ਹੈ, ਥਕਾਨ ਦੂਰ ਕਰਦਾ ਹੈ, ਰੂਹ ਨੂੰ ਖ਼ੁਸ਼ੀ ਦਿੰਦਾ ਹੈ ਤੇ ਅੱਖਾਂ ਨੂੰ ਫ਼ਾਇਦਾ ਕਰਦਾ ਹੈ। ਚੌਥੀ ਸਦੀ ਵਿਚ ਹੀ ਇਸ ਦਾ ਯੰਗਸੀ ਕਿਆਂਗ ਦੀ ਵਾਦੀ ਵਿਚ ਆਮ ਰਿਵਾਜ ਹੋ ਗਿਆ। ਟੈਂਗ ਬਾਦਸ਼ਾਹੀ ਸਮੇਂ ਅੱਠਵੀਂ ਸਦੀ ਦੇ ਅੱਧ ਵਿਚ ਲੂਵੂ ਨਾਮ ਤੇ ਸੰਤ ਕਵੀ ਨੇ ਚਾਹ ਪੀਣ ਦਾ ਖ਼ਾਸ ਤਰੀਕਾ ਬਣਾਇਆ ਤੇ ਚਾਹ ਦਾ ਗਰੰਥ ਲਿਖਿਆ, ਜਿਸ ਵਿਚ ਵਿਸਥਾਰ ਨਾਲ ਦਸਿਆ ਕਿ ਚਾਹ ਕਿਵੇਂ ਪੀਤੀ ਜਾਵੇ, ਬਰਤਨ ਕੈਸੇ ਹੋਣ, ਤੇ ਮਨ ਨੂੰ ਕਿਵੇਂ ਇਕਾਗਰ ਕੀਤਾ ਜਾਵੇ। ਚਾਹ ਦੇ ਛੇ ਸੱਤ ਪਿਆਲੇ ਪੀਣਾ ਕੋਈ ਵੱਡੀ ਗੱਲ ਨਹੀਂ ਸੀ ਸਮਝੀ ਜਾਂਦੀ। ਲੈਟੰਗ ਨਾਮ ਦਾ ਚੀਨੀ ਕਵੀ ਲਿਖਦਾ ਹੈ, "ਚਾਹ ਅੰਮ੍ਰਿਤ ਹੈ। ਪਹਿਲਾ ਪਿਆਲਾ ਮੇਰਾ ਬੁਲ੍ਹਾਂ ਤੇ ਗਲੇ ਨੂੰ ਗਿੱਲਾ ਕਰਦਾ ਹੈ। ਦੂਜਾ ਮੇਰੀ ਇਕੱਲਤਾ ਦੂਰ ਕਰਦਾ ਹੈ, ਤੀਜਾ ਮੇਰੀਆਂ ਆਂਦਰਾਂ ਵਿਚ ਜਾਂਦਾ ਹੈ, ਚੌਥੇ ਨਾਲ ਥੋੜਾ ਮੁੜ੍ਹਕਾ ਆਉਂਦਾ ਹੈ ਤੇ ਸਾਰੇ ਪਾਪ ਘੁਲ ਕੇ ਪਸੀਨੇ ਰਾਹੀਂ ਬਾਹਰ ਨਿਕਲ ਜਾਂਦੇ ਹਨ, ਪੰਜਵਾਂ ਮੈਨੂੰ ਪਵਿੱਤਰ ਕਰ ਦਿੰਦਾ ਹੈ ਅਤੇ ਛੇਵਾਂ ਮੈਨੂੰ ਸਵਰਗ ਦੇ ਦੇਵੀ ਦੇਵਤਿਆਂ ਵਿਚ ਪੁਚਾ ਦਿੰਦਾ ਹੈ।"

ਜੈਨ ਬੁੱਧ ਮਤ ਨੇ ਚਾਹ ਪੀਣ ਦੀ ਰਸਮ ਬਣਾਈ। ਆਪਣੇ ਗੁਰੂ ਬੋਧੀ ਧਰਮ ਦੀ ਮੂਰਤੀ ਸਾਹਮਣੇ ਸਾਰੇ ਸੰਤ ਬੈਠ ਜਾਂਦੇ ਤੇ ਇਕੋ ਪਿਆਲੇ 'ਚੋਂ ਵਾਰੋ ਵਾਰੀ ਗੰਭੀਰਤਾ ਤੇ ਭਗਤੀ ਭਾਵ ਨਾਲ ਚਾਹ ਪੀਂਦੇ। ਇਹੀ ਜੈਨ ਰੀਤੀ ਪੰਦਰਵੀਂ ਸਦੀ ਵਿਚ ਜਾਪਾਨ ਪੁਜ ਗਈ ਤੇ ਸ਼ੋਗਨ ਅਸੀਕਾਗਾ ਯੋਸ਼ੀਮਾਸਾ ਦੀ ਸਰਪਰਸਤੀ ਹੇਠ ਚਾਹ ਪੀਣ ਦੀ ਰਸਮ ਦੇ ਰੂਪ ਵਿਚ ਪ੍ਰਚੱਲਤ ਹੋ ਗਈ ਤੇ ਚਾਹ ਪੀਣਾ ਇਕ ਜੀਵਨ ਕਲਾ ਦਾ ਹਿੱਸਾ ਹੋ ਗਿਆ। ਚਾਹ ਪੀਣ ਦਾ ਕਮਰਾ ਇਕ ਸ਼ਾਂਤੀ ਦਾ ਮੰਦਰ ਬਣ ਗਿਆ, ਤੇ ਜੋ ਇਸ ਵਿਚ ਦਾਖ਼ਲ ਹੁੰਦਾ ਜ਼ਿੰਦਗੀ ਦੇ ਫ਼ਿਕਰਾਂ ਝਗੜਿਆਂ ਝਾਂਜਾਂ ਨੂੰ ਭੁਲਾ ਕੇ ਦਾਖ਼ਲ ਹੁੰਦਾ। ਇਸ ਕਮਰੇ ਦਾ ਦਰਵਾਜ਼ਾ ਸਿਰਫ਼ ਤਿੰਨ ਫੁਟ ਉਚਾ ਹੁੰਦਾ, ਤੇ ਸਭ ਮਹਿਮਾਨ ਝੁਕ ਕੇ ਅੰਦਰ ਦਾਖ਼ਲ ਹੁੰਦੇ। ਇਸ ਦਾ ਮਤਲਬ ਇਹ ਸੀ ਕਿ ਸਭ ਨਿਮਰਤਾ ਨਾਲ ਊਚ ਨੀਚ ਦੇ ਖ਼ਿਆਲ ਛੱਡ ਕੇ ਅੰਦਰ ਦਾਖ਼ਲ ਹੋਣ। ਤਾਕ ਵਿਚ ਸਿਰਫ਼ ਇਕ ਤਸਵੀਰ ਹੁੰਦੀ, ਜਾਂ ਫੁੱਲਾਂ ਪੱਤਿਆਂ ਦੀ ਸਾਦਾ ਜਿਹੀ ਸਜਾਵਟ। ਜੈਨ

ਸ਼ਬਦ ਧਿਆਨ ਤੋਂ ਨਿਕਲਿਆ ਹੈ, ਤੇ ਮਹਾਤਮਾ ਬੁੱਧ ਧਿਆਨ 'ਤੇ ਬੜਾ ਜ਼ੋਰ ਦਿੰਦੇ ਸਨ ਕਿ ਇਸ ਨਾਲ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ। ਇਹੀ ਸੁਨੇਹਾ ਬੋਧੀ ਧਰਮ ਛੇਵੀਂ ਸਦੀ ਵਿਚ ਭਾਰਤ ਤੋਂ ਚੀਨ ਲੈ ਕੇ ਅਇਆ, ਤੇ ਏਹੀ ਜਾਪਾਨ ਵਿਚ ਪਹੁੰਚਿਆ। ਸੋਲ੍ਹਵੀਂ ਸਦੀ ਵਿਚ ਰਿਕੀਓ ਨੇ ਚਾਹ ਪੀਣ ਦੀ ਰਸਮ ਨੂੰ ਸ਼ਾਂਤੀ ਤੇ ਪਵਿੱਤ੍ਰਤਾ ਦਾ ਨਮੂਨਾ ਬਣਾਇਆ। ਮਹਿਮਾਨ ਚੁੱਪ ਚਾਪ ਚਾਹ ਦੇ ਕਮਰੇ ਵਿਚ ਆਉਂਦੇ, ਤੇ ਸਿਵਾਏ ਉਬਲਦੇ ਪਾਣੀ ਦੀ ਆਵਾਜ਼ ਤੇ ਕੁਝ ਸੁਣਾਈ ਨਾ ਦਿੰਦਾ ਤੇ ਸਭ ਇਕਾਗਰ ਬਿਰਤੀ ਨਾਲ ਬੈਠਦੇ। ਮਨ, ਮਨਾਂ ਨਾਲ ਗੱਲਾਂ ਕਰਦੇ, ਤੇ ਤਾਕ ਦੀ ਤਸਵੀਰ ਜਾਂ ਫੁੱਲਾਂ ਨੂੰ ਦਿਲ ਹੀ ਦਿਲ ਵਿਚ ਸਲਾਹੁੰਦੇ।

ਚਾਹ ਪੀਣ ਦਾ ਕਮਰਾ ਬੜਾ ਸਾਫ਼, ਪਰ ਸਾਦਾ ਹੁੰਦਾ। ਏਨੀ ਸਫ਼ਾਈ ਹੁੰਦੀ ਕਿ ਮਜਾਲ ਹੈ ਜ਼ਰਾ ਵੀ ਮਿੱਟੀ ਵਿਖਾਈ ਦਿੰਦੀ। ਪੱਥਰਾਂ ਨਾਲ ਜੜਿਆ ਹੋਇਆ ਰਸਤਾ ਜੋ ਚਾਹ ਦੇ ਕਮਰੇ ਨੂੰ ਮਕਾਨ ਨਾਲ ਜੋੜਦਾ ਖ਼ਾਸ ਤੌਰ ਤੇ ਸਾਫ਼ ਕੀਤਾ ਜਾਂਦਾ। ਪਰ ਇਸ ਸਫ਼ਾਈ ਵਿਚ ਵੀ ਜਾਪਾਨੀ ਸੰਤਾਂ ਦੀ ਕਲਾਮਈ ਰੁਚੀ ਦਾ ਸਬੂਤ ਮਿਲਦਾ। ਜੋ ਸੰਤ ਚਾਹ ਪੀਣ ਦੀ ਰਸਮ ਦੀ ਪਰਧਾਨਗੀ ਕਰਦਾ ਉਸ ਨੂੰ ਚਾਹ-ਗੁਰੂ ਕਿਹਾ ਜਾਂਦਾ। ਰਿਕੀਓ ਇਕ ਮਸ਼ਹੂਰ ਚਾਹ ਗੁਰੂ ਹੋਇਆ ਹੈ। ਚਾਹ ਪੀਣ ਦੀ ਤਿਆਰੀ ਹੋ ਰਹੀ ਸੀ ਤੇ ਬੜੇ ਉਘੇ ਲੋਕਾਂ ਦੇ ਆਉਣ ਦੀ ਉਡੀਕ ਸੀ। ਰਿਕੀਓ ਦਾ ਲੜਕਾ ਸੋਆਨ ਬਾਗ਼ ਦਾ ਰਸਤਾ ਧੋ ਕੇ ਸਾਫ਼ ਕਰ ਰਿਹਾ ਸੀ। ਇਕ ਘੰਟਾ ਸਫ਼ਾਈ ਕਰਕੇ ਪਿਤਾ ਕੋਲ ਆਇਆ ਤੇ ਪੁੱਛਿਆ, “ਪਿਤਾ ਜੀ। ਹੁਣ ਸਭ ਠੀਕ ਹੈ। ਰਸਤੇ ਦੇ ਪੱਥਰ ਤਿਨ ਵਾਰੀ ਧੋਤੇ ਹਨ। ਪੱਥਰ ਦੀਆਂ ਲਾਲਟੈਣਾਂ ਤੇ ਦਰੱਖਤਾਂ ਦੇ ਪੱਤੇ ਵੀ ਫਵਾਰੇ ਨਾਲ ਧੋਤੇ ਹਨ, ਤੇ ਰਸਤੇ 'ਤੇ ਕੋਈ ਕੱਖ ਪੱਤਾ ਨਹੀਂ ਹੈ।" "ਓਹ ਮੂਰੱਖ"! ਚਾਹ-ਗੁਰੂ ਕੜਕ ਕੇ ਬੋਲਿਆ, “ਬਾਗ਼ ਦੇ ਰਸਤੇ ਨੂੰ ਸਾਫ਼ ਕਰਨ ਦਾ ਇਹ ਤਰੀਕਾ ਨਹੀਂ।" ਏਨੀ ਗੱਲ ਆਖ ਕੇ ਰਿਕੀਓ ਬਾਗ਼ ਵਿਚ ਆਇਆ, ਤੇ ਇਕ ਚਿਨਾਰ ਦਾ ਟਾਹਣਾ ਹਿਲਾਇਆ। ਰਸਤਾ ਲਾਲ ਤੇ ਪੀਲੇ ਪੱਤਿਆਂ ਨਾਲ ਸੱਜ ਗਿਆ, ਤੇ ਇੰਜ ਲਗੇ ਜਿਵੇਂ ਪੱਤਝੜ ਦਾ ਕੀਮਖ਼ਾਬ ਹੋਵੇ। ਰਿਕੀਓ ਸਿਰਫ਼ ਸਫ਼ਾਈ ਹੀ ਨਹੀਂ ਮੰਗਦਾ ਸੀ ਨਾਲ ਹੀ ਕੁਦਰਤੀ ਸੁੰਦਰਤਾ ਵੀ ਚਾਹੁੰਦਾ ਸੀ।

ਚਾਹ ਬੰਦੇ ਨੂੰ ਚੇਤੰਨ ਕਰਦੀ ਹੈ, ਤੇ ਬਿਰਤੀ ਇਕਾਗਰ ਕਰਦੀ ਹੈ। ਏਸੇ ਕਰਕੇ ਹੀ ਬੁੱਧ ਸੰਤ ਜਦ ਭਗਤੀ ਕਰਦੇ, ਚਾਹ ਜ਼ਰੂਰ ਪੀਂਦੇ, ਜਿਵੇਂ ਸਾਡੇ ਸੰਤ ਸੁੱਖਾ ਪੀਂਦੇ ਹਨ। ਚਾਹ ਪੀਣ ਦੀ ਰਸਮ ਨੇ ਸਭਿਆਚਾਰ ਤੇ ਲੋਕਾਂ ਦੇ ਜੀਵਨ ਤੇ ਵੀ ਅਸਰ ਪਾਇਆ ਤੇ ਚਿੱਤਰ ਕਲਾ ਤੇ ਬਾਗ਼ਬਾਣੀ ਦੀ ਕਲਾ ਨੂੰ ਬਹੁਤ ਹੁਲਾਰਾ ਦਿੱਤਾ।

ਚਾਹ 1610 ਵਿਚ ਡੱਚ ਈਸਟ ਇੰਡੀਆ ਕੰਪਨੀ ਨੇ ਯੂਰਪ ਵਿਚ ਲਿਆਂਦੀ। ਇਹ 1638 ਵਿਚ ਫ਼ਰਾਂਸ, 1639 ਵਿਚ ਰੂਸ ਤੇ 1640 ਵਿਚ ਇੰਗਲੈਂਡ ਪਹੁੰਚੀ। ਜਦ ਕੋਈ

ਨਵੀਂ ਚੀਜ਼ ਕਿਸੇ ਮੁਲਕ ਵਿਚ ਬਾਹਰੋਂ ਆਉਂਦੀ ਹੈ ਤਾਂ ਲੋਕ ਉਹਦੇ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾ ਕਰਦੇ ਹਨ। 1756 ਵਿਚ ਇਕ ਅੰਗ੍ਰੇਜ਼ ਲਿਖਾਰੀ ਨੇ ਲਿਖਿਆ ਕਿ ਚਾਹ ਪੀਣ ਨਾਲ ਮਰਦਾਂ ਦਾ ਕੱਦ ਮਧਰਾ ਹੋ ਜਾਂਦਾ ਹੈ, ਤੇ ਜਨਾਨੀਆਂ ਦੀ ਸੁੰਦਰਤਾ ਘਟ ਜਾਂਦੀ ਹੈ। ਇਹੋ ਜਿਹੀਆ ਗੱਲਾਂ ਦੇ ਬਾਵਜੂਦ ਵੀ ਚਾਹ ਦਾ ਇਸਤੇਮਾਲ ਵਧਦਾ ਗਿਆ। ਤੇ ਅਠਾਰ੍ਹਵੀਂ ਸਦੀ ਵਿਚ ਇੰਗਲੈਂਡ ਵਿਚ ਚਾਹ ਦਾ ਆਮ ਰਿਵਾਜ ਹੋ ਗਿਆ। ਬੜੇ-ਬੜੇ ਲਿਖਾਰੀ, ਐਡੀਸਨ, ਸਟੀਲ, ਸੈਮੂਅਲ ਜੌਨਸਨ ਤੇ ਚਾਰਲਸ ਲੈਂਬ ਸਭ ਚਾਹ ਦੇ ਪ੍ਰੇਮੀ ਸਨ। ਲੈਂਬ ਨੇ ਲਿਖਿਆ ਕਿ ਸਭ ਤੋਂ ਸਵਾਦਲਾ ਕੰਮ ਕਿਸੇ ਦਾ ਗੁਪਤ ਭਲਾ ਕਰਨਾ ਹੁੰਦਾ ਹੈ। ਜਾਪਾਨੀ ਕਲਾਕਾਰ ਓਕਾਕੂਰਾ ਨੇ ਚਾਹ ਪੀਣ ਦੀ ਕਲਾ ਦਾ ਟੀ-ਇਜ਼ਮ (ਚਾਹ ਵਾਦ) ਨਾਮ ਰਖਿਆ ਹੈ। ਉਹ ਕਹਿੰਦਾ ਹੈ ਟੀ- ਇਜ਼ਮ ਸੁੰਦਰਤਾ ਨੂੰ ਲੁਕਾਉਣ ਦੀ ਕਲਾ ਹੈ, ਕਿ ਤੁਸੀਂ ਉਸ ਨੂੰ ਲੱਭ ਸਕੋ। ਲੈਂਬ ਦੀ ਗੁਪਤ ਭਲਾ ਕਰਨ ਦੀ ਭਾਲ ਵੀ ਟੀ-ਇਜ਼ਮ ਦਾ ਹੀ ਹਿੱਸਾ ਹੈ।

ਮੈਂ ਇਨ੍ਹਾਂ ਖ਼ਿਆਲਾਂ ਵਿਚ ਹੀ ਮਸਤ ਚਾਹ ਪੀ ਰਿਹਾ ਸੀ ਕਿ ਕਾਇਸਥ ਬਾੜੀ ਵਲੋਂ ਇਕ ਪਹਾੜੀ ਗੀਤ ਦੀ ਆਵਾਜ਼ ਆਈ:

"ਕੁਥੋਂ ਤੇ ਉਗਮੀ ਕਾਲੀ ਬਦਲੀ,
ਓਏ ਮੁੰਡਿਆ ਪ੍ਰਿਥੀ ਸਿੰਘਾ,
ਕੁਥੋ ਤੋਂ ਉਗਮਿਆ ਠੰਡਾ ਨੀਰ ਓ।"

# ਭਾਰਤੀ ਲੋਕ-ਸਾਹਿਤ 'ਚ ਬ੍ਰਿਛ

ਮਨੁੱਖ ਮੁੱਢ ਕਦੀਮ ਤੋਂ ਹੀ ਰੁੱਖ ਦਾ ਸਤਿਕਾਰ ਕਰਦਾ ਆਇਆ ਹੈ—ਸ਼ਾਇਦ ਉਦੋਂ ਤੋਂ ਹੀ ਜਦ ਉਸ ਨੇ ਪਹਿਲਾਂ ਪਹਿਲਾਂ ਆਪਣੇ ਦਿਮਾਗ ਨਾਲ ਸੋਚਣਾ ਅਰੰਭ ਕੀਤਾ ਤੇ ਜਦ ਉਸ ਨੂੰ ਆਪਣੇ ਆਸੇ ਪਾਸੇ ਦੀਆਂ ਸਾਰੀਆਂ ਕੁਦਰਤੀ ਸ਼ਕਤੀਆਂ ਆਪਣੇ ਤੋਂ ਬਲਵਾਨ ਤੇ ਸਹਿਮ-ਉਪਜਾਊ ਲੱਗੀਆਂ। ਅਸੀਂ ਅੱਜ ਦੇ ਸਮੇਂ ਦੇ ਲੋਕੀ 'ਰੁਖ-ਉਪਾਸਨਾਂ' ਨਾਲ ਸੰਬੰਧਤ ਮਿਥਿਹਾਸ ਨੂੰ ਭਾਵੇਂ ਪੁਰਾਣੇ ਸਮਿਆਂ ਦੇ ਵਹਿਮਾਂ ਭਰਮਾਂ ਤੇ ਹੀ ਆਧਾਰਤ ਸਮਝੀਏ ਪਰ ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਇਸ ਵਿਚ ਵੀ ਕੁਦਰਤੀ ਸੁੰਦਰਤਾ ਦੀ ਪ੍ਰਸੰਸ਼ਾ ਦੇ ਉਹ ਗੁਣ ਭਰੇ ਹੋਏ ਹਨ ਜਿੰਨ੍ਹਾਂ ਨੇ ਸਾਡੇ ਵੱਡੇ ਵਡੇਰਿਆਂ ਨੂੰ ਕੁਦਰਤ ਦੇ ਸੱਚੇ ਉਪਾਸ਼ਕ ਬਣਾ ਦਿਤਾ। ਉਨ੍ਹਾਂ ਨੇ ਰੁੱਖ ਦੇ ਦੁਆਲੇ ਕਹਾਣੀ ਤੇ ਲੋਕ-ਕਥਾ, ਵਿਸ਼ਵਾਸ ਤੇ ਵਹਿਮਾਂ ਭਰਮਾਂ ਦਾ ਤਾਣਾ ਬਾਣਾ ਉਣ ਕੇ ਆਪਣੇ ਸੁਹਜ-ਪਿਆਰ ਦੀ ਭਾਵਨਾ ਨੂੰ ਤ੍ਰਿਪਤ ਕੀਤਾ; ਤੇ ਇਸ ਦਾ ਹੋਰ ਸਭ ਨਾਲੋਂ ਬਹੁਤਾ ਹਿੱਸਾ ਹੈ ਜੁਗਾਂ-ਜੁਗਾਂਤਰਾਂ ਤੋੜੀਂ ਰੁੱਖਾਂ ਦੀ ਚੰਗੀ ਪਾਲਣਾ ਤੇ ਸੰਭਾਲ ਲਈ ਲੋਕਾਂ ਨੂੰ ਪ੍ਰੇਰਨਾ ਦੇਂਦੇ ਰਹਿਣ ਵਿਚ।

ਪ੍ਰਾਚੀਨ ਭਾਰਤੀ ਸਾਹਿਤ ਵਾਂਗ ਭਾਰਤੀ ਮਿਥਿਹਾਸ ਵੀ ਰੁੱਖਾਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ। ਵੀਰ-ਗਾਥਾਵਾਂ ਵਿਚ ਆਈਆਂ ਬਹੁਤ ਸਾਰੀਆਂ ਕਹਾਣੀਆਂ ਰੁੱਖ ਜਾਂ ਰੁੱਖਾਂ ਦੀਆਂ ਝੰਗੀਆਂ ਦੁਆਲੇ ਤਣੀਆਂ ਬੁਣੀਆਂ ਹੋਈਆ ਹਨ। ਇਨ੍ਹਾਂ ਵਿਚੋਂ ਹੀ ਇਕ ਕਥਾ "ਪਾਰੀਜਾਤ ਬ੍ਰਿਛ" ਦੇ ਸੰਬੰਧ ਵਿਚ ਹੈ। ਜਿਸ ਬਾਰੇ ਇਹ ਆਖਿਆ ਜਾਂਦਾ ਹੈ ਕਿ ਇਹ ਰੁੱਖ ਦੁੱਧ ਦਾ ਸਮੁੰਦਰ ਰਿੜਕਣ ਤੇ ਨਿਕਲਿਆ ਤੇ ਦੇਵਤਿਆ ਦੇ ਰਾਜੇ ਇੰਦਰ ਨੇ ਇਸ ਨੂੰ ਆਪਣੇ ਬਾਗ ਵਿਚ ਲਾ ਲਿਆ। ਇਸ ਰੁੱਖ ਦਾ ਸੱਕ (ਛਿਲਕਾ) ਸੋਨੇ ਦਾ, ਤਾਂਬੇ ਰੰਗੀਆਂ ਫੁੱਟਦੀਆਂ ਹੋਈਆਂ ਕਰੂੰਬਲਾ ਤੇ ਸੁਗੰਧੀ ਖਿਲਾਰਦੇ ਫਲਾਂ ਦੇ ਗੁਛਿਆਂ ਨਾਲ ਲੱਦੀਆਂ ਹੋਈਆ ਟਹਿਣੀਆਂ ਸਨ।

ਕਥਾ ਆਉਂਦੀ ਹੈ ਕਿ ਇਕ ਵੇਰ ਨਾਰਦ ਨੇ ਇਸ ਰੁੱਖ ਦਾ ਇਕ ਫੁੱਲ ਦੁਵਾਰਕਾ ਵਿਚ ਲਿਜਾ ਕੇ ਭਗਵਾਨ ਕ੍ਰਿਸ਼ਨ ਨੂੰ ਭੇਟ ਕੀਤਾ। ਉਹ ਵੇਖਦਾ ਰਿਹਾ ਕਿ ਭਗਵਾਨ ਕ੍ਰਿਸ਼ਨ ਆਪਣੀ ਕਿਸ ਰਾਣੀ ਨੂੰ ਇਹ ਫੁੱਲ ਦੇਂਦਾ ਹੈ। ਕ੍ਰਿਸ਼ਨ ਜੀ ਨੇ ਫੁੱਲ ਰੁਕਮਣੀ ਨੂੰ ਦੇ ਦਿਤਾ। ਜਿਸ ਤੇ ਨਾਰਦ ਸਿੱਧਾ ਕ੍ਰਿਸ਼ਨ ਮਹਾਰਾਜ ਦੀ ਦੂਜੀ ਰਾਣੀ ਸਤਿਆਭਾਮਾ ਕੋਲ ਉਦਾਸ ਜਿਹਾ

ਮੂੰਹ ਬਣਾ ਕੇ ਗਿਆ। ਉਸ ਦੀ ਉਦਾਸੀ ਦਾ ਕਾਰਨ ਪੁਛਣ ਤੇ ਨਾਰਦਮੁਨੀ ਨੇ ਆਖਿਆ ਕਿ ਉਸ ਨੇ ਕ੍ਰਿਸ਼ਨ ਮਹਾਰਾਜ ਨੂੰ 'ਪਾਰੀਜਾਤ' ਰੁੱਖ ਦਾ ਫੁੱਲ ਭੇਂਟ ਕੀਤਾ ਸੀ ਇਸ ਵਿਚਾਰ ਨਾਲ ਕਿ ਉਹ ਇਹ ਫੁੱਲ ਆਪਣੀ ਸਭ ਤੋਂ ਪਿਆਰੀ ਪਤਨੀ ਅਰਥਾਤ ਤੁਹਾਨੂੰ ਦੇਣਗੇ ਪਰ ਉਸ ਨੂੰ ਇਹ ਵੇਖ ਕੇ ਅਫ਼ਸੋਸ ਹੋਇਆ ਕਿ ਭਗਵਾਨ ਕ੍ਰਿਸ਼ਨ ਨੇ ਉਹ ਫੁੱਲ ਰੁਕਮਣੀ ਨੂੰ ਦੇ ਦਿੱਤਾ ਹੈ।

ਨਾਰਦਮੁਨੀ ਨੇ ਸਤਿਆਭਾਮਾ ਨੂੰ ਕ੍ਰਿਸ਼ਨ ਮਹਾਰਾਜ ਕੋਲੋਂ ਇਹ ਮੰਗ ਕਰਨ ਲਈ ਉਸਕਾਇਆ ਕਿ ਉਹ ਪਰੀਜਾਤ ਦਾ ਰੁੱਖ ਹੀ ਮੰਗਵਾ ਕੇ ਉਸ ਦੇ ਬਾਗ਼ ਵਿਚ ਉਸ ਦੇ ਮਹੱਲ ਦੇ ਕੋਲ ਲੱਗਵਾ ਕੇ ਦੇਣ। ਉਸ ਨੂੰ ਇਹ ਸਲਾਹ ਦੇ ਕੇ ਨਾਰਦਮੁਨੀ ਵਾਪਸ ਸੁਰਗਾਂ ਨੂੰ ਮੁੜ ਗਏ ਤੇ ਉਥੇ ਜਾ ਕੇ ਇੰਦਰ ਮਹਾਰਾਜ ਨੂੰ ਕਿਹਾ; 'ਰਾਜਨ ਤੁਹਾਡੇ ਪਰੀਜਾਤ ਰੁੱਖ ਨੂੰ ਚੁਰਾ ਲੈ ਜਾਣ ਲਈ ਇਸ ਪਿਛੇ ਚੋਰ ਲੱਗੇ ਹੋਏ ਹਨ ਤੇ ਤੁਹਾਨੂੰ ਇਸ ਦੀ ਰਾਖੀ ਵਿਚ ਵਧੇਰੇ ਚੌਕਸ ਰਹਿਣਾ ਚਾਹੀਦਾ ਹੈ।'

ਸਤਿਆਭਾਮਾ ਕੋਪ-ਭਵਨ (ਪੁਰਾਣੇ ਸਮਿਆਂ ਦੇ ਹਿੰਦੂ, ਰਾਜੇ ਮਹਾਰਾਜੇ ਜਿਨ੍ਹਾਂ ਦੀਆਂ ਇਕ ਤੋਂ ਬਹੁਤੀਆਂ ਰਾਣੀਆਂ ਹੁੰਦੀਆਂ ਆਪਣੇ ਮਹੱਲਾਂ ਵਿਚ ਕੋਈ ਕਮਰਾ ਜਾਂ ਮਕਾਨ ਨਿਸ਼ਚਿਤ ਕਰ ਦੇਂਦੇ। ਜਿਸ ਕਿਸੇ ਰਾਣੀ ਨੂੰ ਕੋਈ ਨਾਰਾਜ਼ਗੀ ਜਾਂ ਸ਼ਿਕਾਇਤ ਹੁੰਦੀ ਉਹ ਉਸ ਕਮਰੇ ਵਿਚ ਜਾ ਬੈਠਦੀ ਜਿਸ ਨਾਲ ਰਾਜੇ ਨੂੰ ਪਤਾ ਚਲ ਜਾਂਦਾ ਕਿ ਫਲਾਂ ਰਾਣੀ ਨੂੰ ਕੋਈ ਸ਼ਿਕਾਇਤ ਹੈ ਤੇ ਉਹ ਉਸ ਦੀ ਨਾਰਾਜ਼ਗੀ ਦੇ ਕਾਰਨ ਦੂਰ ਕਰਨ ਦਾ ਜਤਨ ਕਰਦਾ। ਅਜਿਹੇ ਕਮਰੇ ਜਾਂ ਮਕਾਨ ਨੂੰ ਕੋਪਾਗਾਰ ਜਾਂ ਕੋਪ-ਭਵਨ ਆਖਦੇ ਸਨ) ਵਿਚ ਜਾ ਬੈਠੀ। ਕ੍ਰਿਸ਼ਨ ਮਹਾਰਾਜ ਉਸ ਦੀ ਨਾਰਾਜ਼ਗੀ ਦਾ ਕਾਰਨ ਪੁੱਛਣ ਗਏ ਤਾਂ ਉਸ ਜ਼ਰਾ ਰੋਹ ਵਿਚ ਆ ਕੇ ਆਖਿਆ ਕਿ ਉਨ੍ਹਾਂ ਉਸ ਨਾਲ ਧੋਖਾ ਕੀਤਾ ਹੈ। ਉਪਰੋਂ ਉਪਰੋਂ ਤਾਂ ਤੁਸੀਂ ਸਦਾ ਇਹ ਦੱਸਣ ਦਾ ਜਤਨ ਕਰਦੇ ਹੋ ਕਿ ਤੁਹਾਡਾ ਸਭ ਤੋਂ ਬਹੁਤਾ ਪਿਆਰ ਮੇਰੇ ਨਾਲ ਹੈ ਪਰ ਉਂਜ ਤੁਸੀਂ ਮੇਰੇ ਨਾਲ ਰੁਕਮਣੀ ਦੀਆਂ ਦਾਸੀਆਂ ਵਰਗਾ ਸਲੂਕ ਕਰਦੇ ਹੋ। ਜੇ ਇੰਜ ਨਹੀਂ ਤਾਂ ਫਿਰ ਤੁਸਾਂ 'ਪਾਰੀਜਾਤ ਫੁੱਲ' ਰੁਕਮਣੀ ਨੂੰ ਕਿਉਂ ਦਿਤਾ ਏ ?" ਕ੍ਰਿਸ਼ਨ ਮਹਾਰਾਜ ਨੇ ਆਪਣਾ ਕਸੂਰ ਮੰਨ ਲਿਆ ਤੇ ਉਸ ਕੋਲੋਂ ਪੁਛਿਆ ਕਿ ਉਸ ਦੀ ਨਾਰਾਜ਼ਗੀ ਦੂਰ ਕਰਨ ਲਈ ਉਹ ਕੀ ਕਰ ਸਕਦੇ ਹਨ। ਸਤਿਆਭਾਮਾ ਕਹਿਣ ਲਗੀ ਕਿ ਉਨ੍ਹਾਂ ਨਾਲ ਹੁਣ ਉਹ ਤਾਂ ਹੀ ਰਾਜ਼ੀ ਹੋ ਸਕਦੀ ਹੈ ਜੇ ਪੂਰੇ ਦਾ ਪੂਰਾ ਪਾਰੀਜਾਤ ਰੁੱਖ ਹੀ ਲਿਆ ਕੇ ਉਸ ਦੇ ਬਾਗ਼ ਵਿਚ ਲਾ ਦਿਤਾ ਜਾਵੇ। ਕ੍ਰਿਸ਼ਨ ਮਹਾਰਾਜ ਤੁਰਤ ਹੀ ਅਮਰਾਵਤੀ ਨੂੰ ਚੱਲ ਪਏ। ਉਥੇ ਅੱਖ ਬਚਾ ਕੇ ਇੰਦਰ ਰਾਜੇ ਦੇ ਬਾਗ਼ ਵਿਚ ਜਾ ਵੜੇ ਤੇ ਉਸ ਰੁੱਖ ਨੂੰ ਪੁਟਣ ਲੱਗ ਪਏ। ਦੇਵਰਾਜ ਇੰਦਰ ਵੀ ਉਪਰੋਂ ਹੀ ਆ ਗਏ ਤੇ ਚੋਰ ਨੂੰ ਚੋਰੀ ਕਰਦਿਆਂ ਸਿਰੋਂ ਹੀ ਆ ਫੜਿਆ। ਪਰ ਇਹ ਵੇਖ ਕੇ ਕਿ ਉਸ ਦਾ ਚੋਰ ਕੌਣ ਹੈ ਉਸ ਥੋੜ੍ਹੀ ਨਾਰਾਜ਼ਗੀ ਤਾਂ ਜ਼ਾਹਿਰ ਕੀਤੀ ਪਰ ਉਸ ਨੂੰ ਉਹ ਪਾਰੀਜਾਤ ਰੁੱਖ ਪੁਟ ਕੇ ਦੁਆਰਕਾ ਨੂੰ ਲੈ ਜਾਣ ਦਿਤਾ।

ਕ੍ਰਿਸ਼ਨ ਜੀ ਸਾਹਮਣੇ ਹੁਣ ਹੋਰ ਸਮੱਸਿਆ ਆ ਖੜੀ ਹੋਈ। ਉਹ ਸਤਿਆਭਾਮਾ ਨਾਲ ਕੀਤਾ ਇਕਰਾਰ ਵੀ ਨਿਭਾਉਣਾ ਚਾਹੁੰਦੇ ਸਨ ਪਰ ਇਹ ਵੀ ਨਹੀਂ ਸੀ ਚਾਹੁੰਦੇ ਕਿ ਇਸ ਨਾਲ ਰੁਕਮਣੀ ਨਰਾਜ਼ ਹੋਵੇ ਜਾਂ ਈਰਖਾ ਕਰੇ। ਇਸ ਸਮੱਸਿਆ ਦਾ ਹੱਲ ਉਨ੍ਹਾਂ ਨੇ ਉਸ ਰੁੱਖ ਨੂੰ ਇਸ ਤਰ੍ਹਾਂ ਲਾ ਕੇ ਕੱਢਿਆ ਕਿ ਉਸ ਦਾ ਮੁੱਢ ਤੇ ਤਣਾ ਤਾਂ ਸਤਿਆਭਾਮਾ ਦੇ ਬਾਗ਼ ਵਿਚ ਰਹੇ ਪਰ ਉਸ ਦੇ ਉਪਰਲੇ ਵਧੇ ਹੋਏ ਟਾਹਣੇ ਲਾਗੇ ਰੁਕਮਣੀ ਦੇ ਮਹੱਲ ਉਪਰ ਜਾ ਪੁਜੇ ਜਿਥੇ ਸਵੇਰੇ ਸਵੇਰੇ ਉਸ ਦੇ ਫੁੱਲ ਖਿੰਡ ਜਾਇਆ ਕਰਦੇ। ਪਾਰੀਜਾਤ ਰੁੱਖ ਨੂੰ "ਹਾਰ-ਸ਼ਿੰਗਾਰ" ਦਾ ਨਾਂ ਵੀ ਦਿਤਾ ਜਾਂਦਾ ਹੈ। ਇਹ ਰੁੱਖ ਰਾਤ ਨੂੰ ਆਪਣੇ ਫੁੱਲ ਕੇਰਦਾ ਹੈ ਜਿਹੜੇ ਉਸ ਵੇਲੇ ਬਹੁਤ ਸੁੰਦਰ ਸੁਗੰਧੀ ਖਿਲਾਰਦੇ ਹਨ।

ਸੁੰਦਰ ਫੁੱਲਾਂ ਦੇ ਗੁਛਿਆਂ ਨਾਲ ਲੱਦੀਆਂ ਟਾਹਣੀਆਂ ਵਾਲਾ 'ਸਾਲ੍ਹ' ਦਾ ਰੁੱਖ ਵੀ ਬੜਾ ਮਨੋਹਰ ਦ੍ਰਿਸ਼ ਪੇਸ਼ ਕਰਦਾ ਹੈ। ਮਹਾਂਮਾਯਾ ਇਸ ਫੁੱਲਾਂ ਲੱਦੇ ਰੁੱਖ ਦੀ ਖ਼ੂਬਸੂਰਤੀ ਵੱਲ ਮਲੋ ਮਲੀ ਖਿੱਚੀ ਗਈ ਤੇ ਉਸ ਨੇ ਇਕ ਸੁੰਦਰ ਫੁੱਲਾਂ ਵਾਲੇ 'ਸਾਲ੍ਹ' ਰੁੱਖ ਦੇ ਬਗੀਚੇ ਵਿਚ ਭਗਵਾਨ ਬੁੱਧ ਨੂੰ ਜਨਮ ਦਿਤਾ। ਆਪਣੇ ਪਿਤਾ ਦੇ ਸ਼ਹਿਰ ਨੂੰ ਜਾਂਦੀ ਹੋਈ ਉਸ ਰਾਹ ਵਿਚ ਕਿੱਦਾ ਇਨ੍ਹਾਂ

ਖ਼ੂਬਸੂਰਤ ਫੁੱਲਾਂ ਵਾਲੇ ਰੁੱਖਾਂ ਦੇ ਬਗੀਚੇ ਨੂੰ ਵੇਖਦਿਆਂ ਹੀ ਉਸ ਵਲ ਮਲੋ ਮੱਲੀ ਖਿੱਚੀ ਗਈ।

ਇਸ ਬਾਰੇ ਬੋਧੀ ਸਾਹਿਤ ਨਾਲ ਇਕ ਸੁੰਦਰ ਕਥਾ ਇਉਂ ਆਉਂਦੀ ਹੈ:

"ਮਹਾਂਮਾਯਾ ਗਰਭਵਤੀ ਸੀ। ਉਸ ਦੇ ਗਰਭ ਦਾ ਆਖ਼ਰੀ ਮਹੀਨਾ ਪੁਗਣ ਵਾਲਾ ਸੀ ਜਦ ਉਸ 'ਦੇਵਦਾਹ' ਨਗਰ ਵਿਚ ਆਪਣੇ ਪਿਤਾ ਦੇ ਕੋਲ ਜਾਣ ਦੀ ਇੱਛਾ ਪਰਗਟ ਕੀਤੀ। ਮਹਾਰਾਜ ਸ਼ੁਧੋਧਨ ਨੇ ਹੁਕਮ ਦੇ ਦਿਤਾ ਕਿ ਕਪਲਵਸਤੂ ਤੋਂ 'ਦੇਵਦਾਹ' ਨਗਰ ਨੂੰ ਜਾਦੇ ਰਾਹ ਸੁਆਰ ਸਜਾ ਕੇ ਠੀਕ ਕਰ ਦਿੱਤੇ ਜਾਣ। ਜਦ ਸਭ ਕੁਝ ਠੀਕ ਹੋ ਗਿਆ ਤਾਂ ਮਹਾਂਮਾਯਾ ਇਕ ਸੁਨਹਿਰੀ ਪਾਲਕੀ ਵਿਚ ਆਪਣੇ ਪਿਤਾ ਦੇ ਨਗਰ ਨੂੰ ਚਲ ਪਈ। ਰਸਤੇ ਵਿਚ 'ਸਾਲ੍ਹ' ਦੇ ਰੁੱਖਾਂ ਦੀ ਇਕ ਝੰਗੀ ਆਈ ਜਿਸ ਦਾ ਨਾਂ 'ਲੁੰਬਨੀ ਬਾਗ' ਸੀ। ਮਹਾਰਾਣੀ ਖਿੜੇ ਹੋਏ ਖ਼ੁਸ਼ਬੂਆਂ ਖਿਲਾਰਦੇ ਫੁੱਲਾਂ ਨਾਲ ਲੱਦੇ ਹੋਏ ਰੁੱਖਾਂ ਦੇ ਇਸ ਝੁੰਡ ਨੂੰ ਵੇਂਹਦਿਆਂ ਸਾਰ ਹੀ ਮੁਗਧ ਹੋ ਗਈ ਤੇ ਉਸ ਕਹਾਰਾਂ ਨੂੰ ਆਖਿਆ ਥੋੜ੍ਹੀ ਦੇਰ ਲਈ ਪਾਲਕੀ ਉਸ ਰੁੱਖਾਂ ਦੀ ਝੰਗੀ ਵਿਚ ਰੱਖ ਦੇਣ ਲਈ, ਕਿਉਂ ਜੋ ਉਹ ਉਥੇ ਚੰਦ ਘੜੀਆਂ ਬਿਤਾਉਣਾ ਚਾਹੁੰਦੀ ਹੈ। ਉਸ ਝੰਗੀ ਵਿਚ ਫਿਰ ਫਿਰ ਕੇ ਜਦ ਉਹ ਖ਼ੂਬਸੂਰਤ ਫੁੱਲਾਂ ਦੀਆਂ ਖੁਸ਼ਬੂਆਂ ਦਾ, ਪੰਛੀਆਂ ਤੇ ਮਧੂ-ਮੱਖੀਆਂ ਦੇ ਮਿੱਠੇ ਸੰਗੀਤ ਦਾ ਰਸ ਲੈ ਰਹੀ ਸੀ ਤਾਂ ਉਸ ਦਾ ਧਿਆਨ ਮੱਲੋ ਮਲੀ ਸੁੰਦਰ ਫੁੱਲਾਂ

ਨਾਲ ਲੱਦੀ ਇਕ ਟਾਹਣੀ ਵੱਲ ਖਿੱਚਿਆ ਗਿਆ। ਉਹ ਟਾਹਣੀ ਆਪ੍ਰੂੰ ਉਸ ਵੱਲ ਝੁਕੀ ਆ ਗਈ ਤੇ ਜਿਉਂ ਹੀ ਮਹਾਂਮਾਯਾ ਨੇ ਉਸ ਤੋਂ ਫੁੱਲ ਤੋੜਨ ਲਈ ਆਪਣੇ ਹੱਥ ਅਗਾਹ ਵਧਾਇਆ ਕਿ ਬਿਨਾਂ ਕਿਸੇ ਦੁਖ ਤਕਲੀਫ਼ ਦੇ ਉਸ ਦੇ ਬੱਚੇ ਦਾ ਜਨਮ ਹੋ ਗਿਆ। ਮਹਾਂ ਬ੍ਰਹਮਾਂ ਨੇ ਪੈਦਾ ਹੁੰਦੇ ਹੀ ਬੱਚੇ ਨੂੰ ਸੁਨਹਿਰੀ ਜਾਲੀ ਵਿਚ ਸੰਭਾਲ ਲਿਆ ਤੇ ਉਸ ਕੋਲੋਂ ਅਗੇ ਰੱਖਸ਼ਕ ਦੇਵਤਿਆਂ ਨੇ ਲੈ ਕੇ ਉਸ ਨੂੰ 'ਮਿਰਗ ਸ਼ਾਲ' ਤੇ ਰੱਖ ਕੇ ਅਗੇ ਅਮੀਰਾਂ-ਵਜ਼ੀਰਾਂ ਦੀ ਸੰਭਾਲ ਵਿਚ ਦੇ ਦਿਤਾ ਜਿਨ੍ਹਾਂ ਨੇ ਉਸ ਨੂੰ ਅਤੀ ਸੁੰਦਰ ਤੇ ਕੂਲੇ ਵਸਤਰਾਂ ਦੀਆਂ ਤੈਹਾਂ ਵਿਚ ਲਪੇਟ ਲਿਆ।"

ਭਾਰਤ ਦੇ ਲੋਕਾਂ ਲਈ ਰੁੱਖ ਦੇ ਅਰਥ ਆਮ ਜੜ੍ਹੀ-ਬੂਟੀਆਂ ਵਰਗੀ ਬਨਾਸਪਤੀ ਜਿਹੇ ਹੀ ਨਹੀਂ ਹਨ ਸਗੋਂ ਉਨ੍ਹਾਂ ਲਈ ਇਸ ਦੀ ਬਹੁਤ ਵਧੇਰੀ ਮਹਾਨਤਾ ਹੈ। ਕਈ ਰੁੱਖ ਤਾਂ ਦੇਵਤਿਆਂ ਦੀ ਰਿਹਾਇਸ਼ਗਾਹ ਖ਼ਿਆਲ ਕੀਤੇ ਜਾਂਦੇ ਹਨ ਤੇ ਇਸ ਲਈ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਬੋਹੜ ਦੇ ਰੁੱਖ ਨੂੰ ਵਿਸ਼ਨੂੰ ਦਾ ਵਾਸਾ ਆਖਿਆ ਜਾਂਦਾ ਹੈ ਜਿਸ ਕਰਕੇ ਇਹਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਰੁੱਖ ਦੀ ਬਹੁਤੀ ਲੰਮੀ ਆਯੂ ਹੋਣ ਤੇ ਆਪਣੇ ਟਾਹਣਿਆਂ ਤੋਂ ਅੰਬਰ ਜੜ੍ਹਾਂ ਦਾੜ੍ਹੀ ਤੇ ਛਡਣ ਦੇ ਕਾਰਣ ਇਸ ਨੂੰ ਅਮਰ (ਕਦੇ ਨਾ ਮਰਨ ਵਾਲਾ) ਰੁੱਖ ਮੰਨਿਆ ਜਾਂਦਾ ਸੀ। ਪੈਰ ਦਾ ਅੰਗੂਠਾ ਚੁੰਮਦੇ ਨਾਰਾਇਣ (ਜਿਹੜਾ ਸਦੀਵੀ ਜੀਵਨ ਦਾ ਚਿੰਨ੍ਹ ਆਖਿਆ ਜਾਂਦਾ ਹੈ) ਦਾ ਵਾਸ ਬੋਹੜ ਦੇ ਪੱਤੇ ਤੇ ਸਮਝਿਆ ਜਾਂਦਾ ਹੈ।

ਪਿੱਪਲ ਦੇ ਰੁੱਖ ਤੇ ਸ਼ਿਵਜੀ, ਬ੍ਰਹਮਾ, ਵਿਸ਼ਨੂੰ ਤ੍ਰਿਮੂਰਤੀ ਦਾ ਹੀ ਵਾਸ ਖਿਆਲ ਕੀਤਾ ਜਾਂਦਾ ਹੈ ਕਿ ਇਸ ਤੇ ਆਮ ਤੌਰ ਤੇ ਸਾਰੇ ਹੀ ਦੇਵਤੇ ਆ ਕੇ ਨਿਵਾਸ ਕਰਦੇ ਹਨ। ਇਸ ਰੁੱਖ ਨੂੰ ਛੇੜਨ ਦੀ ਕਿਸੇ ਨੂੰ ਆਗਿਆ ਨਹੀਂ ਸੀ ਹੁੰਦੀ। ਤੇ ਇਸਤਰੀਆਂ ਨੂੰ ਰੋਜ਼ ਇਸ ਦੀ ਪੂਜਾ ਕਰਨ ਤੇ ਇਸ ਦੇ ਆਲੇ ਦੁਆਲੇ ਹਜ਼ਾਰ ਪਰਕਰਮਾਂ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਸੀ। ਮਹਾਤਮਾ ਦਾ ਹੁਕਮ ਹੈ ਕਿ ਸਾਉਣ ਦੇ ਮਹੀਨੇ ਦੇ ਹਰ ਸ਼ਨਿਚਰਵਾਰ ਨੂੰ ਇਸ ਰੁੱਖ ਦੀ ਪੂਜਾ ਕੀਤੀ ਜਾਵੇ।

ਸੰਤ ਵੈਖਲਯ ਨੇ ਇਸ ਵਿਸ਼ਵਾਸ ਦਾ ਪਰਚਾਰ ਕੀਤਾ ਕਿ ਵਿਸ਼ਨੂੰ ਨੇ ਹੀ ਪਿੱਪਲ ਦਾ ਰੂਪ ਧਾਰਨ ਕੀਤਾ ਹੋਇਆ ਹੈ। ਕਈ ਥਾਵਾਂ ਤੇ ਤਾਂ ਪਿੱਪਲ ਨੂੰ ਜਨੇਊ ਪਾਣ ਤੇ ਇਸ ਦਾ ਤੁਲਸੀ ਨਾਲ ਵਿਆਹ ਕਰਨ ਦੀਆਂ ਰਸਮਾਂ ਵੀ ਕੀਤੀਆਂ ਜਾਂਦੀਆਂ ਹਨ। ਅੱਜ ਵੀ ਪਿੱਪਲ ਦੀ ਸੁਕੀ ਲਕੜੀ ਪੂਜਾ ਵੇਲੇ ਹਵਨ ਕੁੰਡ ਵਿਚ ਪਾਈ ਜਾਂਦੀ ਹੈ। ਹੇਠਾਂ ਦਿਤੇ ਮੰਤਰ ਦੇ ਉਚਾਰਨ ਨਾਲ ਪਿੱਪਲ ਦੇ ਰੁੱਖਾ ਦੀ ਪੂਜਾ ਕੀਤੀ ਜਾਂਦੀ ਹੈ :

ਪੱਤੇ ਪੱਤੇ ਗੋਬਿੰਦ ਬੈਠਾ ਟਾਹਣੀ ਟਾਹਣੀ ਦੇਉਤਾ,
ਮੁੱਢ ਤੇ ਸ੍ਰੀ ਕ੍ਰਿਸ਼ਨ ਬੈਠਣ ਧੰਨ ਬ੍ਰਹਮਾ ਦੇਉਤਾ।

ਤੇ ਪਿਪੱਲ ਦੀ ਪੂਜਾ ਦੇਵਤਿਆਂ ਦੀ ਪੂਜਾ ਬਰਾਬਰ ਸਮਝੀ ਜਾਂਦੀ ਹੈ।

ਪਿੱਪਲ ਵਾਂਗ ਬੋਹੜ ਦਾ ਰੁੱਖ ਅਜੇ ਵੀ ਪਵਿੱਤਰ ਮੰਨਿਆ ਜਾਂਦਾ ਹੈ। ਜਦੋਂ ਕਦੇ ਅਤਿਅੰਤ ਕਾਲ ਦਾ ਸਾਹਮਣਾ ਆ ਪਵੇ ਤੱਦ ਹੀ ਕਿਧਰੇ ਇਨ੍ਹਾਂ ਰੁੱਖਾਂ ਦੇ ਹਰੇ ਪੱਤੇ ਪਸ਼ੂਆਂ ਨੂੰ ਖੁਆਣ ਲਈ ਲਾਹੇ ਜਾਂਦੇ ਹਨ। ਬਹੁਤੇ ਪਿੰਡਾਂ ਵਿਚ ਅਜੇ ਵੀ ਰੁੱਖਾਂ ਦੀਆਂ ਐਸੀਆਂ ਝੰਗੀਆਂ ਹਨ ਜਿਥੋਂ ਕਿਸੇ ਨੂੰ ਵੀ ਲੱਕੜ ਵੱਢਣ ਜਾਂ ਫਲ ਤੋੜਨ ਦੀ ਆਗਿਆ ਨਹੀਂ ਦਿਤੀ ਜਾਂਦੀ।

ਰੁੱਖਾਂ ਨੂੰ ਪਵਿੱਤਰ ਮੰਨੇ ਜਾਣ ਦਾ ਇਕ ਹੋਰ ਕਾਰਨ ਇਹ ਹੈ ਕਿ ਉਹ ਪੰਛੀਆਂ ਨੂੰ ਨਿਵਾਸ ਦੀਆਂ ਸਹੂਲਤਾਂ ਦੇਂਦੇ ਹਨ। ਇਕ ਰੁੱਖ ਦੀ ਸੰਭਾਲ ਕਰਨ ਦੇ ਅਰਥ ਉਨ੍ਹਾਂ ਅਨੇਕਾਂ ਪੰਛੀਆਂ ਦੀ ਜਾਨ ਬਚਾਉਣਾ ਹੈ ਜਿਹੜੇ ਉਸ ਤੇ ਆ ਕੇ ਨਿਵਾਸ ਕਰਦੇ ਤੇ ਜੀਵਨ ਬਿਤਾਂਦੇ ਹਨ। ਇਸੇ ਤਰ੍ਹਾਂ ਮਨੁੱਖੀ ਆਤਮਾ ਦੀ ਖੁਸ਼ੀ ਤੇ ਸ਼ਾਂਤੀ ਲਈ ਵੀ ਰੁੱਖ ਨਾਲੋਂ ਵੱਧ ਕੇ ਚੰਗੇਰੀ ਹੋਰ ਕੋਈ ਥਾਂ ਨਹੀਂ ਹੈ। ਕਿਸੇ ਕੰਮ ਆਉਂਦੇ ਜਾਂ ਸੁੰਦਰ ਰੁੱਖ ਦੇ ਬਾਰੇ ਤਾਂ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਸ ਦੇ ਅੰਦਰ ਵੀ ਉਸ ਦੀ ਆਪਣੀ ਜੀਉਂਦੀ ਜਾਗਦੀ ਆਤਮਾ ਹੈ। ਬਹੁਤ ਸਾਰੀਆਂ ਹਾਲਤਾਂ ਵਿਚ ਤਾਂ ਲੋਕਾਂ ਦਾ ਵਿਸ਼ਵਾਸ ਸੀ ਕਿ ਰੁੱਖ ਦੇ ਅੰਦਰ ਬਣ-ਦੇਵ ਜਾਂ ਰੁਖ ਦੇ ਦੇਵਤਾ ਦਾ ਵਾਸਾ ਹੁੰਦਾ ਹੈ, ਜਿਸ ਦੇ ਬਾਰੇ ਇਕ ਪ੍ਰਾਚੀਨ ਕਥਾ ਵੀ ਇਉਂ ਚਲਦੀ ਹੈ—

"ਪੁਰਾਣੇ ਸਮਿਆਂ ਦੀ ਗੱਲ ਹੈ ਜਦ ਰਾਜਾ ਬ੍ਰਹਮਦਤ ਬਨਾਰਸ 'ਤੇ ਰਾਜ ਕਰਦੇ ਸਨ। ਇਕ ਦਿਨ ਉਨ੍ਹਾਂ ਦੇ ਦਿਲ ਵਿਚ ਇਹ ਵਿਚਾਰ ਆਇਆ ਕਿ ਹਰ ਥਾਂ ਭਾਰਤ ਵਿਚ ਐਸੇ ਰਾਜੇ ਮਹਾਰਾਜੇ ਹਨ ਜਿਨ੍ਹਾਂ ਕੋਲ ਕਈ ਕਈ ਬੁਰਜੀਆਂ ਵਾਲੇ ਮਹੱਲ ਹਨ। ਜੇ ਮੈਂ ਕਿਤੇ ਇਕੋ ਬੁਰਜੀ (ਥਮਲੇ) ਦੇ ਸਹਾਰੇ ਉਤੇ ਮਹੱਲ ਖੜ੍ਹਾ ਕਰ ਲਵਾਂ ਤਾਂ ਕਿੱਡਾ ਮਜ਼ਾ ਆਵੇ। ਫਿਰ ਤਾਂ ਸਾਰੇ ਰਾਜੇ ਮਹਾਰਾਜਿਆਂ ਵਿਚ ਮੈਂ ਇਕੱਲਾ ਹੀ ਪਹਿਲੇ ਦਰਜੇ ਤੇ ਹੋਵਾਂਗਾ।" ਉਹਨੇ ਆਪਣੇ ਕਾਰੀਗਰਾਂ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਇਕੋ ਬੁਰਜੀ ਦੇ ਸਹਾਰੇ ਖਲੋਤਾ ਇਕ ਸ਼ਾਨਦਾਰ ਮਹੱਲ ਬਣਾਉਣ ਲਈ ਹੁਕਮ ਦਿਤਾ। ਉਨ੍ਹਾਂ ਆਖਿਆ, 'ਰਾਜਨ ਤੁਹਾਡੇ ਹੁਕਮ ਦੀ ਪਾਲਣਾ ਹੋਵੇਗੀ। ਮਹੱਲ ਜ਼ਰੂਰ ਬਣੇਗਾ।' ਇੰਨਾ" ਆਖ ਕੇ ਉਹ ਜੰਗਲ ਵਿਚ ਚਲੇ ਗਏ। ਉਥੇ ਉਨ੍ਹਾਂ ਨੂੰ ਇਕ ਸੋਹਣਾ ਉਚਾ ਲੰਮਾਂ ਰੁੱਖ ਮਿਲ ਗਿਆ ਜਿਸ ਦਾ ਇਕੱਲਾ ਥੰਮਾ ਅਜਿਹੇ ਮਹੱਲ ਨੂੰ ਸਹਾਰਾ ਦੇ ਸਕਦਾ ਸੀ। ਪਰ ਉਸ ਨੂੰ ਲੈ ਜਾਣ ਦਾ ਰਸਤਾ ਏਨਾਂ ਬਿਖੜਾ ਤੇ ਲੰਮੇਰਾ ਸੀ ਕਿ ਉਹ ਰੁੱਖ ਰਾਜੇ ਦੇ ਸ਼ਹਿਰ ਤੱਕ ਨਹੀਂ ਲਿਆਂਦਾ ਜਾ ਸਕਦਾ ਸੀ। ਸੋ ਉਹ ਰਾਜੇ ਕੋਲ ਮੁੜ ਆਏ ਤੇ ਇਸ ਮਾਮਲੇ ਵਿਚ ਉਸ ਦੀ ਸਲਾਹ ਮੰਗੀ। ਉਸ ਕਿਹਾ, 'ਜਿਵੇਂ ਕਿਵੇਂ ਵੀ ਹੋ ਸਕਦਾ ਹੈ ਉਸ ਰੁੱਖ ਨੂੰ ਲਿਆਉ ਤੇ ਤੁਰੰਤ ਹੀ ਲੈ ਕੇ ਆਉ।' ਪਰ ਉਨ੍ਹਾਂ ਅਗੋਂ ਕਿਹਾ ਕਿ ਉਹ ਰੁੱਖ ਤਾਂ ਨਾ ਜਿਵੇਂ ਤੇ ਨਾ ਕਿਵੇਂ ਹੀ ਲਿਆਂਦਾ ਜਾ ਸਕਦਾ ਹੈ। ਤਦ ਰਾਜੇ ਨੇ ਆਖਿਆ, "ਤੁਹਾਨੂੰ ਮੇਰੇ ਆਪਣੇ ਬਾਗ਼ 'ਚੋ ਹੀ ਕੋਈ ਰੁੱਖ ਚੁਣ ਲੈਣਾ ਚਾਹੀਦਾ ਹੈ।" ਰਾਜੇ ਦੇ ਬਾਗ਼ ਵਿਚ

ਸ਼ਾਹੀ ਸ਼ਾਨਾਂ ਵਾਲਾ ਸਿੱਧਾ ਲੰਮਾ ਤੇ ਸੋਹਣਾ 'ਸਾਲ' ਦਾ ਰੁੱਖ ਇਸ ਕੰਮ ਲਈ ਪਸੰਦ ਕੀਤਾ ਗਿਆ ਜਿਸ ਦੀ ਸਾਰੇ ਪਿੰਡਾ ਤੇ ਸ਼ਹਿਰਾਂ ਦੇ ਲੋਕਾਂ ਤੇ ਸ਼ਾਹੀ ਖਾਨਦਾਨ ਵਲੋਂ ਪੂਜਾ ਕੀਤੀ ਜਾਂਦੀ ਸੀ। ਉਨ੍ਹਾਂ ਇਸ ਬਾਰੇ ਫਿਰ ਰਾਜੇ ਨੂੰ ਦਸਿਆ। ਉਸ ਆਖਿਆ "ਫ਼ੌਰਨ ਇਸ ਰੁੱਖ ਨੂੰ ਪੁਟ ਲਿਆਉ।" ਪਰ ਉਨ੍ਹਾਂ ਰੁੱਖ ਦੇ ਦੇਵਤੇ ਨੂੰ ਨਜ਼ਰ ਨਿਆਜ਼ ਦੇ ਕੇ ਉਸ ਰੁੱਖ ਨੂੰ ਫੁੱਲਾਂ, ਟਾਹਣੀਆਂ ਦੇ ਚੜ੍ਹਾਵੇ ਦੇ ਕੇ ਉਸ ਹੇਠਾਂ ਦੀਵੇ ਬਾਲ ਕੇ ਬੇਨਤੀ ਕੀਤੀ, 'ਅੱਜ ਤੋਂ ਸਤਵੇਂ ਦਿਨ ਨੂੰ ਅਸੀਂ ਤੈਨੂੰ ਰਾਜੇ ਦੇ ਹੁਕਮ ਨਾਲ ਪੁਟ ਸੁਟਾਂਗੇ। ਜੇ ਤੇਰੇ ਤੇ ਕਿਸੇ ਦੇਵਤੇ ਦਾ ਵਾਸ ਹੈ ਤਾਂ ਉਸ ਨੂੰ ਕਿਤੇ ਹੋਰ ਥਾਂ ਜਾ ਕੇ ਰਹਿਣਾ ਚਾਹਿਦਾ ਹੈ ਤਾਂ ਜੋ ਮਗਰੋਂ ਸਾਡੇ ਸਿਰ ਦੋਸ਼ ਨਾ ਹੋਵੇ।" ਰੁੱਖ ਤੇ ਵਸਦੇ ਦੇਵਤੇ ਨੇ ਉਨ੍ਹਾਂ ਦੀਆਂ ਅਰਦਾਸਾਂ ਸੁਣੀਆਂ ਤੇ ਉਸ ਸੋਚਿਆ—ਇਹ ਲੋਕ ਮੇਰੇ ਰੁੱਖ ਨੂੰ ਪੁਟ ਦੇਣ ਦਾ ਫ਼ੈਸਲਾ ਕਰ ਚੁਕੇ ਹਨ। ਇਸ ਦੇ ਪੁਟੇ ਜਾਣ ਨਾਲ ਮੇਰਾ ਘਰ ਨਸ਼ਟ ਹੋ ਜਾਏਗਾ ਤੇ ਇਸ ਦੇ ਨਾਲ ਹੀ ਮੈਂ ਵੀ ਨਸ਼ਟ ਹੋ ਜਾਵਾਂਗਾ। ਮੇਰੇ ਆਸ ਪਾਸ ਉਗੇ ਹੋਏ ਸਾਲੂ ਦੇ ਸਾਰੇ ਛੋਟੇ ਬੂਟੇ ਵੀ ਮੇਰੇ ਹੇਠ ਆ ਕੇ ਨਸ਼ਟ ਹੋ ਜਾਣਗੇ ਤੇ ਉਨ੍ਹਾਂ ਵਿਚ ਵੱਸਦੇ ਸਾਰੇ ਮੇਰੇ ਦੇਵਤੇ ਧੀਆਂ ਪੁੱਤਰ ਵੀ ਨਸ਼ਟ ਹੋ ਜਾਣਗੇ। ਮੈਨੂੰ ਆਪਣੀ ਮੌਤ ਦੀ ਤਾਂ ਐਨੀ ਚਿੰਤਾ ਨਹੀਂ ਪਰ ਆਪਣੇ ਬੱਚਿਆਂ ਦੀ ਮੌਤ ਮੈਂ ਕਿੱਦਾ ਵੇਖ ਸਕਾਂਗਾ। ਸੋ ਮੈਨੂੰ ਉਨ੍ਹਾਂ ਦੀਆਂ ਜਾਨਾਂ ਬਚਾਉਣ ਲਈ ਹਰ ਸੰਭਵ ਜਤਨ ਕਰਨਾ ਚਾਹੀਦਾ ਹੈ। ਸੋ ਅੱਧੀ ਰਾਤ ਨੂੰ ਉਹ ਬ੍ਰਿਛ ਦੇਵਤਾ ਰਾਜੇ ਦੇ ਮਹੱਲਾਂ ਵਿਚ ਗਿਆ। ਜਦ ਉਹ ਰਾਜੇ ਦੇ ਸੌਣ ਵਾਲੇ ਕਮਰੇ ਵਿਚ ਗਿਆ ਤਾਂ ਉਸ ਦੀ ਨੂਰੀ ਸ਼ਕਲ ਵੇਖ ਕੇ ਰਾਜਾ ਚਕ੍ਰਿਤ ਰਹਿ ਗਿਆ। ਉਸ ਪੁਛਿਆ, "ਤੂੰ ਦੇਵਤਿਆਂ ਵਰਗੀ ਸ਼ਕਲ ਦਾ ਕੌਣ ਜੀਵ ਹੈਂ ਤੇ ਇੰਨਾ ਉਦਾਸ ਕਿਉਂ ਹੈ ? ਬ੍ਰਿਛ ਦੇਵਤੇ ਨੇ ਉੱਤਰ ਦਿੱਤਾ, 'ਹੇ ਰਾਜਨ! ਤੇਰੇ ਰਾਜ ਵਿਚ ਮੈਨੂੰ ਸੁਭਾਗਾ ਰੁੱਖ ਆਖਦੇ ਹਨ। ਸੱਠ ਹਜ਼ਾਰ ਵਰ੍ਹਿਆਂ ਤੋਂ ਸਾਰੇ ਮਨੁੱਖ ਮੈਨੂੰ ਪਿਆਰ ਕਰਦੇ ਤੇ ਪੂਜਦੇ ਆਏ ਹਨ। ਉਨ੍ਹਾਂ ਨੇ ਅਨੇਕਾਂ ਘਰ ਵੀ ਬਣਾਏ, ਸ਼ਹਿਰ ਵੀ ਵਸਾਏ ਤੇ ਮਹੱਲ ਵੀ ਉਸਾਰੇ ਪਰ ਮੈਨੂੰ ਉਨ੍ਹਾਂ ਕਦੇ ਨਹੀਂ ਦੁਖਾਇਆ। ਸੋ ਜਿਵੇਂ ਉਹ ਮੇਰਾ ਸਤਿਕਾਰ ਕਰਦੇ ਆਏ ਹਨ ਤੂੰ ਵੀ ਕਰ ਰਾਜਨ'। ਪਰ ਰਾਜੇ ਨੇ ਉੱਤਰ ਦਿਤਾ ਕਿ ਇਸੇ ਇਕ ਰੁੱਖ ਦੀ ਤਾਂ ਉਸ ਦੇ ਮਹੱਲ ਦੀ ਉਸਾਰੀ ਲਈ ਲੋੜ ਹੈ; ਸੋਹਣਾ, ਲੰਮਾ ਤੇ ਸਿੱਧਾ ਰੁੱਖ ਹੋਰ ਕਿਥੇ ਮਿਲੇਗਾ। ਤੇ ਜਦ ਇਸ ਰੁੱਖ ਤੇ ਮਹੱਲ ਬਣ ਗਿਆ ਤਾਂ ਹੇ ਬ੍ਰਿਛ ਦੇਵ! ਲੋਕ ਇਸ ਨੂੰ ਵੇਖ ਵੇਖ ਸਦਾ ਤੇਰੀ ਸਿਫ਼ਤ ਕਰਿਆ ਕਰਨਗੇ। ਬ੍ਰਿਛ ਦੇਵ ਨੇ ਉੱਤਰ ਦਿਤਾ, "ਹੇ ਰਾਜਨ! ਜੇ ਤੂੰ ਮੇਰੇ ਰੁੱਖ ਨੂੰ ਜ਼ਰੂਰ ਹੀ ਵੱਢ ਲੈਣਾ ਹੈ ਮੈਂ ਤੁਹਾਥੋਂ ਇਕ ਮੰਗ ਮੰਗਦਾ ਹਾਂ। ਤੇ ਉਹ ਇਹ ਹੈ ਕਿ ਇਸ ਨੂੰ ਸਭ ਤੋਂ ਪਹਿਲਾਂ ਸਿਰੋ, ਫਿਰ ਲੱਕ ਤੇ ਸਭ ਤੋਂ ਅਖੀਰ ਵਿਚ ਮੁਢ ਤੋਂ ਵਢਣਾ।" ਰਾਜੇ ਨੇ ਦੁਖੀ ਹੋ ਕੇ ਆਖਿਆ ਕਿ ਏਦਾਂ ਕਰਨ ਨਾਲ ਤਾਂ ਸਾਰੇ ਰੁੱਖ ਨੂੰ ਇਕੋ ਵੇਰਾਂ ਪੁਟ ਕੇ ਡੇਗ ਦੇਣ

ਨਾਲੋਂ ਕਿਤੇ ਵਧੇਰੇ ਦੁਖਦਾਈ ਮੌਤ ਹੋਵੇਗੀ। ਉਸ ਕਿਹਾ, "ਹੇ ਬ੍ਰਿਛ ਦੇਵ! ਇਸ ਤਰ੍ਹਾਂ ਬੰਦ ਬੰਦ ਅੰਗ ਅੰਗ ਕਟਵਾਉਣ ਵਿਚ ਤੈਨੂੰ ਕੀ ਫ਼ਾਇਦਾ ਹੈ" ਸੁਭਾਗੇ ਰੁੱਖ ਨੇ ਆਖਿਆ, “ਰਾਜਨ! ਮੇਰੇ ਆਸ ਪਾਸ ਤੇ ਮੇਰੀ ਛਾਂ ਹੇਠ ਮੇਰੇ ਕਈ ਨਿੱਕੇ ਵਡੇ ਧੀਆਂ ਪੁੱਤਰ ਉਗੇ ਹੋਏ ਹਨ। ਤੇ ਜੇ ਮੈਂ ਉਨ੍ਹਾਂ ਦੇ ਉੱਤੇ ਡਿਗ ਪਿਆ ਤਾਂ ਉਹ ਸਾਰੇ ਮਿੱਧੇ ਜਾਣਗੇ। ਮੇਰੇ ਹੇਠ ਉਨ੍ਹਾਂ ਨੂੰ ਬਹੁਤ ਦੁਖ ਹੋਵੇਗਾ।"

ਬ੍ਰਿਛ ਦੇਵਤੇ ਦੀ ਇਸ ਗੱਲ ਨੇ ਰਾਜੇ ਨੂੰ ਬੜਾ ਪਰਭਾਵਤ ਕੀਤਾ। ਉਸ ਨੇ ਬ੍ਰਿਛ ਦੇ ਉਚੇ ਤੇ ਸੁਚੇ ਖ਼ਿਆਲਾਂ ਦੀ ਪਰਸੰਸਾ ਕਰਦਿਆਂ ਉਸ ਨੂੰ ਨਮਸਕਾਰ ਕੀਤੀ ਤੇ ਆਖਿਆ, "ਹੇ ਸੁਭਾਗੇ ਰੁੱਖ ! ਤੂੰ ਜੇ ਆਪਣੇ ਭਾਈ ਬੰਦਾਂ ਤੇ ਧੀਆਂ ਪੁੱਤਰਾਂ ਨੂੰ ਬਚਾਉਣ ਲਈ ਐਨੀ ਕੁਰਬਾਨੀ ਕਰਨ ਲਈ ਤਿਆਰ ਹੈਂ ਤਾਂ ਮੈਂ ਤੈਨੂੰ ਨਹੀਂ ਕਟਾਂਗਾ। ਸੋ ਤੂੰ ਨਿਸਚਿੰਤ ਰਹਿ।”

ਬ੍ਰਿਛ ਦੇਵਤਾ ਰਾਜੇ ਦਾ ਧੰਨਵਾਦ ਕਰਦਾ ਚਲਾ ਗਿਆ।

ਇਸ ਨੂੰ ਵਿਸ਼ਵਾਸ ਆਖੋ ਜਾ ਵਹਿਮ; ਪਰ ਇਹ ਵਿਸ਼ਵਾਸ ਤੇ ਵਹਿਮ, ਕਥਾ ਤੇ ਕਹਾਣੀਆਂ ਸਭ ਰੁੱਖ ਦੀ ਸੁੰਦਰਤਾ ਤੇ ਕਾਰਆਮਦ ਹੋਣ ਦੀ ਮਹੱਤਤਾ ਨੂੰ ਪ੍ਰਗਟਾਂਦੀਆਂ ਹਨ ਤੇ ਮਨੁੱਖ ਦੇ ਦਿਲ ਵਿਚ ਉਸ ਨੂੰ ਮਿਲੀ ਕੁਦਰਤ ਦੀ ਸਭ ਤੋਂ ਵਡੀ ਦਾਤ ਅਰਥਾਤ ਰੁੱਖ ਦੀ ਪਾਲ ਤੇ ਸੰਭਾਲ ਲਈ ਸਤਿਕਾਰ ਪੈਦਾ ਕਰਦੀਆਂ ਹਨ।

# ਭੁੱਲੇ ਵਿਸਰੇ ਫੁੱਲ

ਅਮਲਤਾਸ ਤੇ ਗੁਲਮੁਹਰ ਤੇ ਫੁੱਲਾਂ ਨਾਲ ਲੱਦੇ ਰੁੱਖਾਂ ਨੂੰ ਵੇਖ ਕੇ ਭਾਰਤ ਵਿਚ ਆਏ ਵਿਦੇਸ਼ੀਆਂ ਨੂੰ ਹੈਰਾਨੀ ਹੁੰਦੀ ਹੈ ਕਿ ਅਸੀਂ ਭਾਰਤਵਾਸੀ ਆਪਣੇ ਦੇਸ਼ ਵਿਚ ਸੁਹਜ ਉਪਜਾਉਣ ਲਈ ਅਜਿਹੇ ਸੁੰਦਰ ਰੁੱਖਾਂ ਨੂੰ ਕਿਉਂ ਨਹੀਂ ਵਰਤਦੇ। ਇਸ ਦਾ ਕੀ ਕਾਰਣ ਹੈ ? ਅਸੀਂ ਉਦਾਸੀਨ ਅਤੇ ਬੇਰੌਣਕ ਸਰੂ ਦੇ ਬੂਟੇ ਲਗਾਉਣ ਦੇ ਅਸਫ਼ਲ ਯਤਨ ਕਿਉਂ ਕਰਦੇ ਹਾਂ? ਦਰਅਸਲ ਅਸੀਂ ਪਰੰਪਰਾ-ਵਾਦੀ ਹਾਂ ਤੇ ਸਾਡੇ ਵਿਚ ਕਲਪਨਾ ਦੀ ਥੁੜ ਹੈ। ਅਸੀ ਲਕੀਰ ਦੇ ਫ਼ਕੀਰ ਹਾਂ ਤੇ ਰਵਾਇਤਾਂ ਨੂੰ ਛਡਨ ਦਾ ਹੀਆ ਨਹੀਂ ਕਰ ਸਕਦੇ। ਸਾਡੇ ਬਾਗਾਂ ਤੇ ਪਾਰਕਾਂ ਦੀ ਵਿਉਂਤ ਵਿਉਂਤਣ ਵਾਲੇ ਵੀ ਮੁਗ਼ਲ ਅਤੇ ਟੀਊਡਰ ਬਾਗਾਂ ਦੀ ਹੀ ਨਕਲ ਉਤਾਰਨ ਦੇ ਯਤਨ ਕਰਦੇ ਹਨ ਤੇ ਜਾਣਦੇ ਨਹੀਂ ਕਿ ਇਹ ਬੂਟੇ ਸਾਡੇ ਦੇਸ਼ ਦੇ ਜਲਵਾਯੂ ਦੇ ਉੱਕਾ ਹੀ ਅਨੁਕੂਲ ਨਹੀਂ। ਇਸੇ ਦਾ ਦੂਜਾ ਕਾਰਣ ਸਾਡੇ ਅੰਦਰ ਧਨ ਦੌਲਤ ਦੀ ਲਾਲਸਾ ਹੈ। ਅਸੀਂ ਕੇਵਲ ਉਸੇ ਰੁੱਖ ਦੀ ਕਦਰ ਕਰਦੇ ਹਾਂ ਜਿਸ ਤੋਂ ਕੁਝ ਲਾਭ ਹੋਣ ਦੀ ਆਸ ਹੁੰਦੀ ਹੈ। ਪਰ ਦੁਰਭਾਗ ਦੀ ਗੱਲ ਇਹ ਹੈ ਕਿ ਸੁੰਦਰ ਫੁੱਲਾਂ ਵਾਲੇ ਬਹੁਤੇ ਸ਼ਿੰਗਾਰ-ਰੁੱਖਾਂ ਨਾਲ ਕੋਈ ਖਾਣ ਯੋਗ ਫਲ ਨਹੀਂ ਲੱਗਦਾ। ਮੇਰਾ ਖ਼ਿਆਲ ਹੈ ਇਨ੍ਹਾਂ ਰੁੱਖਾਂ ਵਿਚੋਂ ਕੇਵਲ ਕਚਨਾਰ ਦਾ ਰੁੱਖ ਹੀ ਅਜਿਹਾ ਹੈ ਜਿਸ ਦੀਆਂ ਡੋਡੀਆਂ ਸਬਜ਼ੀ ਬਣਾ ਕੇ ਜਾਂ ਦਹੀਂ ਵਿਚ ਪਾ ਕੇ ਖਾਣ ਦੇ ਕੰਮ ਆ ਸਕਦੀਆਂ ਹਨ ਤੇ ਕਈ ਘਰਾਂ ਦੇ ਬਾਗਾਂ ਵਿਚ ਬਹੁਤ ਸਾਰੇ ਕਚਨਾਰ ਦੇ ਬੂਟੇ ਹੋਣ ਦਾ ਕਾਰਣ ਵੀ ਸ਼ਾਇਦ ਇਹੋ ਹੈ। ਮੈਨੂੰ ਇਕ ਗੱਲ ਯਾਦ ਆ ਗਈ ਹੈ ਜਿਸ ਤੋਂ ਪਤਾ ਲੱਗ ਜਾਏਗਾ ਕਿ ਸਾਡੇ ਧਨੀ ਲੋਕਾਂ ਦਾ ਰੁੱਖਾਂ ਬਾਰੇ ਸੋਚਣ-ਢੰਗ ਕਿਹੋ ਜਿਹਾ ਹੈ। ਮੈਂ ਅਲਾਹਾਬਾਦ ਆਪਣੇ ਘਰ ਦੀ ਬਗੀਚੀ ਵਿਚ ਕੇਵਲ ਫੁੱਲਦਾਰ ਬੂਟੇ ਹੀ ਲਗਾਏ ਸਨ। ਇਸ ਸੰਬੰਧੀ ਸਾਰਾ ਕੰਮ ਮੇਰੇ ਇਕ ਲੱਖਪਤੀ ਮਿਤਰ ਦੇ ਸਪੁਰਦ ਸੀ। ਉਸ ਨੂੰ ਮੇਰੀ ਇਹ ਚੋਣ ਬਿਲਕੁਲ ਹੀ ਪਸੰਦ ਨਾ ਆਈ। ਉਸ ਨੇ ਅੰਬ ਤੇ ਕਟਹਰ ਦੇ ਬੂਟੇ ਲਾਉਣ ਦੇ ਬਹੁਤ ਗੁਣ ਗਾਏ, ਪਰ ਮੇਰਾ ਕੇਵਲ ਫੁੱਲਦਾਰ ਰੁੱਖ ਲਾਉਣ ਦਾ ਹੀ ਫ਼ੈਸਲਾ ਸੁਣ ਕੇ ਉਸ ਨੂੰ ਬਹੁਤ ਨਿਰਾਸਤਾ ਹੋਈ। ਹਾਂ ਕਚਨਾਰ ਦੇ ਦੋ ਚਾਰ ਰੁੱਖ ਵੇਖ ਕੇ ਵਿਚਾਰੇ ਨੂੰ ਕੁਝ ਧਰਵਾਸ ਜਿਹੀ ਆ ਗਈ। ਉਸ ਦੀ ਖ਼ੁਸ਼ੀ ਕਚਨਾਰ ਦੇ ਫੁੱਲਾਂ ਕਾਰਨ ਨਹੀਂ ਸੀ। ਅਸਲ ਕਾਰਣ ਤਾਂ ਇਹ ਸੀ ਕਿ ਕਚਨਾਰ ਦੇ ਫੁੱਲਾ ਦਾ ਭਾਅ ਉਹਨੀਂ ਦਿਨੀਂ ਅਠ ਆਨੇ ਸੇਰ ਸੀ ਅਤੇ ਉਸ ਦੇ ਵਿਚਾਰ ਅਨੁਸਾਰ ਇਹ ਸੌਦਾ ਲਾਹੇਵੰਦ ਸੀ। ਜਿਥੋਂ ਤਕ ਮੇਰਾ ਸੰਬੰਧ ਹੈ ਮੈਂ ਕਚਨਾਰ ਦੀਆਂ ਡੋਡੀਆਂ ਦੀ ਨਾ ਤਾਂ ਸਬਜ਼ੀ ਹੀ ਬਣਾਉਣੀ ਪਸੰਦ ਕਰਦਾ ਹੈ ਤੇ ਨਾ ਹੀ ਇਨ੍ਹਾਂ ਨੂੰ ਦਹੀਂ ਵਿਚ ਪਾ ਕੇ ਖਾਣਾ। ਮੈਂ ਤਾਂ ਇਨ੍ਹਾਂ ਨੂੰ

ਰੁੱਖਾਂ ਤੇ ਹੀ ਲਗੀਆਂ ਰਹਿਣ ਦੇਣਾ ਪਸੰਦ ਕਰਾਂਗਾ। ਇਨ੍ਹਾਂ ਦੇ ਹਲਕੇ ਅਰਗਵਾਨੀ, ਗੁਲਾਬੀ ਤੇ ਸਫ਼ੈਦ ਫੁੱਲ ਖਿੜਨ ਉਪਰੰਤ ਬਹੁਤ ਹੀ ਸੁੰਦਰ ਲੱਗਦੇ ਹਨ।

ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ ਫੁੱਲਦਾਰ ਸ਼ਿੰਗਾਰ ਰੁੱਖਾਂ ਨੂੰ ਖਾਣ ਵਾਲੇ ਫਲ ਘਟ ਹੀ ਲੱਗਦੇ ਹਨ ਤੇ ਸਾਡੇ 'ਅਧਿਆਤਮ ਵਾਦੀਆਂ' ਨੇ ਇਨ੍ਹਾਂ ਰੁੱਖਾਂ ਵਲ ਕੋਈ ਧਿਆਨ ਨਹੀਂ ਦਿਤਾ। ਅਸ਼ੋਕ ਤੇ ਚੰਪਕ ਦੇ ਰੁੱਖ ਸ਼ਾਇਦ ਹੀ ਕਿਸੇ ਮੰਦਰ ਦੇ ਨੇੜੇ ਦਿਖਾਈ ਦੇਣ। ਭਗਤਜਨ ਆਪਣੇ ਦੇਵੀ ਦੇਵਤਿਆਂ ਦੀ ਪੂਜਾ ਲਈ ਵੀ ਇਨ੍ਹਾਂ ਰੁਖਾਂ ਦੇ ਫੁੱਲਾਂ ਦੀ ਵਰਤੋਂ ਨਹੀਂ ਕਰਦੇ। ਸਾਡੇ ਵਡੇ ਵਡੇਰੇ ਸਾਡੇ ਵਾਂਗ ਉਜੱਡ ਤੇ ਮੂਰਖ ਨਹੀਂ ਸਨ। ਉਹ ਸੁੰਦਰਤਾ ਦੇ ਉਪਾਸ਼ਕ ਸਨ ਤੇ ਦੇਸੀ ਫੁੱਲਦਾਰ ਰੁੱਖਾਂ ਨੂੰ ਬਹੁਤ ਪਿਆਰਦੇ ਸਨ। ਸ਼ਾਇਦ ਇਸੇ ਲਈ ਕਦੰਬ ਦਾ ਸੰਬੰਧ ਸ੍ਰੀ ਕ੍ਰਿਸ਼ਨ ਨਾਲ ਤੇ ਲਾਲ ਫੁੱਲਾ ਵਾਲੇ ਅਸ਼ੋਕ ਦਾ ਸੰਬੰਧ ਸ੍ਰੀ ਰਾਮ ਚੰਦਰ ਦੀ ਸੁਪਤਨੀ ਸੀਤਾ ਜੀ ਨਾਲ ਜੋੜਿਆ ਜਾਂਦਾ ਹੈ। ਜਿਸ ਸਥਾਨ ਤੇ ਕੋਸੀ ਨਦੀ ਪਹਾੜਾਂ 'ਚੋਂ ਨਿਕਲ ਕੇ ਮੈਦਾਨੀ ਇਲਾਕੇ ਵਿਚ ਦਾਖ਼ਲ ਹੁੰਦੀ ਹੈ, ਉਥੇ ਅਸ਼ੋਕ ਦੇ ਰੁੱਖਾਂ ਦਾ ਇਕ ਬਹੁਤ ਹੀ ਸੁੰਦਰ ਬਣ ਹੈ। ਆਖਦੇ ਹਨ ਸੀਤਾ ਜੀ ਤੇ ਰਾਮ ਚੰਦਰ ਜੀ ਨੂੰ ਇਨ੍ਹਾਂ ਰੁੱਖਾਂ ਦੇ ਫੁੱਲ ਇੰਨੇ ਸੁੰਦਰ ਲਗੇ ਕਿ ਉਹ ਕੁਝ ਸਮੇਂ ਲਈ ਉਥੇ ਹੀ ਟਿਕ ਗਏ ਤੇ ਇਸ ਬਣ ਦਾ ਨਾਂ ਵੀ ਸੀਤਾ ਬਣੀ ਪੈ ਗਿਆ। ਸਕੰਦ ਪੁਰਾਨ ਵਿਚ ਵੀ ਲਿਖਿਆ ਹੈ ਕਿ ਬਣ ਦੀ ਸੁੰਦਰਤਾ ਨੇ ਸੀਤਾ ਜੀ ਨੂੰ ਮੋਹ ਲਿਆ ਤੇ ਉਨ੍ਹਾਂ ਨੇ ਰਾਮ ਚੰਦਰ ਜੀ ਨੂੰ ਆਖਿਆ ਕਿ ਹੁਣ ਵਿਸਾਖ ਦਾ ਮਹੀਨਾ ਹੈ ਆਓ ਕੁਛ ਸਮਾਂ ਇਸ ਜੰਗਲ ਵਿਚ ਰਹੀਏ ਤੇ ਇਸ ਨਦੀ ਦੇ ਜਲ ਵਿਚ ਅਸ਼ਨਾਨ ਕਰੀਏ। ਸੋ ਉਹ ਉਸੇ ਜੰਗਲ ਵਿਚ ਰਹਿਣ ਲੱਗ ਪਏ ਤੇ ਜਦੋਂ ਉਸ ਵਾਪਸ ਅਯੁਧਿਆ ਨੂੰ ਮੁੜੇ ਤਾਂ ਇਸ ਬਣ ਦਾ ਨਾਂ 'ਸੀਤਾ ਬਣੀ' ਰੱਖ ਦਿਤਾ ਗਿਆ। ਸੀਤਾ ਜੀ ਜੰਗਲੀ ਰੁੱਖਾਂ ਦੀ ਇਸ ਸ਼ੋਭਾ ਤੇ ਨਦੀ ਦੇ ਅਸ਼ਨਾਨ ਦੇ ਆਨੰਦ ਨੂੰ ਭੁਲ ਨਾ ਸਕੇ ਤੇ ਬਨਬਾਸ ਤੋਂ ਵਾਪਸ ਆ ਕੇ ਆਯੁਧਿਆ ਦੇ ਮਹੱਲਾਂ ਦੇ ਠਾਠ ਬਾਠ ਵਿਚ ਵੀ ਉਨ੍ਹਾਂ ਨੂੰ ਬਣਾਂ ਦੀ ਯਾਦ ਸਤਾਉਂਦੀ ਰਹੀ। ਸੀਤਾ ਜੀ ਨੇ ਇਕ ਵਾਰੀ ਰਾਮ ਚੰਦਰ ਜੀ ਅਗੇ ਆਪਣੀ ਇਹ ਇੱਛਾ ਪ੍ਰਗਟ ਕਰਦਿਆਂ ਕਿਹਾ ਕਿ 'ਮੈਂ ਇਕ ਵਾਰ ਫਿਰ ਜੰਗਲ ਦੇ ਰੁੱਖਾਂ ਦੇ ਸਾਏ ਵਿਚ ਵਿਚਰਨਾ ਤੇ ਭਾਗੀਰਥੀ ਨਦੀ ਦੇ ਨਿਰਮਲ ਸੀਤਲ ਜਲ ਵਿਚ ਟੁਭੀਆਂ ਮਾਰਨਾ ਚਾਹੁੰਦੀ ਹਾਂ।

ਅਸ਼ੋਕ ਰੁੱਖ ਦਾ ਨਾਂ ਸੀਤਾ ਜੀ ਦੇ ਨਾਂ ਦੇ ਨਾਲ ਬਹੁਤ ਜੋੜਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜਦੋਂ ਸੀਤਾ ਜੀ ਲੰਕਾ ਵਿਖੇ ਰਾਵਣ ਦੀ ਕੈਦ ਵਿਚ ਸਨ ਤਾਂ ਇਕ ਵਾਰੀ ਉਸ ਕਾਮੀ ਰਾਖ਼ਸ਼ ਨੇ ਕਾਮਵਸ ਹੋ ਸੀਤਾ ਜੀ ਨੂੰ ਜ਼ਬਰਦਸਤੀ ਪਕੜਨ ਦੀ ਕੋਸ਼ਿਸ਼ ਕੀਤੀ। ਸੀਤਾ ਜੀ ਨੇ ਇਸ ਅਸ਼ੋਕ ਰੁੱਖ ਦੇ ਇਕ ਝੁੰਡ ਵਿਚ ਹੀ ਛੁਪਕੇ ਆਪਣੀ ਲਾਜ ਬਚਾਈ ਸੀ। ਇਸ ਲਈ ਜੇ ਇਸ ਰੁੱਖ ਦਾ ਨਾਂ ਸੀਤ-ਅਸ਼ੋਕ ਰੱਖ ਦਿਤਾ ਜਾਵੇ ਤਾਂ ਇਸ ਵਿਚ ਕੋਈ ਹਰਜ਼ ਨਹੀਂ। ਇਸ ਤਰ੍ਹਾਂ ਅਸ਼ੋਕ ਨਾਂ ਦੇ ਇਕ ਹੋਰ ਰੁੱਖ ਨਾਲ ਭੁਲੇਖੇ ਦੀ ਸੰਭਾਵਨਾ ਵੀ ਨਹੀਂ ਰਹਿਣ ਲਗੀ।

ਇਸ ਅਸ਼ੋਕ ਦੇ ਫੁੱਲ ਭੱਦੇ ਜਹੇ ਹਰੇ ਰੰਗ ਦੇ ਹੁੰਦੇ ਹਨ ਤੇ ਇਹ ਰੁੱਖ ਸੀਤਾ-ਅਸ਼ੋਕ ਤੋਂ ਉਕਾ ਹੀ ਵਖਰਾ ਹੁੰਦਾ ਹੈ। ਲਾਲ ਰੰਗ ਜੋਸ਼, ਪਿਆਰ ਤੇ ਭਗਤੀ ਦਾ ਸੂਚਕ ਹੈ। ਖ਼ੂਨ ਦੇ ਸੁਤੰਤਰਤਾ ਪ੍ਰਗਟਾਉਣ ਲਈ ਵੀ ਲਾਲ ਰੰਗ ਹੀ ਵਰਤਿਆ ਜਾਂਦਾ ਹੈ। ਪੂਰਬੀ ਦੇਸਾਂ ਵਿਚ ਲਾਲ ਰੰਗ ਨੂੰ ਸ਼ਿੰਗਾਰ ਦਾ ਰੰਗ ਵੀ ਮੰਨਿਆ ਜਾਂਦਾ ਹੈ। ਹੋਲੀ ਦੇ ਤਿਓਹਾਰ ਵਿਚ ਮੁਟਿਆਰਾਂ ਦੇ ਮੂੰਹ ਰੰਗਣ ਲਈ ਨੱਢੇ ਲਾਲ ਗੁਲਾਲ ਦੀ ਹੀ ਵਰਤੋਂ ਕਰਦੇ ਹਨ। ਅਸ਼ੋਕ ਦੇ ਲਾਲ ਫੁੱਲਾਂ ਦਾ ਵਰਨਣ ਪਿਆਰ ਦੇ ਦੇਵਤੇ ਕਾਮਦੇਵ ਨਾਲ ਵੀ ਮਿਲਦਾ ਹੈ। ਸਾਰੇ ਜੀਵਨ ਦਾ ਸੋਮਾ ਸੂਰਜ ਹੈ ਤੇ ਇਸ ਦਾ ਰੰਗ ਵੀ ਲਾਲ ਹੀ ਮੰਨਿਆ ਜਾਂਦਾ ਹੈ। ਸ੍ਰਿਸ਼ਟੀ ਦੇ ਰਚਨਹਾਰੇ ਬ੍ਰਹਮਾ ਨੂੰ ਵੀ ਲਾਲ ਰੰਗ ਬਹੁਤ ਪਿਆਰਾ ਹੈ। ਬੁੱਧ ਧਰਮ ਦੀਆਂ ਪ੍ਰਾਚੀਨ ਪੁਸਤਕਾਂ ਵਿਚ ਕਿਹਾ ਗਿਆ ਹੈ ਕਿ ਮਹਾਰਾਜਾ ਹਰਸ਼ ਦੇ ਪਿਤਾ ਹਰ ਰੋਜ਼ ਲਾਲ ਕਮਲ ਦੇ ਫੁੱਲਾਂ ਦਾ ਇਕ ਗੁਲਦਸਤਾ ਸੂਰਜ ਭਗਵਾਨ ਦੀ ਭੇਟਾ ਚੜ੍ਹਾਉਂਦੇ ਸਨ। ਅੱਜ ਕਲ੍ਹ ਵੀ ਅਨੇਕਾਂ ਵਿਅਕਤੀ ਇਸੇ ਤਰ੍ਹਾਂ ਸੂਰਜ ਦੇਵਤਾ ਉਤੇ ਫੁੱਲ ਚੜ੍ਹਾਉਂਦੇ ਹਨ।

ਕਿਸੇ ਦੇਸ਼ ਦੀ ਸੰਸਕ੍ਰਿਤੀ ਦੇ ਵਿਕਾਸ ਦਾ ਮਾਪ ਜੇ ਉਸ ਦੇਸ ਦੇ ਵਸਨੀਕਾਂ ਦੇ ਸੁਹਜ-ਸੁਆਦ ਦਾ ਪੱਧਰ ਹੀ ਹੈ ਤਾਂ ਅਸੀਂ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਮਹਾਰਾਜ ਕਨਿਸ਼ਕ ਦੇ ਸਮੇਂ ਤੋਂ ਲੈ ਕੇ ਗੁਪਤ ਰਾਜਿਆਂ ਦੇ ਰਾਜ ਦੇ ਅੰਤ ਤਕ, ਅਰਥਾਤ 100 ਈ: ਤੋਂ 500 ਈ: ਤਕ ਹਿੰਦੂ ਸੰਸਕ੍ਰਿਤੀ ਆਪਣੀਆਂ ਚੜ੍ਹਦੀਆਂ ਕਲਾ 'ਤੇ ਸੀ। ਇਸੇ ਸਮੇਂ ਵਿਚ ਹੀ ਕੁਝ ਅਜਿਹੇ ਮਹਾਂਪੁਰਖਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਂ ਭਾਰਤ ਦੇ ਇਤਿਹਾਸ ਵਿਚ ਸੁਨਹਿਰੀ ਅਖਰਾਂ ਵਿਚ ਲਿਖੇ ਜਾਂਦੇ ਹਨ। ਇਸ ਯੁਗ ਦੇ ਕਵੀਆਂ ਤੇ ਲੇਖਕਾਂ ਵਿਚੋਂ ਅਸ਼ਵਘੋਸ਼ ਤੇ ਕਾਲੀਦਾਸ ਦਾ ਨਾਉਂ ਵਿਸ਼ੇਸ਼ ਰੂਪ ਵਿਚ ਵਰਨਣਯੋਗ ਹੈ। ਕਨਿਸ਼ਕ ਦੇ ਅਧਿਆਤਮਕ ਗੁਰੂ ਅਸ਼ਵਘੋਸ਼ ਨੇ ਆਪਣੀ ਪੁਸਤਕ 'ਸੌਂਦਰਾ ਨੰਦ' ਵਿਚ ਮਹਾਤਮਾ ਬੁੱਧ ਦੇ ਭਰਾ ਨੰਦ ਦੀ ਇਕ ਪ੍ਰੇਮ-ਕਥਾ ਦਾ ਵਰਨਣ ਕੀਤਾ ਹੈ। ਉਸ ਵਿਚ ਉਸ ਨੇ ਕਈ ਸੁੰਦਰ ਰੁੱਖਾਂ ਦਾ ਜ਼ਿਕਰ ਵੀ ਕੀਤਾ ਹੈ। ਕਵੀ ਨੇ ਉਸ ਵਿਚ ਆਪਣੀ ਪ੍ਰੇਮਕਾ ਨੂੰ ਨਹਾਉਂਦੇ, ਦਿਲੋਂ ਟੁਟੇ ਨੰਦ ਦੀ ਉਪਮਾ ਨਾਗਕੇਸਰ ਦੇ ਉਸ ਬੂਟੇ ਨਾਲ ਦਿਤੀ ਹੈ ਜੋ ਆਪਣੇ ਫੁੱਲਾਂ ਦੇ ਬਹੁਤੇ ਭਾਰ ਕਾਰਣ ਹਵਾ ਦੇ ਥਪੇੜਿਆਂ ਨਾਲ ਟੁਟ ਚੁਕਾ ਹੋਵੇ। ਆਪਣੀ ਪ੍ਰੇਮਕਾ ਲਈ ਤੜਫ਼ਦੇ ਨੰਦ ਦੀ ਉਦਾਸੀ ਨੂੰ ਬਿਆਨ ਕਰਦਾ ਹੋਇਆ ਕਵੀ ਇਉਂ ਲਿਖਦਾ ਹੈ, 'ਹੁਣ ਸੋਨੇ ਨਾਲ ਜੜੀਆਂ ਦੰਦ-ਖੰਡ ਦੀਆਂ ਡਬੀਆਂ ਵਰਗੇ ਬਾਹਰੋਂ ਚਿੱਟੇ- ਦੁੱਧ ਤੇ ਅੰਦਰੋਂ ਪੀਲੇ ਫੁੱਲਾਂ ਵਾਲੇ ਨਾਗਕੇਸਰ ਦੇ ਰੁੱਖਾਂ ਵਲ ਵੀ ਨੰਦ ਦਾ ਧਿਆਨ ਨਹੀਂ ਜਾਂਦਾ। ਹਿਮਾਲੀਆ ਦੀ ਪੱਬੀ ਦੇ ਇਕ ਜੰਗਲ ਨੂੰ ਬਿਆਨ ਕਰਦਾ ਉਹ ਝੂਲਦੇ ਕਦੰਬ ਦੇ ਹਾਰ-ਸ਼ਿੰਗਾਰ ਦੇ ਰੁੱਖਾਂ ਬਾਰੇ ਲਿਖਦਾ ਹੈ ਕਿ ਇਹ ਰੁੱਖ ਸ਼ਾਹੀ ਸੱਜ-ਧੱਜ ਨਾਲ ਚਮਕਦੇ ਹਨ ਤੇ ਆਪਣੇ ਫੁੱਲਾਂ ਨਾਲ ਲੱਦੇ ਮੰਦਾਰ, ਨੀਲੋਫ਼ਰ ਅਤੇ ਲਾਲ ਕਮਲ ਦੇ ਬੂਟਿਆਂ ਉਤੇ ਸਚਮੁਚ ਹੀ ਸ਼ਾਹੀ ਸ਼ਾਨੋਸ਼ੌਂਕਤ ਨਾਲ ਰਾਜ ਕਰਦੇ ਭਾਸਦੇ ਹਨ।

ਅਸ਼ਵਘੋਸ਼, ਨੰਦ ਦੀ ਪ੍ਰੇਮਕਾ ਦੀ ਤੁਲਨਾ ਕਮਲ- ਸਰੋਵਰ ਨਾਲ ਕਰਦਾ ਹੈ—ਉਸੇ ਦੇ ਹਾਸੇ ਨੂੰ ਹੰਸ ਦਸਦਾ ਹੈ ਉਸ ਦੀਆਂ ਅੱਖਾਂ ਨੂੰ ਭੌਰੇ ਤੇ ਉਭਰੇ ਸੀਨੇ ਨੂੰ ਕਮਲ ਦੀਆਂ ਨਵੀਆਂ ਪੁੰਗਰ ਰਹੀਆਂ ਡੋਡੀਆਂ।

ਕਾਲੀਦਾਸ ਅਤੇ ਵਾਤਸਿਆਇਨ ਪੰਜਵੀਂ ਸਦੀ ਈਸਵੀ ਵਿਚ ਹੋਏ ਮੰਨੇ ਜਾਂਦੇ ਹਨ। ਉਸ ਸਮੇਂ ਭਾਰਤੀ ਵਿਚਾਰਧਾਰਾ ਦਾ ਪ੍ਰਕਿਰਤੀ, ਸੁੰਦਰ ਰੁੱਖਾਂ ਤੇ ਫੁੱਲਾਂ, ਅਤੇ ਛਬੀਲੇ ਹੰਸਾਂ ਤੇ ਉਨ੍ਹਾਂ ਦੀਆਂ ਸੁਰੀਲੀਆਂ ਅਵਾਜ਼ਾਂ ਨਾਲ ਗੂੰਜ ਰਹੇ ਦਿਹਾਤੀ ਵਾਤਾਵਰਨ ਨਾਲ ਪੂਰਾ ਪੂਰਾ ਸੰਪਰਕ ਸੀ। ਕਾਲੀਦਾਸ ਨੇ ਅਸ਼ੋਕ ਰੁੱਖ ਦਾ ਵਰਨਣ ਤਾਂ ਲੱਗਭਗ ਆਪਣੇ ਹਰ ਨਾਟਕ ਵਿਚ ਕੀਤਾ ਹੈ। ਆਪਣੀ ਕਿਰਤ 'ਰਿਤੂਸਿੰਘਾਰ' ਵਿਚ ਹਰ ਮਹੀਨੇ ਦਾ ਵਰਨਣ ਕਰਦਿਆਂ ਉਸ ਨੇ ਫੁੱਲਦਾਰ ਸੁੰਦਰ ਰੁੱਖਾਂ ਦਾ ਬਹੁਤ ਸੋਹਣਾ ਵਿਸਥਾਰ ਦਿਤਾ ਹੈ। ਕਾਲੀਦਾਸ ਨੇ ਬਸੰਤ ਵਰਨਣ ਵਿਚ ਤਾਂਬੇ ਰੰਗੇ ਪੱਤਿਆਂ ਦੇ ਗੁੱਛਿਆਂ ਦੇ ਭਾਰ ਨਾਲ ਝੁਕੀਆਂ ਤੇ ਮਾਰਚ ਦੇ ਮਹੀਨੇ ਦੀ, ਇਸਤਰੀਆਂ ਦੇ ਦਿਲ ਵਿਚ ਪਿਆਰ ਦੀ ਚੰਗਿਆੜੀ ਲਾਉਣ ਵਾਲੀ ਹਵਾ ਵਿਚ ਲਹਿਲਹਾਂਦੀਆਂ, ਹਲਕੇ ਪੀਲੇ ਰੰਗ ਦੇ ਫੁੱਲਾਂ ਨਾਲ ਭਰੀਆਂ ਡਾਲੀਆਂ ਦਾ ਚਿੱਤਰ ਬਹੁਤ ਸੋਹਣਾ ਖਿਚਿਆ ਹੈ। ਉਸ ਨੇ ਰੇਸ਼ਮ ਦੀਆਂ ਬੁੰਬਲਾਂ ਵਾਂਗਰਾਂ ਲਟਕ ਰਹੀਆਂ ਨਵੀਆਂ ਪੱਤੀਆਂ ਦੇ ਭਾਰ ਹੇਠ ਦੱਬੇ ਹੋਏ, ਮੁਟਿਆਰਾਂ ਦੇ ਦਿਲ ਦਿਗੀਰ ਕਰਨ ਵਾਲੇ ਲਾਲ ਫੁੱਲਾਂ ਨਾਲ ਲੱਦੇ ਅਸ਼ੋਕ ਰੁੱਖ ਦਾ ਜ਼ਿਕਰ ਵੀ ਕੀਤਾ ਹੈ। ਛਛਰੇ ਦੇ ਜੰਗਲ ਦੀ ਧਰਤੀ ਨੂੰ ਲਾਲ ਕਪੜਿਆਂ ਵਿਚ ਲਪੇਟੀ ਨਵੀਂ ਨਵੇਲੀ ਵਹੁਟੀ ਦੇ ਸਮਾਨ ਦਸਿਆ ਹੈ। ਛਛਰੇ ਦੇ ਗੁਲਨਾਰੀ ਫੁੱਲਾਂ ਦੀ ਤੋਤਿਆਂ ਦੀਆਂ ਚੁੰਝਾਂ ਨਾਲ ਉਪਮਾ ਕੈਸੀ ਵਾਸਤਵਕ ਹੈ। ਇਸਤਰੀਆਂ ਦੇ ਸ਼ਿੰਗਾਰ ਦਾ ਵਰਨਣ ਕਰਦਾ ਹੋਇਆ ਕਾਲੀਦਾਸ ਲਿਖਦਾ ਹੈ ਕਿ "ਉਹ ਆਪਣੇ ਸਰੀਰ ਉਤੇ ਖ਼ੁਸ਼ਬੂਦਾਰ ਸਫ਼ੈਦ ਚੰਦਨ ਦਾ ਲੇਪ ਲਾਉਂਦੀਆਂ ਹਨ, ਦੁੱਧ-ਚਿੱਟੇ ਚੰਬੇ ਦੇ ਹਾਰ ਗਲਾਂ ਵਿਚ ਪਾਉਂਦੀਆਂ ਹਨ ਤੇ ਆਪਣੇ ਸਿਰਾਂ ਨੂੰ ਚੰਪਕ ਦੇ ਫੁੱਲਾਂ ਨਾਲ ਸ਼ਿੰਗਾਰਦੀਆਂ ਹਨ। ਵਰਖਾ ਰੁੱਤ ਇਸਤਰੀਆਂ ਆਪਣੇ ਕੇਸਾਂ ਨੂੰ ਕਦੰਬ, ਕੇਸਰੇ, ਕਾਕੁਭੇ ਤੇ ਕੇਤਕੀ ਦੇ ਫੁੱਲਾਂ ਨਾਲ ਸਜਾਉਂਦੀਆਂ ਹਨ।"

ਕਾਲੀਦਾਸ ਨੇ ਸ਼ਕੁੰਤਲਾ ਦੇ ਸ਼ਿੰਗਾਰ ਦਾ ਬਿਆਨ ਇਉਂ ਕੀਤਾ ਹੈ :

ਸ਼ੰਕੁਤਲਾ ਆਪਣੇ ਕੰਨਾਂ ਵਿਚ ਜੋ ਸ਼ਰੀਂਹ ਦੇ ਫੁੱਲ ਸਜਾਉਂਦੀ ਹੈ, ਉਨ੍ਹਾਂ ਦਾ ਕੇਸਰ ਉਸ ਦੀਆਂ ਗੱਲਾਂ ਨੂੰ ਚੁੰਮਦਾ ਰਹਿੰਦਾ ਹੈ, ਤੇ ਪਤਝੜ ਦੀ ਕੋਮਲ ਚਾਨਣੀ ਵਰਗਾ ਕਮਲ ਦੇ ਫੁੱਲਾਂ ਦਾ ਹਾਰ ਉਸ ਦੇ ਕੋਮਲ ਸੀਨੇ 'ਤੇ ਲਟਕਦਾ ਰਹਿੰਦਾ ਹੈ।

ਗੁਪਤਕਾਲ ਤੋਂ ਬਾਅਦ ਹਿੰਦੂ ਸੰਸਕ੍ਰਿਤੀ ਦੀ ਅਵੁਨਤੀ ਸ਼ੁਰੂ ਹੋ ਜਾਂਦੀ ਹੈ। ਇਸ ਤੋਂ ਪਿਛੋਂ ਭਾਰਤੀ-ਵਿਚਾਰਧਾਰਾ ਇੰਨੀ ਬਦਲ ਗਈ ਕਿ ਲੋਕਾਂ ਨੂੰ ਛਛਰੇ, ਮੰਦਾਰ ਤੇ ਕਚਨਾਰ ਦੀ ਸੁੰਦਰਤਾ ਵੀ ਭੁੱਲ ਗਈ। ਕਵਿਤਾ ਵਿਚ ਕਾਲੀਦਾਸ ਵਰਗਾ ਸ਼ਿੰਗਾਰ-ਰਸ ਨਾ ਰਿਹਾ ਤੇ ਕਵਿਤਾ ਦੇ ਨਾਂ ਉਤੇ ਰਸਮੀ ਸ਼ੈਲੀ ਵਿਚ ਕੇਵਲ ਭਜਨ ਹੀ ਰਚੇ ਜਾਣ ਲੱਗ ਪਏ। ਇਹ ਗੀਤ ਬਹੁਤ ਹੀ ਨੀਰਸ, ਨਿਰਾਸ਼ਾ-ਪੂਰਨ ਤੇ ਫਿੱਕੇ ਹੁੰਦੇ ਹਨ; ਇਨ੍ਹਾਂ ਵਿਚ ਕੇਵਲ ਪਰਲੋਕ ਦੀ ਚਿੰਤਾ ਦਾ ਹੀ ਵਰਨਣ ਹੁੰਦਾ ਹੈ ਤੇ ਉਪਾਸ਼ਕਾਂ ਨੂੰ ਮੁਕਤੀ ਪ੍ਰਾਪਤ ਕਰਨ ਵਾਸਤੇ ਵਰਤਾਂ ਤੇ ਉਪਾਸਨਾ ਦੀ ਸਿਖਿਆ ਦਿਤੀ ਹੁੰਦੀ ਹੈ।

ਸਾਡੇ ਵਡੇਰੇ ਸੁੰਦਰਤਾ ਦੇ ਪੁਜਾਰੀ ਸਨ। ਅਸੀਂ ਉਨ੍ਹਾਂ ਦੀ ਸੰਤਾਨ ਹਾਂ ਤੇ ਆਪਣੇ ਆਪ ਨੂੰ ਵਧੇਰੇ ਸਭਿਅਕ ਦਸਦੇ ਹਾਂ ਪਰ ਸ਼ਰਮ ਦੀ ਗੱਲ ਇਹ ਹੈ ਕਿ ਸੁਹਜ-ਸੁਆਦ ਦੇ ਨੁਕਤੇ ਤੋਂ ਅਸੀਂ ਉਕਾ ਹੀ ਨਖਿੱਧ ਹਾਂ। ਸਾਡੇ ਵਿਚੋਂ ਬਹੁਤ ਸਾਰੇ ਤਾਂ ਇਹ ਹੀ ਸਮਝਦੇ ਹਨ ਕਿ ਪੀਲੇ ਫੁੱਲਾਂ ਦੇ ਸੁੰਦਰ, ਝੂਮਦੇ ਹੋਏ ਗੁਛਿਆਂ ਦੀ ਸੁਨਹਿਰੀ ਆਬ ਦੇਣ ਵਾਲੇ, ਅਮਲਤਾਸ ਦੇ ਰੁੱਖ ਵਿਅਰਥ ਹੀ ਫੁਲਦੇ ਹਨ। ਇਸੇ ਕਾਰਣ ਮਾਰਚ ਦੇ ਮਹੀਨੇ ਵਿਚ ਅਰਗਵਾਨੀ ਫੁੱਲਾਂ ਨਾਲ ਢਕ ਜਾਣ ਵਾਲੇ ਸੁੰਦਰ ਕਚਨਾਰ ਸਾਡੇ ਸਰਵਜਨਕ ਬਾਗਾਂ ਦੇ ਖੂੰਜਿਆਂ ਵਿਚ ਸੜ ਬਲ ਰਹੇ ਹਨ ਤੇ ਬਗ਼ੀਚਿਆਂ ਤੇ ਪਾਰਕਾਂ ਵਿਚ ਲਗੇ ਗੁਲਾਬੀ ਤੇ ਲਾਲ ਫੁੱਲਾਂ ਨਾਲ ਲੱਦੇ ਅਰਜੁਨ ਦੇ ਰੁੱਖਾਂ ਵਲ ਵੀ ਕੋਈ ਧਿਆਨ ਤਕ ਨਹੀਂ ਦੇਂਦਾ। ਇਹ ਹੈ ਹਾਲ ਸਾਡੇ ਦੇਸੀ ਰੁੱਖਾਂ ਦਾ। ਬਰਾਉਨੀਆ (ਪਹਾੜੀ ਗੁਲਾਬ), ਕੋਲਵਿਲੀਆ (ਕਿਲਬਿਲੀ), ਪੈਲਟੋਫੋਰਮ ਅਤੇ ਮਿੱਲੇਸ਼ੀਆ ਵਰਗੇ ਬਦੇਸ਼ੀ ਰੁੱਖਾਂ ਨੂੰ ਤਾਂ ਕੋਈ ਰਸੀਆ ਹੀ ਜਾਣਦਾ ਹੈ।

ਸਾਡੀਆਂ ਚੰਗੀਆਂ ਗੱਲਾਂ ਵਲ ਸਾਡਾ ਧਿਆਨ ਆਮ ਤੌਰ ਤੇ ਬਦੇਸ਼ੀ ਹੀ ਦੁਆਉਂਦੇ ਹਨ ਤੇ ਅਸੀਂ ਇਨ੍ਹਾਂ ਦੇ ਵਿਚਕਾਰ ਰਹਿੰਦੇ ਹੋਏ ਵੀ ਇਨ੍ਹਾਂ ਦੇ ਗੁਣਾਂ ਤੇ ਸੁੰਦਰਤਾ ਨੂੰ ਪਹਿਚਾਣ ਨਹੀਂ ਸਕਦੇ। ਜਦ ਤਕ ਕੋਈ ਬਦੇਸ਼ੀ ਕਿਸੇ ਦੇ ਗੁਣਾਂ ਦੀ ਪ੍ਰਸੰਸਾ ਨਾ ਕਰੇ ਸਾਡੀ ਨਿਗਾਹ ਵਿਚ ਕਿਸੇ ਵੀ ਕਵੀ, ਚਿੱਤਰਕਾਰ, ਲੇਖਕ, ਨਚਾਰ ਜਾਂ ਰੁੱਖ ਦਾ ਕੋਈ ਮੁੱਲ ਨਹੀਂ ਹੁੰਦਾ। ਟੈਗੋਰ ਦੇ ਅੰਗਰੇਜ਼ੀ ਉਲਥੇ ਯੂਰਪ ਪਹੁੰਚੇ ਤੇ ਬਹੁਤ ਸਲਾਹੇ ਗਏ, ਉਸ ਤੋਂ ਬਾਅਦ ਹੀ ਟੈਗੋਰ ਨੂੰ ਭਾਰਤ ਦੇ ਲੋਕਾਂ ਮਾਣ ਦਿਤਾ। ਉਥੇ ਸ਼ੰਕਰ ਦੇ ਨਾਚ ਦੀ ਯੂਰਪ ਤੇ ਅਮਰੀਕਾ ਵਿਚ ਬਹੁਤ ਸ਼ਲਾਘਾ ਹੋਈ। ਤਦ ਹੀ ਉਹ ਭਾਰਤ ਵਿਚ ਵੀ ਸਤਿਕਾਰਿਆ ਗਿਆ। ਅਸੀਂ ਭਾਰਤਵਾਸੀ ਗੁਣ-ਪਾਰਖੂ ਅੰਗ੍ਰੇਜ਼ਾਂ ਦੇ ਬਹੁਤ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਆਪਣੀ ਸੰਸਕ੍ਰਿਤੀ ਦੀ ਪੁਨਰ-ਭਾਲ ਵਿਚ ਸਹਾਇਤਾ ਦਿਤੀ। 'ਹੇਵਲ' ਨੇ ਭਾਰਤੀ ਕਲਾ ਦੇ ਗੁਣਾਂ ਨੂੰ ਢੂੰਡ ਦਰਸਾਇਆ, 'ਰੋਰਿਸ਼, 'ਸਮਾਈਥ' ਤੇ ਕਈ ਹੋਰਨਾਂ ਨੇ ਹਿਮਾਲੀਆ ਪਹਾੜਾਂ ਦੀ ਸ਼ੋਭਾ ਨੂੰ

ਚਿੱਤਰਿਆ ਤੇ 'ਬਲੈਟਰ' ਨੇ ਸਾਡੇ ਰੁੱਖਾਂ ਦੀ ਸੁੰਦਰਤਾ ਨੂੰ ਉਜਾਗਰ ਕੀਤਾ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਸੁੰਦਰ ਸ਼ਿਗਾਰ ਰੁੱਖਾਂ ਦੇ ਗਿਆਨ ਨੂੰ ਸਰਬ ਸਾਧਾਰਣ ਤਕ ਤੇ ਖ਼ਾਸ ਕਰਕੇ ਹਰ ਨੌਜਵਾਨ ਤਕ ਪਹੁੰਚਾਈਏ ਤਾਂ ਜੋ ਉਨ੍ਹਾਂ ਦਾ ਵਾਤਾਵਰਨ ਵਧੇਰਾ ਖੁਸ਼ੀਆਂ ਭਰਪੂਰ ਤੇ ਰੰਗੀਨ ਬਣ ਸਕੇ ਤੇ ਉਨ੍ਹਾਂ ਨੂੰ ਸੁਹਜ-ਸੁਆਦ ਦੀ ਚੇਟਕ ਲੱਗ ਸਕੇ।

ਕਲਾ ਦੇ ਪ੍ਰਚਾਰ ਸੰਬੰਧੀ 'ਰੋਰਿਸ਼' ਦਾ ਕਹਿਣਾ ਹੈ ਕਿ ਕਲਾਤਮਕ ਚਿੱਤਰ ਕੇਵਲ ਕਲਾ-ਭਵਨਾਂ ਦੇ ਅਜਾਇਬ-ਘਰਾਂ ਵਿਚ ਹੀ ਨਹੀਂ ਲੱਗਣੇ ਚਾਹੀਦੇ ਸਗੋਂ ਇਨ੍ਹਾਂ ਨੂੰ ਹਸਪਤਾਲਾਂ ਤੇ ਜੇਲ੍ਹਾਂ ਵਿਚ ਵੀ ਲਾਣਾ ਚਾਹੀਦਾ ਹੈ। ਜੇਲ੍ਹਾਂ ਵਿਚ ਕਲਾ ਦੇ ਪਹੁੰਚਣ ਨਾਲ ਜੇਲ੍ਹਾਂ, ਜੇਲ੍ਹਾਂ ਨਹੀਂ ਰਹਿਣ ਲਗੀਆਂ। ਚੰਗੇ ਚਿੱਤਰ ਦੀ ਸ਼ਲਾਂਘਾ ਕਰ ਸਕਣ ਵਾਲਾ ਵਿਅਕਤੀ ਅਗੋਂ ਕਦੀ ਜੁਰਮ ਕਰਨ ਦਾ ਹੀਆ ਨਹੀਂ ਕਰੇਗਾ। ਇਸੇ ਤਰ੍ਹਾਂ ਜੋ ਮਨੁੱਖ ਸੁੰਦਰ ਫੁੱਲਾਂ ਦੀ ਸ਼ਲਾਘਾ ਕਰ ਸਕੇਗਾ ਉਹ ਮਾਦਾ-ਪ੍ਰਸਤ ਨਹੀਂ ਰਹਿ ਸਕੇਗਾ ਤੇ ਉਸ ਦੇ ਵਿਚਾਰ ਬਹੁਤ ਉਚੇ ਹੋ ਜਾਣਗੇ। ਇਸ ਲਈ ਕਿਸੇ ਵੀ ਦੇਸ਼ ਜਾਂ ਜਾਤੀ ਦੀ ਸੰਸਕ੍ਰਿਤੀ ਤੇ ਵਿਕਾਸ ਵਾਸਤੇ ਸੁਹਜ-ਸੁਆਦ ਦੇ ਵਿਕਾਸ ਦੀ ਯੋਜਨਾ ਦਾ ਹੋਣਾ ਬਹੁਤ ਹੀ ਅਵਸ਼ਕ ਹੁੰਦਾ ਹੈ।

ਸਾਡੇ ਕਵੀਆਂ ਦੇ ਸਾਹਮਣੇ ਸੁੰਦਰ ਰੁੱਖਾਂ ਦੇ ਪੂਰ ਵਿਚ ਬੇਅੰਤ ਸਮਗਰੀ ਪਈ ਹੋਈ ਹੈ ਪਰ ਉਹ ਉਸ ਵਲ ਗਹੁ ਨਹੀਂ ਕਰਦੇ। ਕਚਨਾਰ ਦੇ ਫੁੱਲਾਂ ਦੀ ਆਸ ਅਤੇ ਅਮਲਤਾਸ ਦੇ ਫੁੱਲਾਂ ਦੀ ਸੁਨਹਿਰੀ ਛਬ ਵੀ ਉਨ੍ਹਾਂ ਨੂੰ ਟੁੰਬਦੀ ਨਹੀਂ। ਸਾਨੂੰ ਆਪਣੇ ਮੁਸ਼ਾਇਰਿਆਂ ਤੇ ਕਲੀ ਦਰਬਾਰਾਂ ਵਿਚ ਸੁੰਦਰ ਭਾਰਤੀ ਰੁੱਖਾਂ ਦੀਆਂ ਸਮੱਸਿਆਵਾਂ ਦੇਣੀਆਂ ਚਾਹੀਦੀਆਂ ਹਨ ਅਤੇ ਸ਼ਾਇਰਾਂ ਤੇ ਕਵੀਆਂ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਉਸ ਆਪਣੀਆਂ ਕਵਿਤਾਵਾਂ ਵਿਚ ਕਚਨਾਰ, ਅਮਲਤਾਸ, ਚੰਪਕ ਤੇ ਨੀਲੀ ਗੁਲਮੁਹਰ ਦਾ ਵਰਨਣ ਕਰਨ। ਇਸ ਤਰ੍ਹਾਂ ਇਨ੍ਹਾਂ ਰੁੱਖਾਂ ਦੇ ਫੁੱਲਣ ਦਾ ਮੌਸਮ ਬੀਤ ਚੁੱਕਣ ਤੇ ਵੀ ਅਸੀਂ ਇਨ੍ਹਾਂ ਦੇ ਫੁੱਲਾਂ ਦੀ ਸੁੰਦਰਤਾ ਨੂੰ ਉਨ੍ਹਾਂ ਦੇ ਵਰਨਣ ਵਾਲੀਆਂ ਕਵਿਤਾਵਾਂ ਰਾਹੀਂ ਮਾਣ ਸਕਾਂਗੇ। ਇਨ੍ਹਾਂ ਮੁਸ਼ਾਇਰਿਆਂ ਤੇ ਕਵੀ ਦਰਬਾਰਾਂ ਦਾ ਇਕ ਹੋਰ ਫ਼ਾਇਦਾ ਵੀ ਹੋਵਾਗਾ। ਉਹ ਇਹ ਕਿ ਜੋ ਬਦੇਸ਼ੀ ਰੁੱਖ ਅਸੀਂ ਆਪਣੇ ਦੇਸ ਵਿਚ ਉਗਾਉਂਦੇ ਹਾਂ ਉਨ੍ਹਾਂ ਨੂੰ ਠੀਕ ਨਾਉਂ ਚੋਣ ਵਿਚ ਇਹ ਕਵੀ ਦਰਬਾਰ ਬਹੁਤ ਸਹਾਈ ਸਿੱਧ ਹੋਣਗੇ।

# ਸ਼ਿਵਾਲਕ

ਸ਼ਿਵਾਲਕ ਦੀਆਂ ਨੀਲੀਆਂ ਪਹਾੜੀਆਂ ਦੇ ਪਿਛੇ ਬਰਫ਼ਾਂ ਨਾਲ ਢਕੀਆਂ ਚੋਟੀਆਂ ਦੀ ਇਕ ਕਤਾਰ ਹੈ ਜਿਹੜੀ ਜਨਵਰੀ ਦੇ ਮਹੀਨੇ ਵਿਖਾਈ ਦਿੰਦੀ ਹੈ। ਧੌਲੀਧਾਰ ਨਾਂ ਦੀ ਇਹ ਬਾਹੀ ਉੱਤਰ ਦੇ ਦਿਸਹੱਦੇ 'ਤੇ ਇਕ ਜਾਦੂ ਵਾਂਗ ਪੋਹ ਦੇ ਮਹੀਨੇ ਵਿਚ ਉਜਾਗਰ ਹੁੰਦੀ ਹੈ ਅਤੇ ਵਿਸਾਖ ਦੇ ਮਹੀਨੇ ਫੇਰ ਧੂੜ ਤੇ ਧੁੰਦ ਵਿਚ ਅਲੋਪ ਹੋ ਜਾਂਦੀ ਹੈ। ਸ਼ਿਵਾਲਕ ਦੀਆਂ ਨੀਲੀਆਂ ਪਹਾੜੀਆਂ ਦੇ ਪਿਛੋਕੜ ਵਿਚ ਇਹ ਅਤਿ ਸੁੰਦਰ ਮਲੂਮ ਹੁੰਦੀ ਹੈ ਤੇ ਏਦਾਂ ਜਾਪਦੀ ਹੈ ਜਿਵੇਂ ਇਹ ਪੰਜਾਬ ਦੇ ਮੈਦਾਨਾਂ ਦਾ ਤਾਜ ਹੋਵੇ।

ਹੁਸ਼ਿਆਰਪੁਰ ਜ਼ਿਲੇ ਵਿਚ ਆਪਣੇ ਪਿੰਡ ਘਰ ਦੀ ਛੁੱਟ 'ਤੇ ਖਲੋਤਾ ਮੈਂ ਕਈ ਵਾਰ ਇਸ ਬਰਫ਼ ਦੀ ਧਾਰ ਵੇਖ ਕੇ ਸੋਚਾਂ ਵਿਚ ਡੁੱਬ ਜਾਂਦਾ ਸਾਂ। ਮੇਰੇ ਉਤੇ ਇਸ ਦਾ ਹਮੇਸ਼ਾਂ ਜਾਦੂ ਵਰਗਾ ਅਸਰ ਹੁੰਦਾ, ਤੇ ਮੈਂ ਇਸ ਨੂੰ ਸਤਿਕਾਰ ਤੇ ਚਾਵਾਂ ਭਰਪੂਰ ਦਿਲ ਨਾਲ ਵੇਖਦਾ ਰਹਿੰਦਾ। ਫੇਰ ਮੈਂ ਇਸ ਬਰਫ਼ ਦੀ ਧਾਰ ਦਾ ਦ੍ਰਿਸ਼ ਬਨਖੰਡੀ ਦੇ ਇਕਾਂਤਮਈ ਬੰਗਲੇ ਤੋਂ ਵੇਖਿਆ, ਜਿਹੜਾ ਹੁਸ਼ਿਆਰਪੁਰ ਤੋਂ ਊਨਾ ਜਾਣ ਵਾਲੀ ਪਹਾੜੀ ਸੜਕ 'ਤੇ ਬਣਿਆ ਹੋਇਆ ਹੈ। ਮੈਨੂੰ ਜਾਪਿਆ ਜਿਵੇਂ ਇਹ ਬੰਗਲਾ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਕਿਸੇ ਬਾਜ਼ ਦਾ ਆਲ੍ਹਣਾ ਹੈ, ਤੇ ਇਥੋਂ ਮੈਂ ਧੌਲੀਧਾਰ ਦੀ ਅਦੁੱਤੀ ਛੱਬ ਨੂੰ ਮਾਣਦਾ ਨਹੀਂ ਸੀ ਥਕਦਾ। ਚਿੰਤਪੁਰਨੀ ਦੇ ਮੰਦਰ ਤੋਂ ਮੈਂ ਇਸ ਬਰਫ਼ਾਨੀ ਪਹਾੜ ਦਾ ਦ੍ਰਿਸ਼ ਹੋਰ ਨੇੜਿਉਂ ਤਕਿਆ, ਤੇ ਮੈਨੂੰ ਚੁੰਬਕ ਵਾਂਗ ਆਪਣੇ ਵੱਲ ਖਿੱਚਦਾ ਮਹਿਸੂਸ ਹੋਇਆ। ਸੂਰਜ ਦੀ ਰੌਸ਼ਨੀ ਵਿਚ ਇਹ ਇੰਜ ਚਮਕ ਰਹੀ ਸੀ ਜਿਵੇਂ ਚਾਂਦੀ ਦੀ ਡਲੀ ਹੋਵੇ, ਜਾਂ ਕੋਈ ਹਿਮਾਲੀਆਂ ਪਰਬਤ ਦੀ ਸੱਜ ਵਿਆਹੀ ਰਾਣੀ ਕਿਸੇ ਡੂੰਘੀ ਉਡੀਕ ਵਿਚ ਗੁਆਚੀ ਹੋਵੇ।

ਕਾਂਗੜੇ ਦੀ ਵਾਦੀ ਆਪਣੇ ਇਲਾਕੇ ਦੀ ਕੋਮਲ ਸੁੰਦਰਤਾ ਲਈ ਬਹੁਤ ਮਸ਼ਹੂਰ ਹੈ। ਮਧਰੀਆਂ ਮਧਰੀਆਂ ਪਹਾੜੀਆਂ, ਤੇ ਨਿੱਕੇ ਨਿੱਕੇ ਘਰਾਂ, ਕੋਠਿਆਂ, ਹਵੇਲੀਆਂ ਤੇ ਮੰਦਰਾਂ ਵਿਚਕਾਰ ਪੌੜੀਦਾਰ ਖੇਤਾਂ ਦੇ ਲਹਿਰਾਂ ਵਰਗੇ ਫੈਲਰੇ ਹੋਏ ਬੰਨਿਆਂ ਵਿਚੋਂ ਬਰਫ਼ ਦੇ ਠੰਡੇ ਠਾਰ ਮੋਤੀਆਂ ਵਰਗੇ ਸਵੱਛ ਪਾਣੀ ਦੀਆਂ ਅਨਗਿਣਤ ਕੂਲ੍ਹਾਂ ਕਾਰਨ ਇਹ ਵਾਦੀ ਬੜੀ ਹੀ ਮਨਮੋਹਣੀ ਲੱਗਦੀ ਹੈ ਇਸ ਵਾਦੀ ਦੀ ਨਸਵਾਨੀ ਸੁੰਦਰਤਾ ਦੇ ਉਲਟ ਧੌਲੀਧਾਰ ਦੇ ਹਿਮ ਨਾਲ ਡਕੇ, ਆਕਾਸ਼ ਨਾਲ ਗੱਲਾਂ ਕਰ ਰਹੇ ਪਹਾੜ ਸਨ, ਜਿਨ੍ਹਾਂ ਵਿਚੋਂ ਬਰਫ਼ਾਨੀ ਨਦੀਆਂ

ਨੱਚਦੀਆਂ ਗਾਉਂਦੀਆਂ ਲੰਘਦੀਆਂ ਹਨ। ਇਸ ਦੇ ਚੀਲ੍ਹ ਦੇ ਜੰਗਲਾਂ ਅਤੇ ਮੈਦਾਨਾਂ ਉਤੇ ਚੁੱਪ ਤੇ ਸ਼ਾਂਤੀ ਦਾ ਰਾਜ ਹੈ। ਕਿਸੇ ਦੇਸ਼ ਦੀ ਸੁੰਦਰਤਾ ਉਸ ਦੇ ਕੁਦਰਤੀ ਨਜ਼ਾਰਿਆਂ ਕਰਕੇ ਹੀ ਨਹੀਂ ਹੁੰਦੀ ਸਗੋਂ ਉਸ ਦੇ ਲੋਕਾਂ ਕਰਕੇ ਵੀ ਹੁੰਦੀ ਹੈ। ਕਾਂਗੜੇ ਦੀ ਵਾਦੀ ਵਿਚ ਪ੍ਰਕ੍ਰਿਤੀ ਦਾ ਸੁਹੱਪਣ ਉਥੋਂ ਦੇ ਵੱਸਣ ਵਾਲੇ ਲੋਕਾਂ ਦੀ ਸੁੰਦਰਤਾ ਨਾਲ ਹੋਰ ਵੀ ਚਮਕ ਉਠਦਾ ਹੈ। ਧੌਲੀਧਾਰ ਦੇ ਸੰਘਣੇ ਜੰਗਲਾਂ ਵਿਚ ਗੱਦੀ ਨੌਜਵਾਨ ਤੇ ਸੁੰਦਰ ਗੱਦਣਾਂ ਘੁੰਮਦੀਆਂ ਫਿਰਦੀਆਂ ਹਨ। ਉਨ੍ਹਾਂ ਦਾ ਜੀਵਨ ਨਿਰੋਲ ਪੇਂਡੂ ਸਾਦਗੀ ਦਾ ਜੀਵਨ ਹੈ। ਵਾਦੀ ਦੀਆਂ ਛੰਨਾਂ ਵਿਚ ਰਾਜਪੂਤ ਤੇ ਬ੍ਰਾਹਮਣ ਸੁੰਦਰੀਆਂ ਆਪਣੀ ਸੁੰਦਰਤਾ ਨੂੰ ਲੱਖ ਸ਼ਰਮਾਂ ਨਾਲ, ਲੱਖ ਸੰਕੋਚਾਂ ਨਾਲ ਲੁਕਾਂਦੀਆਂ ਫਿਰਦੀਆਂ ਹਨ-ਲੋਕਾਂ 'ਤੇ ਪਿਆਰੇ ਪਿਆਰੇ ਘੱਗਰੇ, ਨੱਕ ਵਿਚ ਨਵੇਲੀਆਂ ਨੱਥਾਂ, ਅਤੇ ਸਿਰ ਉਤੇ ਚਮਕਦੇ ਚੌਂਕ। ਇਸ ਵਾਦੀ ਵਿਚ ਸਾਨੂੰ ਕਾਂਗੜੇ ਦੀ ਅਤੀ ਸੁੰਦਰ ਕਲਾ ਦੇ ਨਮੂਨੇ ਵੀ ਮਿਲਦੇ ਹਨ, ਜਿਸ ਵਿਚ ਪਿਆਰ ਦੇ ਜਜ਼ਬੇ ਨੂੰ ਰੰਗਾਂ ਤੇ ਲੀਕਾਂ ਦੇ ਅਤਿਅੰਤ ਕੋਮਲ ਮੇਲ ਨੇ ਅਮਰ ਕਰ ਦਿਤਾ। ਹੁਣ ਦੋ ਸਦੀਆਂ ਗੁਜ਼ਰ ਜਾਣ ਤੋਂ ਬਾਅਦ ਵੀ ਉਸ ਕਲਾ ਵਿਚ ਦਰਸਾਏ ਪਾਤਰ ਜਿਵੇਂ ਜਿਉਂਦੇ ਜਾਗਦੇ, ਹੱਸਦੇ ਖੇਡਦੇ ਵਿਆਈ ਦਿੰਦੇ ਹਨ। ਮੇਰੇ ਦਿਲ ਵਿਚ ਆਈ ਕਿ ਮੈਂ ਕਾਂਗੜੇ ਦੀ ਇਸ ਅਦੁੱਤੀ ਵਾਦੀ ਨੂੰ ਹੋਰ ਨੇੜਿਉਂ ਤੱਕਾਂ ਤੇ ਮਾਣਾਂ।

ਘੁੰਗੀਆਂ ਦੀ ਘੂੰ-ਘੂੰ ਨਾਲ ਹਵਾ ਗੂੰਜ ਰਹੀ ਸੀ, ਤੇ ਮੋਰ ਮਸਤੀ ਵਿਚ ਆ ਕੇ ਕੋਠਿਆਂ ਦੀਆਂ ਛੱਤਾਂ ਉਤੇ ਪੈਲਾ ਪਾ ਰਹੇ ਸਨ। ਖੰਭ ਫੁਲਾ ਕੇ ਫੜਫੜਾਉਂਦੇ ਹੋਏ ਆਪਣੇ ਚਮਕਦੇ ਪੰਖ ਵਿਖਾ ਕੇ ਉਹ ਮੋਰਨੀਆਂ ਦਾ ਦਿਲ ਮੋਹ ਰਹੇ ਸਨ। ਪੁੰਗਰੇ ਦੀ ਰੁੱਤ ਸੀ। ਤੂਤਾਂ ਦੇ ਕੂਲੇ ਕੂਲੇ ਪੱਤੇ ਖੁੱਲ੍ਹ ਰਹੇ ਸਨ ਤੇ ਟਾਹਲੀਆਂ, ਜਿਹੜੀਆਂ ਇਕ ਹਫ਼ਤਾ ਹੋਇਆ ਸੁੱਕੇ ਛਾਪਿਆਂ ਵਾਂਗ ਦਿਸਦੀਆਂ ਸਨ, ਉਨ੍ਹਾਂ ਵਿਚ ਵੀ ਹਰੇ ਰੰਗ ਦੀ ਭਾਹ ਪੈ ਰਹੀ ਸੀ। ਪੱਤਿਆਂ ਦੀਆਂ ਲੱਖਾਂ ਪਪੀਸੀਆਂ ਖੁਲ੍ਹਣ ਦੀਆਂ ਤਿਆਰੀਆਂ ਕਰ ਰਹੀਆਂ ਸਨ। ਅੰਬਾਂ ਦੇ ਬਾਗ਼ਾਂ ਦੀ ਉਦਾਸੀ ਵੀ ਮੁਕ ਰਹੀ ਸੀ। ਸਾਰੇ ਬ੍ਰਿਛ ਹਲਕੇ ਪੀਲੇ ਬੂਰ ਨਾਲ ਲੱਦੇ ਹੋਏ ਸਨ। ਰਾਤ ਨੂੰ ਬੰਬੀਹੇ ਹੀ 'ਪੀ ਕਹਾ' 'ਪੀ ਕਹਾਂ' ਦਾ ਰਾਗ ਖੂਬ ਰੌਣਕ ਲਾ ਰਿਹਾ ਸੀ, ਤੇ ਦਿਨ ਵਿਚ ਕੋਇਲਾਂ ਦੀ 'ਤੂੰ ਹੋ' 'ਤੂੰ ਹੋ ਬਾਗ਼ਾਂ ਦੀ ਰੌਣਕ ਨੂੰ ਵਧਾ ਰਹੀ ਸੀ। ਮੇਰੇ ਸਾਹਮਣੇ ਧੌਲੀਧਾਰ ਦੀ ਚਿੱਟੀ ਕੰਧ ਬਰਫ਼ ਨਾਲ ਭਰੀ ਹੋਈ ਵਿਖਾਈ ਦੇ ਰਹੀ ਸੀ, ਤੇ ਉਸਦੇ ਹੇਠਾਂ ਸ਼ਿਵਾਲਕ ਦੀਆਂ ਨੀਲੀਆਂ ਪਹਾੜੀਆਂ ਹੋਰ ਵੀ ਸੁੰਦਰ ਮਾਲੂਮ ਹੋ ਰਹੀਆਂ ਸਨ।

ਕਾਂਗੜੇ ਦੀ ਵਾਦੀ ਦੇ ਪਹਾੜਾਂ, ਦਰਿਆਵਾਂ, ਉਥੋਂ ਦੇ ਲੋਕਾਂ ਤੇ ਉਨ੍ਹਾਂ ਦੀ ਕਲਾ ਦੀ ਸੁੰਦਰਤਾ ਦੀ ਭਾਲ ਮੈਂ ਮਾਰਚ 1951 ਵਿਚ ਆਰੰਭ ਕੀਤੀ। ਕਾਂਗੜਾ ਬਿਆਸ ਦਰਿਆ ਦੀ

ਵਾਦੀ ਹੈ। ਇਥੇ ਬਿਆਸ ਵਿਚ ਹੋਰ ਵੀ ਕਈ ਨਦੀਆਂ ਮਿਲਦੀਆਂ ਹਨ। ਅਸੀਂ ਬਿਆਸ ਦਰਿਆ ਨੂੰ ਮੀਰਥਲ ਤੇ ਨਵੇਂ ਬਣੇ ਪੁਲ ਰਾਹੀਂ ਪਾਰ ਕੀਤਾ। ਮੁਕੇਰੀਆਂ ਪਠਾਨਕੋਟ ਸੜਕ ਪੰਜਾਬ ਦੀ ਸਭ ਤੋਂ ਰਮਣੀਕ ਸੜਕ ਹੈ। ਪਹਾੜੀਆਂ ਦੇ ਪੈਰਾਂ ਵਿਚ ਇਹ ਸੜਕ ਅੰਬਾਂ ਦੇ ਬਾਗ਼ਾਂ ਵਿਚੋਂ ਲੰਘਦੀ ਕਈ ਚੋਆਂ ਨੂੰ ਉਲਾਂਘਦੀ ਹੈ, ਜਿਨ੍ਹਾਂ ਉਤੇ ਥਾਂ ਥਾਂ 'ਤੇ ਪੁਲ ਬਣਾਏ ਗਏ ਹਨ। ਮੀਰਥਲ ਦਾ ਪੁਲ ਇੰਜੀਨੀਅਰ ਵਿਗਿਆਨ ਦਾ ਇਕ ਵਧੀਆ ਨਮੂਨਾ ਹੈ। ਜਦੋਂ ਅਸੀਂ ਇਸ ਇਲਾਕੇ ਵਿਚੋਂ ਲੰਘੇ ਤਾਂ ਅੰਬਾਂ ਦੇ ਬੂਟਿਆਂ ਉਤੇ ਹਲਕਾ ਪੀਲਾ ਬੂਰ ਆਇਆ ਹੋਇਆ ਸੀ ਜਿਸ ਨਾਲ ਹਵਾ ਵਿਚ ਸੁਗੰਧਾਂ ਖਿਲਰੀਆਂ ਹੋਈਆ ਸਨ। ਖੇਤਾਂ ਵਿਚ ਚਹੁੰ-ਪਾਸੀਂ ਹਰਿਆਵਲ ਸੀ ਤੇ ਕਣਕ ਦੀਆਂ ਪੈਲੀਆਂ ਸਵੇਰ ਦੀ ਸ਼ੀਤਲ ਪੌਣ ਨਾਲ ਝੂਮ ਰਹੀਆਂ ਸਨ। ਅੱਠ ਮੀਲ ਮੋਟਰ ਚਲਾਉਣ ਤੋਂ ਬਾਅਦ ਅਸੀਂ ਡਮਠਾਲ ਦੇ ਆਸ਼ਰਮ 'ਤੇ ਪੁਜ ਗਏ। ਇਹ ਆਸ਼ਰਮ ਸ਼ਿਵਾਲਕ ਦੀ ਗੋਦੀ ਵਿਚ ਬਣਿਆ ਹੋਇਆ ਹੈ। ਆਸ਼ਰਮ ਤਕ ਪੁਜਣ ਤੋਂ ਪਹਿਲੇ ਅਸੀਂ ਇਕ ਅਤਿ ਸੰਘਣੇ ਬੋਹੜਾਂ ਦੇ ਝੁੰਡ ਵਿਚੋਂ ਲੰਘੇ। ਬੋਹੜਾਂ ਦੇ ਇਹ ਬ੍ਰਿਛ ਸਾਨੂੰ ਇੰਜ ਲਗੇ ਜਿਵੇਂ ਹਰੇ ਰੰਗ ਦੇ ਮੰਦਰਾਂ ਦੇ ਝੁਰਮੁਟ ਹੋਣ। ਇਨ੍ਹਾਂ ਦੀ ਠੰਢੀ ਮਿੱਠੀ ਛਾਂ ਹੇਠਾਂ ਜਾਤਰੀ ਸੌਂ ਜਾਂਦੇ ਹਨ, ਤੇ ਇਨ੍ਹਾਂ ਦੇ ਸੰਘਣੇ ਘੇਰਿਆਂ ਵਿਚੋਂ ਸੂਰਜ ਦੀਆਂ ਕਿਰਨਾਂ ਕਦੀ ਕਦਾਈਂ ਹੀ ਹੇਠ ਪੁੱਜ ਸਕਦੀਆਂ ਹਨ, ਤੇ ਹਮੇਸ਼ਾ ਹਨੇਰਾ ਹਨੇਰਾ ਰਹਿੰਦਾ ਹੈ।

ਬੋਹੜ ਤੇ ਬ੍ਰਿਛਾਂ ਦੀਆਂ ਲਟਕ ਰਹੀਆਂ ਹਵਾਈ ਜੜ੍ਹਾਂ ਕਿਸੇ ਹਿਮਾਲਿਆਂ 'ਤੇ ਤਪੱਸਵੀ ਦੀਆਂ ਗੁੰਦੀਆਂ ਹੋਈਆਂ ਜੱਟਾਂ ਵਾਂਗ ਜਾਪਦੀਆਂ ਹਨ। ਅਸੀਂ ਇਕ ਅਤਿ ਪੁਰਾਣੇ, ਅਤਿ ਪਵਿੱਤਰ ਤੇ ਬੇਮਿਸਾਲ ਆਸ਼ਰਮ ਵਿਚ ਪਰਵੇਸ਼ ਕਰ ਰਹੇ ਸਾਂ। ਆਸ਼ਰਮ ਦੇ ਅੰਦਰ ਇਕ ਖ਼ੂਬਸੂਰਤ ਡਿਉਢੀ ਵਿਚੋਂ ਹੋ ਕੇ ਜਾਈਦਾ ਹੈ, ਜਿਹੜੀ ਰਾਜਪੂਤਾਂ ਦੀ ਭਵਨ ਉਸਾਰੂ ਕਲਾ ਦੇ ਆਧਾਰ 'ਤੇ ਬਣਾਈ ਗਈ ਹੈ। ਬਾਹਰ ਤੇ ਵੱਡੇ ਦਰਵਾਜ਼ੇ 'ਤੇ ਇਕ ਬਹੁਤ ਵੱਡਾ ਡੂਮਣਾ ਲੱਗਾ ਹੋਇਆ ਸੀ। ਇਸ ਤੋਂ ਬਾਅਦ ਮਹੰਤਾਂ ਦੀਆਂ ਸਮਾਧਾਂ ਬਣੀਆਂ ਹੋਇਆਂ ਸਨ।

ਇਹ ਆਸ਼ਰਮ ਤੋਤਾ ਰਾਮ ਤੇ ਪੁੱਤਰ ਨਰਾਇਣ ਦਾ ਵਸਾਇਆ ਹੋਇਆ ਹੈ, ਜੋ ਗੁਰਦਾਸਪੁਰ ਜ਼ਿਲੇ ਦੇ ਕਾਹਨੂਵਾਣ ਨਾਂ ਦੇ ਪਿੰਡ ਦਾ ਬ੍ਰਾਹਮਣ ਸੀ। ਨਰਾਇਣ ਦੀ ਕਰਾਮਾਤੀ ਸ਼ਕਤੀ ਬਾਰੇ ਕਈ ਕਿੱਸੇ ਮਸ਼ਹੂਰ ਹਨ। ਕਿਹਾ ਜਾਂਦਾ ਹੈ ਕਿ ਡਮਠਾਲ ਕੋਲੋਂ ਇਕ ਸੌਦਾਗਰ ਗੁਜ਼ਰਿਆ ਸੀ ਜਿਸ ਕੋਲ ਖੱਚਰਾਂ ਉਤੇ ਖੰਡ ਦੀਆਂ ਬੋਰੀਆਂ ਲੱਦੀਆਂ ਹੋਈਆਂ ਸਨ। ਖੇਡ ਰਹੇ ਕੁਛ ਮੁੰਡਿਆਂ ਨੇ ਸੌਦਾਗਰ ਤੋਂ ਪੁਛਿਆਂ, "ਬੋਰੀਆਂ ਵਿਚ ਕੀ ਏ ?" ਸੌਦਾਗਰ ਨੇ ਕਿਹਾ, "ਖੰਡ"। ਮੁੰਡਿਆਂ ਵਿਚੋਂ ਨਰਾਇਣ ਨਾਂ ਦੇ ਇਕ ਮੁੰਡੇ ਨੇ ਕਿਹਾ, "ਬੋਰੀਆਂ ਵਿਚ ਤੇ ਰੇਤ ਏ।" ਸੌਦਾਗਰ ਦੇ ਮੁੰਡੇ ਦੀ ਗੱਲ ਵੱਲ ਕੋਈ ਧਿਆਨ ਨਾ ਦਿਤਾ ਪਰ ਮੰਜ਼ਲ 'ਤੇ ਪੁਜ ਕੇ ਉਹਨੇ

ਵੇਖਿਆ ਬੋਰੀਆਂ ਵਿਚ ਸੱਚ ਮੁੱਚ ਰੇਤ ਹੀ ਸੀ। ਮੁੜਦਿਆਂ ਸੌਦਾਗਰ ਨੂੰ ਫੇਰ ਡਮਠਾਲ ਵਿਚ ਮੁੰਡਿਆਂ ਨਾਲ ਖੇਡ ਰਿਹਾ ਨਰਾਇਣ ਮਿਲਿਆ। ਇਸ ਵਾਰੀ ਨਰਾਇਣ ਨੇ ਕਿਹਾ, "ਬੋਰੀਆਂ ਵਿਚ ਤੇ ਖੰਡ ਏ।" ਤੇ ਇਹ ਵੇਖ ਕੇ ਸੌਦਾਗਰ ਦੀ ਖ਼ੁਸ਼ੀ ਦੀ ਹੱਦ ਨਾ ਰਹੀ ਕਿ ਬੋਰੀਆਂ ਸੱਚ ਮੁੱਚ ਖੰਡ ਦੀਆਂ ਭਰੀਆਂ ਹੋਈਆ ਸਨ। ਇਸ ਗੱਲ ਤੋਂ ਬਾਅਦ ਮਸ਼ਹੂਰ ਹੋ ਗਿਆ ਕਿ ਬ੍ਰਾਹਮਣਾਂ ਦੇ ਉਸ ਮੁੰਡੇ ਵਿਚ ਕੋਈ ਰੱਬੀ ਤਾਕਤ ਹੈ। ਏਸੇ ਤਰ੍ਹਾਂ ਦੀ ਕਹਾਣੀ, ਸ਼ੇਖ਼ ਫ਼ਰੀਦ ਬਾਰੇ ਵੀ ਮਸ਼ਹੂਰ ਹੈ। ਤਾਂ ਹੀ ਉਨ੍ਹਾਂ ਨੂੰ ਫ਼ਰੀਦ ਸ਼ਕਰਗੰਜ ਕਿਹਾ ਜਾਂਦਾ ਹੈ।

ਕੁਝ ਚਿਰ ਬਾਅਦ ਨਰਾਇਣ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਸ਼ਾਹਦਰੇ ਬੁਲਵਾਇਆ ਤੇ ਉਹਦੀ ਕਰਾਮਾਤ ਨੂੰ ਅਜ਼ਮਾਣ ਲਈ ਉਸ ਨੂੰ ਛੇ ਪਿਆਲੇ ਜ਼ਹਿਰ ਦੇ ਦਿਤੇ। ਨਰਾਇਣ ਸਾਰੇ ਦੇ ਸਾਰੇ ਪਿਆਲੇ ਹੱਸਦਾ ਖੇਡਦਾ ਪੀ ਗਿਆ। ਇਹ ਵੇਖਣ ਲਈ ਕਿ ਉਹ ਜ਼ਹਿਰ ਵੀ ਸੀ ਕਿ ਨਹੀਂ, ਸਤਵਾਂ ਪਿਆਲਾ ਇਕ ਹਾਥੀ ਨੂੰ ਪਿਆਇਆ ਗਿਆ। ਹਾਥੀ ਅੱਖ ਦੇ ਫੇਰ ਵਿਚ ਹੀ ਢੇਰੀ ਹੋ ਗਿਆ। ਇਸ ਕਰਾਮਾਤ ਦੀ ਕਥਾ ਮੰਦਰ ਦੇ ਅੰਦਰ ਕੰਧ 'ਤੇ ਬਣੇ ਇਕ ਚਿੱਤਰ ਵਿਚ ਦਰਸਾਈ ਗਈ ਹੈ ਜਿਸ ਵਿਚ ਨਰਾਇਣ ਜ਼ਹਿਰ ਦਾ ਪਿਆਲਾ ਗਟਾ-ਗਟ ਪੀ ਰਿਹਾ ਹੈ, ਤੇ ਉਸ ਦੇ ਪਿਛੇ ਉਸ ਦੀ ਕੰਡ ਉਤੇ ਉਸ ਦੇ ਗੁਰੂ ਭਗਵਾਨ ਦੇ ਦੋਵੇਂ ਹੱਥ ਇਸ ਨੂੰ ਉਸ ਔਖੀ ਘਾਟੀ ਤੋਂ ਪਾਰ ਉਤਾਰ ਰਹੇ ਹਨ।

ਕਿਹਾ ਜਾਂਦਾ ਹੈ ਕਿ ਡਮਠਾਲ ਵਿਚ ਪਾਣੀ ਦੀ ਬੜੀ ਤੰਗੀ ਸੀ। ਇਸ ਕਾਰਨ ਪਿੰਡ ਵਾਸੀਆਂ ਨੂੰ ਬੜੀ ਮੁਸ਼ਕਲ ਪੈਂਦੀ ਸੀ। ਨਰਾਇਣ ਇਕ ਵਾਰ ਮੰਦਰ ਦੇ ਪਿਛੇ ਜੰਗਲ ਵਿਚ ਤਪੱਸਿਆ ਕਰ ਰਿਹਾ ਸੀ ਤੇ ਅਚਾਨਕ ਹੀ ਉਸ ਨੇ ਧਰਤੀ ਵਿਚ ਚਿਮਟਾ ਮਾਰਿਆ, ਤੇ ਵਿਚੋਂ ਪਾਣੀ ਦਾ ਚਸ਼ਮਾ ਫੁਟ ਪਿਆ। ਇਸ ਚਸ਼ਮੇ ਉਤੇ ਹੁਣ ਪੱਕਾ ਤਲਾਅ ਬਣਾ ਦਿਤਾ ਗਿਆ ਹੈ। ਇਹਦੇ ਇਕ ਪਾਸੇ ਇਕ ਗੁਫ਼ਾ ਹੈ ਜਿਸ ਵਿਚ ਨਰਾਇਣ ਤੱਪਸਿਆ ਕਰਦਾ ਹੁੰਦਾ ਸੀ।

ਇਸ ਆਦਰਸ਼ ਦਾ ਮੰਦਰ ਨੂਰਪੁਰ ਵਾਲੇ ਰਾਜੇ ਜਗਤ ਸਿੰਗ ਨੇ 1646 ਈਸਵੀ ਵਿਚ ਬਣਾਵਾਇਆ ਸੀ। ਉਨ੍ਹਾਂ ਦਿਨਾਂ ਵਿਚ ਸ਼ਾਹ ਜਹਾਨ ਦਾ ਰਾਜ ਸੀ। ਇਸ ਮੰਦਰ ਦੀ ਕਥਾਸ਼ਾਲਾ ਦੀਆਂ ਦੀਵਾਰਾਂ ਨੂੰ ਕਾਂਗੜਾ ਕਲਾ ਦੇ ਚਿੱਤਰਾਂ ਨਾਲ ਸਜਾਇਆ ਹੋਇਆ ਹੈ। ਜਦੋਂ ਅਸੀਂ ਗਏ ਇਸ ਦੀ ਛੱਤ ਢਹਿਣ ਢਹਿਣ ਕਰ ਰਹੀ ਸੀ ਤੇ ਸਾਰੇ ਦੇ ਸਾਰੇ ਮੰਦਰ ਵਿਚ ਧਮੋੜੀਆਂ ਦਾ ਜਿਵੇਂ ਰਾਜ ਸੀ। ਹਰ ਕਮਰੇ ਵਿਚ ਉਨ੍ਹਾਂ ਧਾਵਾਂ ਬੋਲਿਆ ਹੋਇਆ ਸੀ।

ਨਰਾਇਣ ਦੇ ਚਿੱਤਰਾਂ ਤੋਂ ਛੁਟ,ਬਾਕੀ ਕੰਧ -ਚਿੱਤਰ ਮਹਾਂ ਭਾਰਤ ਤੇ ਰਮਾਇਣ ਦੇ ਕਈ ਦ੍ਰਿਸ਼ ਪੇਸ਼ ਕਰਦੇ ਹਨ। ਕਿਤੇ ਕ੍ਰਿਸ਼ਨ ਗੋਪੀਆਂ ਨਾਲ ਖੇਡ ਰਹੇ ਹੈ, ਕਿਤੇ ਸ੍ਰੀ ਰਾਮ ਚੰਦਰ ਦਾ ਵਿਆਹ ਹੋ ਰਿਹਾ ਹੈ। ਇਸੇ ਮੰਦਰ ਵਿਚ ਪਹਾੜੀ ਰਾਜੇ, ਜਦੋਂ ਕਦੀ ਵੀ ਉਨ੍ਹਾਂ ਉਤੇ ਕੋਈ ਔਕੜ ਆਉਂਦੀ, ਆ ਕੇ ਓਟ ਲਿਆ ਕਰਦੇ ਸਨ। ਕਿਹਾ ਜਾਂਦਾ ਹੈ ਰਾਜਾ ਬੀਰ ਸਿੰਘ

ਨੂਰਪੁਰੀਆ ਜਦ ਮਹਾਰਾਜਾ ਰਣਜੀਤ ਸਿੰਘ ਦੇ ਡਰ ਤੋਂ ਦੌੜਿਆਂ ਤਾਂ ਉਸ ਨੇ ਇਥੇ ਆ ਕੇ ਪਨਾਹ ਲਈ ਸੀ। ਇਸ ਨੁੱਕਰ ਵਿਚ ਇਕ ਤੀਵੀਂ ਹਿਰਨ ਕੋਲ ਖੋਲਤੀ ਇਕ ਬ੍ਰਿਛ ਹੇਠ ਤੂੰਬਾ ਵਜਾ ਰਹੀ ਹੈ। ਕਾਂਗੜੇ ਦੀ ਕਲਾ ਵਿਚ ਇਹ ਦ੍ਰਿਸ਼ ਬਾਰ ਬਾਰ ਆਉਂਦਾ ਹੈ। ਇਸ ਚਿੱਤਰ ਦਾ ਵਿਸ਼ਾ ਬਿਰਹਨੀ ਨਾਇਕਾ ਹੈ, ਜੋ ਆਪਣੀ ਪਤੀ ਦੀ ਯਾਦ ਵਿਚ ਡੁੱਬੀ ਹੋਈ ਕਾਲੇ ਮਿਰਗ ਨਾਲ ਪਿਆਰ ਕਰ ਰਹੀ ਹੈ। ਇਸ ਭਾਰ ਨੂੰ ਇਸ ਮਿਸਰੇ ਵਿਚ ਬਿਆਨ ਕੀਤਾ ਗਿਆ ਹੈ।

"ਪੀ ਮਿਲਨ ਦੀ ਚਾਹ ਚਿਤ,
ਖੜੀ ਬਜਾਵਤ ਤਾਰ।"

ਆਸ਼ਰਮ ਦੋ ਮੰਜ਼ਲਾ ਹੈ। ਚੁਬਾਰੇ ਵਿਚ ਇਕ ਕਮਰਾ ਹੈ ਜਿਸ ਨੂੰ ਰੰਗ ਮਹਿਲ ਕਹਿੰਦੇ ਹਨ। ਇਹ 1850 ਈਸਵੀ ਵਿਚ ਬਣਾਇਆ ਗਿਆ ਸੀ। ਇਕ ਕਮਰੇ ਦੇ ਕੰਧ-ਚਿੱਤਰ ਸਿੱਖ ਕਲਾ ਦੀਆਂ ਲੀਹਾਂ ਉਤੇ ਬਣਾਏ ਗਏ ਸਨ। ਅਕਸਰ ਮੂਰਤਾਂ ਦੀਆਂ ਬੀਬੀਆਂ ਦਾੜ੍ਹੀਆਂ ਹਨ ਤੇ ਸੁੰਦਰ ਸਾਫ਼ਿਆਂ ਵਿਚ ਮੋਤੀ ਤੇ ਹੀਰੇ ਲਗੇ ਹੋਏ ਹਨ। ਕੁਝ ਚਿੱਤਰ ਰਾਮਾਇਣ ਦੇ ਵੀ ਉਕਰੇ ਹਨ। ਇਕ ਚਿੱਤਰ ਵਿਚ ਇਕ ਫ਼ਰੰਗੀ ਆਪਣੀ ਤ੍ਰੀਮਤ ਨਾਲ ਘੋੜੀ ਬੱਘੀ ਵਿਚ ਬੈਠਾ ਵਿਖਾਇਆ ਗਿਆ ਹੈ। ਘੋੜਾ ਬੱਘੀ ਨੂੰ ਚਾਰ ਘੋੜੇ ਖਿੱਚ ਰਹੇ ਹਨ। ਇਸ ਤੋਂ ਪਰਗਟ ਹੁੰਦਾ ਹੈ ਕਿ ਇਹ ਚਿੱਤਰ 'ਸਿੱਖਾਂ ਦੇ ਰਾਜ ਤੋਂ ਬਾਅਦ ਅੰਗਰੇਜ਼ੀ ਹਕੂਮਤ ਸਮੇਂ ਚਿਤਰੇ ਗਏ ਹੋਣਗੇ। ਆਸ਼ਰਮ ਦੇ ਮਹੰਤਾ ਦੀਆਂ ਵੀ ਕਈ ਤਸਵੀਰਾਂ ਹਨ ਜਿਨ੍ਹਾਂ ਨੂੰ ਗੇਰੂਆਂ ਤੇ ਹੋਰ ਸ਼ੋਖ ਰੰਗਾਂ ਨਾਲ ਸਜਾਇਆ ਗਿਆ ਹੈ।

ਹਰੀ ਦਾਸ ਜੋ ਇਸ ਆਸ਼ਰਮ ਦਾ 1934-35 ਵਿਚ ਮਹੰਤ ਸੀ, ਕਾਂਗੜੇ ਦੀ ਕਲਾ ਦੇ ਚਿੱਤਰਾਂ ਦਾ ਮਸ਼ਹੂਰ ਸੰਗ੍ਰਹਿ ਆਪਣੇ ਨਾਲ ਹੀ ਲੈ ਗਿਆ ਸੀ। ਅੱਜ ਕਲ੍ਹ ਦੇ ਮਹੰਤ ਕੋਲ ਕੇਵਲ ਦੁਰਗਾ ਦੇ ਚਿੱਤਰਾਂ ਦਾ ਇਕ ਸੈਟ ਹੈ ਜਿਸ ਨੂੰ 1947 ਵਿਚ ਇਕ ਜੱਟ ਫ਼ੌਜੀ ਅਫ਼ਸਰ ਨੇ ਪਿਸ਼ਾਵਰ ਦੇ ਕਿ ਮੰਦਰ ਵਿਚੋਂ ਲਿਆਂਦਾ ਸੀ। ਉਸ ਅਫ਼ਸਰ ਨੇ ਆਪਣੇ ਨਾਲ ਗੰਧਾਰਾ ਦੀ ਮੂਰਤੀ ਕਲਾ ਦੇ ਵੀ ਕਈ ਨਮੂਨੇ ਲਿਆਂਦੇ, ਜਿਸ ਵਿਚ ਕੁਝ ਮਹਾਤਮਾ ਬੁਧ ਦੀਆਂ ਮੂਰਤੀਆਂ ਦੇ ਸੀਸ ਹਨ। ਇਕ ਮੂਰਤੀ ਰਿਸ਼ੀ ਮਾਰਕੰਡੇ ਦੀ ਵੀ ਹੈ। ਲਛਮਨ ਦਾਸ ਨੇ ਮਾਰਕੰਡੇ ਦੀ ਮੂਰਤੀ ਰਿਸ਼ੀ ਮਾਰਕੰਡੇ ਦੀ ਮੂਰਤੀ ਆਪਣੇ ਕਮਰੇ ਵਿਚ ਰੱਖੀ ਹੋਈ ਹੈ। ਤੇ ਅਜੀਬ ਗੱਲ ਇਹ ਹੈ ਕਿ ਇਹ ਮੂਰਤੀ ਮਹੰਤ ਲਛਮਨ ਦਾਸ ਨਾਲ ਬਹੁਤ ਜ਼ਿਆਦਾ ਮੁਸ਼ਾਬਹਤ ਰੱਖਦੀ ਹੈ।

ਮਹੰਤ ਹੋਰੀਂ ਸਾਨੂੰ ਬੜੇ ਆਦਰ ਭਾਅ ਨਾਲ ਮਿਲੇ। ਇਸ ਤੋਂ ਬਾਅਦ ਅਸੀਂ ਆਸ਼ਰਮ ਤੇ ਪਿਛੋਕੜ ਜੰਗਲ ਵਿਚ ਚਲੇ ਗਏ। ਇਸ ਵਿਚ ਤੂਤਾਂ ਤੇ ਅੰਬਾਂ ਦੇ ਬੇਸ਼ੁਮਾਰ ਦਰੱਖ਼ਤ ਹਨ। ਹਵਾ ਵਿਚ ਕਾਮਨੀ ਦੇ ਬਸੂਹਟੀ ਦੇ ਫੁੱਲਾਂ ਦੀ ਮਹਿਕ ਖਿਲਰੀ ਹੋਈ ਸੀ, ਤੇ

ਧਰਤੀ 'ਤੇ ਨੀਲੇ ਫੁੱਲਾਂ ਦਾ ਵਿਛੌਣਾ ਵਿਛਿਆ ਹੋਇਆ ਸੀ। ਇਕ ਟਿੱਲੇ 'ਤੇ ਇਕ ਗੱਦੀ ਆਪਣੇ ਇੱਜੜ ਨੂੰ ਚਰਾ ਰਿਹਾ ਸੀ। ਆਸ਼ਰਮ ਦੀ ਇਕਾਂਤ ਤੇ ਸ਼ਾਂਤੀ ਨੂੰ ਜੀ ਭਰ ਕੇ ਮਾਣ ਕੇ ਅਸੀਂ ਮਹੰਤ ਤੋਂ ਛੁਟੀ ਲਈ, ਤੇ ਉਸ ਨੂੰ ਕੰਧ ਚਿੱਤਰਾਂ ਦਾ ਖ਼ਿਆਲ ਰੱਖਣ ਲਈ ਕਿਹਾ। ਇੰਜ ਜਾਪਦਾ ਸੀ, ਉਸ ਨੂੰ ਇਨ੍ਹਾਂ ਚਿੱਤਰਾਂ ਦੇ ਮੁੱਲ ਦਾ ਗਿਆਨ ਬਿਲਕੁਲ ਨਹੀਂ।

ਡਮਠਾਲ ਦੇ ਆਸ਼ਰਮ ਤੋਂ ਸ਼ਾਮ ਨੂੰ ਛੁਟੀ ਪਾ ਕੇ ਅਸੀਂ 'ਚੱਕੀ' ਨਾਂ ਦਾ ਦਰਿਆ ਪਾਰ ਕੀਤਾ। ਸੜਕ ਦੇ ਢਾਲਿਆਂ ਵਿਚ ਮਿੱਟੀ ਤੇ ਰੇਤ ਦੀਆਂ ਕਈ ਤਹਿਆਂ ਵਿਖਾਈ ਦਿੰਦੀਆਂ ਹਨ ਜਿਨ੍ਹਾਂ ਵਿਚ ਹਰ ਤਰ੍ਹਾਂ ਦੇ ਗੋਲ ਵੱਟੇ ਜੜੇ ਹੋਏ ਦਿੱਸਦੇ ਹਨ। ਇਹ ਰੇਤੜ, ਇਹ ਮਿੱਟੀ ਗੀਟੇ ਤੇ ਪੱਥਰ ਅਸਲ ਵਿਚ ਸ਼ਿਵਾਲਕ ਦਰਿਆ ਦੀ ਯਾਦਗਾਰ ਹਨ, ਜਿਸ ਨੂੰ ਇੰਡੋ-ਪ੍ਰਹਮ ਦਾ ਮਹਾਨ ਦਰਿਆ ਵੀ ਕਹਿੰਦੇ ਹਨ। ਇਸ ਵਿਚ ਬ੍ਰਹਮਪੁੱਤਰ, ਗੰਗਾ ਤੇ ਸਿੰਧ, ਤਿੰਨਾਂ ਦਰਿਆਵਾਂ ਦਾ ਪਾਣੀ ਵਹਿੰਦਾ ਸੀ। ਤੇ ਸ਼ਿਵਾਲਕ ਦਾ ਇਹ ਦਰਿਆ ਪੰਜਾਬ ਤੇ ਸਿੰਧ ਦੇ ਮਾਈਓਸੀਨ ਨਾਂ ਦੇ ਸਾਗਰ ਵਿਚ ਜਾ ਕੇ ਖ਼ਤਮ ਹੁੰਦਾ ਸੀ, ਜੋ ਟੀਬੰਸ਼ ਮਹਾਂ ਸਾਗਰ ਦਾ ਇਕ ਹਿੱਸਾ ਸੀ। ਕੋਈ ਦੱਸ਼ ਲੱਖ ਸਾਲ ਹੋਏ ਜਦੋਂ ਧਰਤੀ ਦੀ ਸ਼ਕਲ ਵਿਚ ਉਥੱਲ ਪੁੱਥਲ ਹੋਈ ਤੇ ਪੱਛਮੀ ਪੰਜਾਬ ਵਿਚ ਪੋਠੋਹਾਰ ਦੀ ਪੱਥਰੀਲੀ ਸਤਹ ਉਤੇ ਉਭਰ ਆਈ, ਉਦੋਂ ਹੀ ਸ਼ਿਵਾਲਕ ਦਰਿਆ ਦਾ ਵਹਾ ਵੀ ਬੰਦ ਹੋ ਗਿਆ। ਸ਼ਿਮਲੇ ਦੇ ਪੱਛਮ ਵਲ ਹਿਮਾਲਿਆ ਪਹਾੜਾਂ ਤੇ ਪਾਣੀ ਦਾ ਵਹਿਣ ਚਨਾਬ ਰਾਵੀ, ਬਿਆਸ ਤੇ ਸਤਲੁਜ ਵਲ ਹੋ ਗਿਆ, ਤੇ ਸ਼ਿਮਲੇ ਦੇ ਪੂਰਬ ਵਲ ਦਾ ਵਹਿਣ ਗੰਗਾ ਜਮਨਾ ਆਦਿ ਦਰਿਆਵਾਂ ਦੇ ਪੁਰਾਣੇ ਵਹਾਵਾਂ ਰਾਹੀਂ ਬੰਗਾਲ ਦੀ ਖਾੜੀ ਤੀਕ ਪੁੱਜਣ ਲੱਗ ਪਿਆ। ਇਨ੍ਹਾਂ ਦੇ ਰੁਖ਼ ਬਦਲਣ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਇਹ ਸਾਰੇ ਦੇ ਸਾਰੇ ਆਪਣੇ ਵਹਾਂ ਦੇ ਦੌਰਾਨ ਅੰਗਰੇਜ਼ੀ ਅੱਖਰ 'ਵੀ' ਦੀ ਸ਼ਕਲ ਅਖ਼ਤਿਆਰ ਕਰ ਜਾਂਦੇ ਹਨ, ਤੇ ਇਨ੍ਹਾਂ ਦੇ ਸਿਰੇ ਉੱਤਰ ਪੱਛਮ ਵਲ ਹੁੰਦੇ ਹਨ। ਸ਼ਿਵਾਲਕ ਦਰਿਆ ਦੇ ਟਿਬੇ, ਪੱਥਰ ਗੀਟੇ, ਰੇਤ ਤੇ ਮਿੱਟੀ ਇਕ ਵਾਰੀ ਫੇਰ ਉਭਰੀ ਤੇ ਸ਼ਿਵਾਲਕ ਦੇ ਪਹਾੜਾਂ ਦਾ ਰੂਪ ਧਾਰਨ ਕਰ ਗਈ। ਸੋ ਅਸਲ ਵਿਚ ਸ਼ਿਵਾਲਕ ਦੇ ਪਹਾੜ ਪੁਰਾਣੇ ਸ਼ਿਵਾਲਕ ਦਰਿਆ ਦੀ ਰਹਿੰਦੀ ਖੂੰਹਦ ਦਾ ਨਵਾਂ ਰੂਪ ਹਨ।

ਇਸ ਗੱਲ ਦਾ ਇਕ ਹੋਰ ਸਬੂਤ ਦਰਿਆਈ ਜਾਨਵਰਾਂ ਦੀ ਵੰਡ ਵਿਚ ਵੀ ਮਿਲਦਾ ਹੈ। ਜੋ ਜਾਨਵਰ ਸਿੰਧ ਦਰਿਆ ਵਿਚ ਮਿਲਦੇ ਹਨ, ਉਹ ਗੰਗਾ ਵਿਚ ਮਿਲਦੇ ਹਨ, ਤੇ ਉਹ ਬ੍ਰਹਮਪੁੱਤਰ ਵਿਚ। ਦਰ ਦੱਖਣੀ ਭਾਰਤ ਦੀ ਮਹਾਂ ਨਦੀ ਵਿਚ ਨਹੀਂ ਮਿਲਦੇ। ਕਈ ਤਰ੍ਹਾਂ ਦੀਆਂ ਜਲਪਾਤਰਾਂ ਸਿੰਧ ਤੇ ਗੰਗਾਂ ਵਿਚ ਸਾਂਝੀਆਂ ਹਨ, ਤੇ ਇੰਜ ਹੀ ਕਈ ਹੋਰ ਪਾਣੀ ਦੇ

ਜਾਨਵਰ। ਇਹ ਬੜਾ ਵੱਡਾ ਸਬੂਤ ਹੈ ਕਿ ਸਿੰਧ ਤੇ ਗੰਗਾ ਕਿਸੇ ਜ਼ਮਾਨੇ ਵਿਚ ਰਲ ਕੇ ਵਹਿੰਦੇ ਸਨ। ਇਹ ਦਰਿਆਈ ਜਾਨਵਰ ਖ਼ੁਸ਼ਕੀ ਉਤੇ ਹਜ਼ਾਰਾਂ ਮੀਲ ਤੁਰ ਕੇ ਇਕ ਦਰਿਆ ਤੋਂ ਦੂਜੇ ਦਰਿਆ ਵਿਚ ਨਹੀਂ ਸਨ ਜਾ ਸਕਦੇ। ਇਹ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਤਿੰਨ ਦਰਿਆ ਕਿਸੇ ਜ਼ਮਾਨੇ ਵਿਚ ਇਕੋ ਹੀ ਵਹਿਣ ਦੀ ਸ਼ਕਲ ਵਿਚ ਵਹਿੰਦੇ ਸਨ।

ਭਾਰਤ ਦੇ ਦਰਿਆਵਾਂ ਦੀ ਆਵਾਰਾਗਰਦੀ ਬੜੀ ਮਸ਼ਹੂਰ ਹੈ। ਸਿੰਧ ਤੇ ਗੰਗਾ ਦੇ ਦਰਿਆਵਾਂ ਵਿਚ ਕੋਈ ਖ਼ਾਸ ਉੱਚੀ ਪਹਾੜੀ ਨਹੀਂ, ਤੇ ਧਰਤੀ ਦੇ ਪੱਧਰ ਵਿਚ ਮਾਮੂਲੀ ਜਿਹਾ ਫ਼ਰਤ ਇਕ ਦਰਿਆ ਦੇ ਪਾਣੀ ਨੂੰ ਦੂਜੇ ਨਾਲ ਮਿਲਾ ਸਕਦਾ ਹੈ। ਪਹਿਲੇ ਪਹਿਲ ਇੰਡੋ-ਬ੍ਰਹਮ ਨਾਂ ਦਾ ਦਰਿਆ ਅਰਬ ਸਾਗਰ ਵਿਚ ਜਾ ਕੇ ਡਿਗਦਾ ਸੀ, ਪਰ ਧਰਤੀ ਦੇ ਉਚਾ ਹੋ ਜਾਣ ਕਰਕੇ ਇਹ ਇਕ ਦਰਿਆ ਦੇ ਵਹਿਣਾਂ ਵਿਚ ਵੰਡਿਆ ਗਿਆ-ਇਕ ਅਰਬ ਸਾਗਰ ਵੱਲ ਸਿੰਧ ਦੇ ਰੂਪ ਵਿਚ ਤੇ ਦੂਜਾ ਬੰਗਾਲ ਦੀ ਖਾੜੀ ਵਿਚ ਗੰਗਾ ਤੇ ਬ੍ਰਹਮਪੁੱਤਰ ਦੀ ਸ਼ਕਲ ਵਿਚ ਭੂਗੋਲ ਦੇ ਮਾਹਿਰਾਂ ਦੀ ਰਾਇ ਅਨੁਸਾਰ ਇਹ ਵੰਡ ਹੋਇਆਂ ਜ਼ਿਆਦਾ ਸਮਾਂ ਨਹੀਂ ਹੋਇਆ। ਅਰਬ ਸਾਗਰ ਵਿਚ ਪੈਣ ਵਾਲੇ ਦਰਿਆਵਾਂ ਦਾ ਵਹਾ ਹੌਲੀ ਹੌਲੀ ਬੰਗਾਲ ਦੀ ਖਾੜੀ ਵੱਲ ਹੁੰਦਾ ਰਿਹਾ ਹੋਵੇਗਾ, ਤੇ ਇਸ ਦੀ ਆਖ਼ਰੀ ਕੜੀ ਗੰਗਾ ਤੇ ਜਮਨਾ ਦਾ ਅੱਡ ਅੱਡ ਹੋਣਾ ਸ਼ਾਇਦ ਇਤਹਾਸਕ ਜ਼ਮਾਨੇ ਵਿਚ ਹੀ ਕਿਤੇ ਹੋਇਆ ਹੋਵੇ। ਇਸ ਤੋਂ ਪਹਿਲੇ ਜਮਨਾ ਦਾ ਪਾਣੀ ਪੱਛਮ ਵੱਲ ਵਹਿੰਦਾ ਹੋਵੇਗਾ, ਤੇ ਫਿਰ ਕਦੀ ਗੰਗਾ ਵਿਚ, ਕਦੀ ਸਿੰਧ ਵਿਚ, ਜਾਂ ਫਿਰ ਸੁਕ ਚੁਕੇ ਉਸ ਦਰਿਆ ਵਿਚ ਜਾ ਰਲਦਾ ਹੋਵੇਗਾ ਜਿਸ ਦੇ ਨਿਸ਼ਾਨ ਅਜੇ ਵੀ ਰਾਜਪੂਤਾਨੇ ਵਿਚ ਮਿਲਦੇ ਹਨ। ਦਿੱਲੀ ਦੇ ਉੱਤਰ ਵਿਚ ਕਿਤੇ ਕਰਨਾਲ ਦੇ ਕੋਲ ਜਮਨਾ ਦਰਿਆ ਤੇ ਅੱਜ ਕਲ੍ਹ ਦਾ ਘਗਰ ਦਰਿਆ ਕਿਸੇ ਜ਼ਮਾਨੇ ਵਿਚ ਉੱਤਰੀ ਬੀਕਾਨੇਰ ਦੇ ਸ਼ਹਿਰ ਸੂਰਤਗੜ੍ਹ ਦੇ ਨੇੜੇ ਰਲ ਕੇ ਵਹਿੰਦੇ ਸਨ, ਤੇ ਹਾਕੜਾ ਨਾਂ ਨਾਲ ਬਹਾਵਲਪੁਰ ਵਿਚੋਂ ਹੋ ਕੇ ਸਿੰਧ ਵਿਚ ਜਾ ਮਿਲਦੇ ਸਨ। ਹਾਕੜਾ ਜਾਂ ਛੋਟੇ ਘੱਗਰ ਦਾ ਸੁੱਕਾ ਤਲ ਅੱਜ ਵੀ ਕਿਤੇ ਕਿਤੇ ਵੇਖਣ ਵਿਚ ਆਉਂਦਾ ਹੈ, ਤੇ ਉੱਤਰੀ ਰਾਜਪੂਤਾਨੇ ਦੇ ਦੱਖਣੀ ਪੰਜਾਬ ਦੇ ਨਕਸ਼ਿਆਂ ਵਿਚ ਵਿਖਾਇਆ ਹੋਇਆ ਹੁੰਦਾ ਹੈ। ਜਮਨਾ ਨੇ ਹੁਣ ਆਪਣਾ ਤਲ ਮੈਦਾਨਾਂ ਤੋਂ ਬਹੁਤ ਡੂੰਘਾ ਕਰ ਲਿਆ ਹੈ, ਤੇ ਹੁਣ ਇਹਦਾ ਰੁਖ ਹੋਰ ਨਹੀਂ ਬਦਲ ਸਕਦਾ, ਤੇ ਮਜਬੂਰਨ ਇਕ ਗੰਗਾ ਦੀ ਇਕ ਉਪ ਨਦੀ ਹੀ ਬਣੀ ਰਹੇਗੀ।

ਸ਼ਿਵਾਲਕ ਦੇ ਪੁਰਾਣੇ ਜਾਨਵਰਾਂ ਦੀਆਂ ਹੱਡੀਆਂ ਅੱਜ ਕਲ੍ਹ ਦੇ ਸ਼ਿਵਾਲਕ ਪਹਾੜਾਂ ਦੀ ਮਿੱਟੀ ਵਿਚ ਪੱਥਰਾਈਆਂ ਹੋਈਆਂ ਮਿਲਦੀਆਂ ਹਨ। ਕੋਈ ਦਸ ਲੱਖ ਸਾਲ ਹੋਏ ਸ਼ਿਵਾਲਕ ਦੇ ਜੰਗਲਾਂ ਦੇ ਦਲਦਲਾਂ ਵਿਚ ਕਈ ਤਰ੍ਹਾਂ ਦੇ ਜਾਨਵਰ ਹੁੰਦੇ ਸਨ। ਕੋਈ 30 ਕਿਸਮ ਦੇ ਹਾਥੀ, ਘੋੜੇ, ਊਠ, ਬਾਰਾ ਸਿੰਗੋ, ਜ਼ਿਰਾਫ਼, ਗੈਂਡੇ ਤੇ ਹੋਰ ਕਈ ਜਾਨਵਰਾਂ ਦੀਆਂ

ਪੱਥਰਾਈਆਂ ਹੱਡੀਆਂ ਸ਼ਿਵਾਲਕ ਦੇ ਪਹਾੜਾਂ ਵਿਚ ਮਿਲਦੀਆਂ ਹਨ। ਜਿਰਾਫ਼ ਤੇ ਹਿਪੋਪੋਟਾਮਸ ਅਫ਼ਰੀਕਾ ਦੇ ਜੰਗਲਾਂ ਵਿਚੋਂ ਭਾਰਤ ਵਿਚ ਇਕ ਧਰਤੀ ਦੇ ਪੁਲ ਰਾਹੀਂ ਆਏ ਸਨ, ਜਿਹੜਾ ਬਾਅਦ ਵਿਚ ਗਰਕ ਹੋ ਗਿਆ। ਸਿਵਾਥੀਰੀਅਮ ਨਾਂ ਦਾ ਇਕ ਅਤਿ ਅਜੀਬ ਜਾਨਵਰ, ਜਿਹੜਾ ਗੈਂਡੇ ਤੋਂ ਵੀ ਵੱਡਾ ਤੇ ਜਿਸ ਦੇ ਚਾਰ ਸਿੰਘ ਤੇ ਇਕ ਬੌਂਥਣੀ ਹੁੰਦੀ ਸੀ, ਸ਼ਿਵਾਲਕ ਦੇ ਜੰਗਲਾਂ ਵਿਚ ਪਾਇਆ ਜਾਂਦਾ ਸੀ। ਇਹ ਜਾਨਵਰ ਹੁਣ ਮਰ ਮਿਟ ਗਿਆ ਹੈ। ਮਨੁੱਖਾਂ ਵਾਂਗ ਚਲਦੇ ਫਿਰਦੇ ਬਾਂਦਰ ਵੀ ਇਨ੍ਹਾਂ ਜੰਗਲਾਂ ਵਿਚ ਹੁੰਦੇ ਸਨ ਜਿਹੜੇ ਆਦਮੀ ਨਾਲ ਬਹੁਤ ਜ਼ਿਆਦਾ ਮੁਸ਼ਾਬਹੁਤ ਰੱਖਦੇ ਸਨ। ਸੋ ਸ਼ਿਵਾਲਕ ਜਿਨ੍ਹਾਂ ਦਾ ਹੇਤੜ ਹੁਸ਼ਿਆਰਪੁਰ ਦੇ ਕਿਸਾਨਾਂ ਦੀ ਮੁਸੀਬਤ ਬਣਿਆ ਹੋਇਆ ਹੈ, ਕਿਸੇ ਜ਼ਮਾਨੇ ਵਿਚ ਇਕ ਦਰਿਆ ਦਾ ਤਲ ਸੀ ਤੇ ਅੱਜ ਕਲ੍ਹ ਹਿਮਾਲਾ ਦੀਆਂ ਪਹਾੜੀਆਂ ਦੀ ਸਭ ਤੋਂ ਛੋਟੀ ਲੜੀ ਹੈ।

# ਪਾਲਮ ਵਾਦੀ

ਪਾਲਮਪੁਰ ਹਿਮਾਲੀਆਂ ਦੀ ਗੋਦ ਵਿਚ ਇਕ ਅਨਮੋਲ ਮੋਤੀ ਹੈ। ਇਸ ਦੇ ਸੁੰਦਰ ਚੀਲ੍ਹ ਦੇ ਦਰਖ਼ਤ ਤੇ ਦੇਵਦਾਰ ਦੀਆਂ ਕਤਾਰਾਂ ਧੌਲੀਧਾਰ ਦੇ ਪਰਛਾਵੇਂ ਹੇਠ ਸੰਤਰੀਆਂ ਵਾਂਗ ਖਲੋਤੀਆਂ ਹਨ। ਇਥੋਂ ਦੀਆਂ ਚੀਲ੍ਹਾਂ ਦੇ ਦਰਖ਼ਤਾਂ ਨਾਲ ਘਿਰੀਆਂ ਸ਼ਾਂਤ ਸੜਕਾਂ, ਇਥੋਂ ਦੇ ਚਾਹ ਦੇ ਬਾਗ਼ ਜਿਨ੍ਹਾਂ ਲਾਗੇ ਬਰਫ਼ਾਨੀ ਪਾਣੀ ਦੀਆਂ ਕੂਲ੍ਹਾਂ ਹਨ, ਤੇ ਬੰਗਲੇ ਜਿਨ੍ਹਾਂ ਦੇ ਚੁਪਾਸੀਂ ਉੱਚੇ ਉੱਚੇ ਦਰਖ਼ਤਾਂ ਦਾ ਘੇਰਾ ਹੈ, ਬੜੇ ਖ਼ੂਬਸੂਰਤ ਲੱਗਦੇ ਹਨ। ਪਾਲਮ ਪੁਰ, ਸ਼ਾਂਤੀ ਤੇ ਸੁੰਦਰਤਾ ਦੀ ਇਕ ਅਦੁੱਤੀ ਤਸਵੀਰ ਹੈ। ਇਥੋਂ ਦੇ ਸਭ ਘਰਾਂ ਤੇ ਬੰਗਲਿਆਂ ਤੋਂ ਜ਼ਿਆਦਾ ਖ਼ੂਬਸੂਰਤ ਸੈਸ਼ਨ ਹਾਊਸ ਨਾਂ ਦਾ ਬੰਗਲਾ ਹੈ। ਇਸ ਦਾ ਨਜ਼ਾਰਾ ਅਤਿ ਹਮਣੀਕ ਹੈ। ਇਸ ਇਮਾਰਤ ਦੀ ਥਾਂ ਕਿਸੇ ਪਹਾੜੀ ਦ੍ਰਿਸ਼ਾਂ ਦੇ ਚਾਹਵਾਨ ਨੇ ਚੁਣੀ ਜਾਪਦੀ ਹੈ। ਇਹਦੇ ਬਰਾਂਡੇ ਤੋਂ ਧੌਲੀਧਾਰ ਦੀ ਪੂਰੀ ਝਾਕੀ ਵਿਖਾਈ ਦਿੰਦੀ ਹੈ। ਧੌਲੀਧਾਰ ਦੀਆਂ ਤਿੰਨ ਚੋਟੀਆਂ ਇਥੋਂ ਇੰਜ ਲੱਗਦੀਆਂ ਹਨ ਜਿਵੇਂ ਹੋਇਰਿਕ ਦਾ ਕੋਈ ਚਿੱਤਰ ਹੋਵੇ ਤੇ ਚੀਲ੍ਹਾਂ ਦੇ ਦਰਖ਼ਤ ਉਸ ਦੀ ਚੁਗਾਠ। ਦੁਪਹਿਰ ਵੇਲੇ ਬੱਦਲ ਆ ਕੇ ਧੌਲੀਧਾਰ ਦੀਆਂ ਬਰਫ਼ਾਨੀ ਚੋਟੀਆਂ ਨੂੰ ਢੱਕ ਲੈਂਦੇ। ਬਾਰਸ਼ਾਂ ਦੇ ਦਿਨਾਂ ਵਿਚ ਬਿਜਲੀ ਚਮਕ ਚਮਕ ਪੈਂਦੀ ਦੇ ਬੱਦਲ ਗਰਜਦੇ ਨਹੀਂ ਥਕਦੇ। ਬਦਲਾਂ ਦੀ ਗੜਗੜਾਹਟ ਬੰਦਲਾਂ ਦੀ ਵਾਦੀ ਵਿਚ ਮੁੜ ਮੁੜ ਗੂੰਜਦੀ ਏ ਤੇ ਇੰਜ ਜਾਪਦਾ ਜਿਵੇਂ ਰੱਬੀ ਤਾਕਤ ਆਪਣੇ ਵੇਗ ਦਾ ਬਿਆਨ ਲੈ ਰਹੀ ਹੋਵੇ। ਬਾਰਸ਼ ਇਥੇ ਬਹੁਤ ਜ਼ੋਰ ਦੀ ਹੁੰਦੀ ਹੈ, ਬੱਦਲ ਵਸ ਵਸ ਕੇ ਜਿਵੇਂ ਥੱਕਦੇ ਨਹੀਂ। ਬੱਦਲੀ ਖੱਡ ਵਿਚ ਸਮਾਂ ਬੜਾ ਰਮਣੀਕ ਹੁੰਦਾ ਹੈ ਤੇ ਇਥੇ ਬੰਦਾ ਘੰਟਿਆਂ ਬੱਧੀ ਖਲੋਤਾ ਬਰਫ਼ਾਨੀ ਪਹਾੜੀਆਂ ਤੇ ਕਾਲੇ ਨੀਲੇ ਬੱਦਲਾਂ ਨੂੰ ਵੇਖਦਾ ਰੱਜਦਾ ਨਹੀਂ। ਸ਼ੈਸ਼ਨ ਹਾਊਸ ਦਾ ਬਗੀਚਾ ਰੰਗ ਬਰੰਗੇ ਫੁੱਲਾਂ ਨਾਲ ਭਰਪੂਰ ਹੈ ਤੇ ਇਨ੍ਹਾਂ ਫੁੱਲਾਂ ਦੇ ਬੂਟਿਆਂ ਦੇ ਪਿਛੇ ਚੀਲ੍ਹ ਦੇ ਦਰਖ਼ਤ ਅਤਿ ਮਨੋਰੰਚਕ ਨਜ਼ਾਰਾ ਪੇਸ਼ ਕਰਦੇ ਹਨ। ਵਸ਼ਾਖ ਦੇ ਮਹੀਨੇ ਵਿਚ ਤੱਗਰ ਤੇ ਫੁੱਲਾਂ ਦੀ ਸੁਗੰਧ ਨਾਲ ਇਹ ਇਲਾਕਾ ਮਹਿਕ ਉਠਦਾ ਹੈ।

ਬੱਦਲਾਂ ਪਿੰਡ ਤੇ ਨਿਊਗਲ ਖੱਡ ਦੀ ਸੈਰ ਬੜੀ ਸਵਾਦਲੀ ਹੈ। ਬੰਦਲਾ ਵਲ ਜਾ ਰਹੀ ਪਗਡੰਡੀ ਦੇ ਦੋਹੀਂ ਪਾਸੀਂ ਚੀਲ੍ਹਾਂ ਦੇ ਦਰਖ਼ਤਾਂ ਨੇ ਘੇਰੇ ਪਾਏ ਹੋਏ ਹਨ। ਅਸੀਂ ਬੰਦਲਾ ਖੱਡ ਤੇ ਸੱਜੇ ਪਾਸਿਓਂ ਹੋ ਕੇ ਗੁਜ਼ਰੇ। ਰਸਤੇ ਵਿਚ ਇਕ ਕਿਸਾਨ ਦਾ ਕੱਲ-ਮੁਕੱਲਾ ਘਰ ਆਇਆ, ਜਿਸ ਵਿਚ ਇਕ ਸਰੂ ਦਾ ਬੂਟਾ ਲਗਾ ਹੋਇਆ ਸੀ। ਖੱਡ ਦੇ ਦੋਹਾਂ ਪਾਸਿਆਂ 'ਤੇ

ਮੱਖਣ ਦੇ ਬਿੱਛ ਲਗੇ ਹੋਏ ਹਨ, ਜਿਨ੍ਹਾਂ ਦੇ ਪੱਤੇ ਵਸਾਖ ਵਿਚ ਤਾਂ ਬੇ-ਰੰਗੇ ਹੋ ਜਾਂਦੇ ਹਨ। ਪੌੜੀਆਂ ਵਾਂਗ ਚੜ੍ਹ ਰਹੀਆਂ ਪੈਲੀਆਂ ਵਿਚ ਕਣਕ ਤੇ ਜੌਂ ਦੀਆਂ ਫ਼ਸਲਾਂ ਲਹਿਲਹਾ ਰਹੀਆਂ ਸਨ, ਜਿਨ੍ਹਾਂ ਨੂੰ ਜੇਠ ਵਿਚ ਕਟਿਆ ਜਾਂਦਾ ਹੈ। ਜੇਠ ਦੇ ਅੱਧ-ਵਿਚਕਾਰ ਪੈਲੀਆਂ ਵਿਚ ਫਿਰ ਹਲ ਵਾਹਿਆ ਜਾਂਦਾ ਹੈ। ਹਲ ਵਾਹੁਣ ਤੋਂ ਬਾਅਦ ਕਿਸਾਨ ਤੇ ਉਨ੍ਹਾਂ ਦੇ ਟੱਬਰਾਂ ਦੇ ਸਭ ਬੰਦੇ, ਸਮੇਤ ਤੀਵੀਆਂ ਅਤੇ ਬੱਚਿਆਂ ਦੇ ਰਲ ਕੇ ਖੇਤਾਂ ਵਿਚ ਮਿੱਟੀ ਦੀਆਂ ਢੀਮਾਂ ਨੂੰ ਤੋੜਨ ਦਾ ਕੰਮ ਕਰਦੇ ਹਨ। ਹਰ ਕਿਸੇ ਦੇ ਹੱਥ ਵਿਚ ਲਕੜੀ ਤੇ ਲੰਮੇ ਲੰਮੇ ਹਥੌੜੇ ਚੁਕੇ ਹੁੰਦੇ ਹਨ। ਜੇਠ-ਹਾੜ ਦੇ ਮਹੀਨੇ ਖੇਤਾਂ ਵਿਚ ਪਾਣੀ ਹੀ ਪਾਣੀ ਹੁੰਦਾ ਹੈ, ਜਿਸ ਨੂੰ ਨਾਲੀਆਂ ਰਾਹੀਂ ਬਾਹਰ ਕਢਿਆ ਜਾਂਦਾ ਹੈ। ਪਾਣੀ ਦੇ ਹਜ਼ਾਰਾਂ ਝਰਨੇ ਸਵੇਰ ਦੀ ਧੁੱਪ ਵਿਚ ਚਮਕਦੇ ਵਿਖਾਈ ਦੇਂਦੇ ਹਨ। ਪਾਣੀ ਨਾਲ ਭਰੇ ਖੇਤ ਸ਼ੀਸ਼ਿਆਂ ਵਾਂਗ ਦਮਕ ਪੈਂਦੇ ਹਨ, ਤੇ ਇੰਜ ਜਾਪਦਾ ਹੈ ਜਿਵੇਂ ਸਾਰੀ ਦੀ ਸਾਰੀ ਪਾਲਮਵਾਦੀ ਕੋਈ ਸੁਪਨ-ਦੇਸ ਬਣ ਗਈ ਹੋਵੇ। ਫਿਰ ਕਿਸਾਨ ਧਾਨ ਦੀ ਫ਼ਸਲ ਵਿਚ ਜੁਟ ਜਾਂਦੇ ਹਨ ਜਿਹੜੀ ਅੱਸੂ ਵਿਚ ਤਿਆਰ ਹੋਣੀ ਸ਼ੁਰੂ ਹੁੰਦੀ ਹੈ।

ਪਿੰਡ ਦੇ ਬਾਹਰ ਕਰ ਕੇ ਚਮਿਆਰਾਂ ਦੇ ਘਰ ਹਨ, ਵਿਚਕਾਰ ਸੂਦਾਂ ਦੇ। ਇਹੋ ਲੋਕ ਇਥੋਂ ਦੇ ਸਾਹੂਕਾਰ ਤੇ ਦੁਕਾਨਦਾਰ ਹਨ। ਪਿੰਡ ਦੇ ਸੱਜੇ ਹੱਥ ਇਕ ਮੰਦਰ ਹੈ, ਜਿਸ ਦੀਆਂ ਕੰਧਾ ਉਤੇ ਸ਼ਿਵ ਤੇ ਪਾਰਵਤੀ ਤੇ ਚਿੱਤਰ ਹਨ। ਇਹ ਚਿੱਤਰ ਕਾਂਗੜਾ ਕਲਾ ਦੇ ਚਿੱਤਰਕਾਰ ਗੁਲਾਬੂ ਰਾਮ ਦੇ ਬਣਾਏ ਹੋਏ ਹਨ। ਪਿੰਡ ਦੀ ਵੱਡੀ ਗਲੀ ਪੱਥਰਾਂ ਨਾਲ ਜੜੀ ਹੋਈ ਹੈ। ਜਿਸ ਦੇ ਇਕ ਪਾਸੇ ਪਾਣੀ ਦੀ ਕੂਲ੍ਹ ਵਗਦੀ ਹੈ। ਨਿਰਮਲ ਜਲ ਦੀ ਇਹ ਵਗਦੀ ਕੂਲ੍ਹ ਪਿੰਡ ਨੂੰ ਇਕ ਅਜੀਬ ਸੁੰਦਰਤਾ ਪ੍ਰਦਾਨ ਕਰਦੀ ਹੈ। ਪਿੰਡ ਦੇ ਉੱਤਰ ਵਲ ਘਰਾਟ ਲਗੇ ਹੋਏ ਹਨ, ਜਿਨ੍ਹਾਂ ਦੇ ਕੋਲ ਗੱਦੀ ਲੋਕਾਂ ਦੇ ਘਰ ਹਨ। ਖੇਤਾਂ ਦੇ ਕੰਢਿਆਂ 'ਤੇ ਲਗੇ ਦਰਖ਼ਤਾਂ ਨੂੰ ਡੰਗਰਾਂ ਦੇ ਚਾਰੇ ਲਈ ਬੜੀ ਬੇਰਹਿਮੀ ਨਾਲ ਛਾਂਗਿਆ ਜਾਂਦਾ ਹੈ। ਇਨ੍ਹਾਂ ਦਰੱਖ਼ਤਾਂ ਦੇ ਰੁੰਡ ਮੁੰਡ ਟਹਿਣੇ ਗੱਦੀ ਘਰਾਂ ਉਤੇ ਇਕ ਭਿਆਨਕ ਪਰਛਾਵੇਂ ਵਾਂਗ ਪੈ ਰਹੇ ਦਿਸਦੇ ਹਨ। ਗੱਦੀ ਕਿਸਾਨਾਂ ਦੇ ਘਰ ਬੜੇ ਸਾਫ਼ ਹਨ, ਉਨ੍ਹਾਂ ਦੀਆਂ ਕੰਧਾਂ ਹਲਕੇ ਨੀਲੇ, ਗੋਲੂ, ਹਲਕੀ ਪੀਲੀ ਗਾਚਨੀ ਨਾਲ ਬਾਹਰੋਂ ਰੰਗੀਆਂ ਹੋਈਆ ਹਨ। ਇਹ ਮਿੱਟੀ ਧੌਲੀਧਾਰ ਵਿਚੋਂ ਲਿਆਈ ਜਾਂਦੀ ਹੈ। ਹੋਰ ਉਤੇ ਜਾ ਕੇ ਨਿੱਗਲ ਨਾਂ ਦੀ ਖੱਡ ਆਉਂਦੀ ਹੈ। ਇਹ ਖੱਡ ਬਹੁਤ ਡੂੰਘੀ ਹੈ ਤੇ ਇਸ ਵਿਚ ਵਡੇ ਵਡੇ ਪਹਾੜ ਦੇ ਤੋਦੇ ਆ ਕੇ ਪਏ ਹੋਏ ਹਨ। ਖੱਡ ਦੇ ਵਿਚਕਾਰ ਸਾਫ਼ ਸੁਥਰੇ ਪਾਣੀ ਦੀ ਇਕ ਨਦੀ ਵਹਿੰਦੀ ਹੈ। ਇਹ ਨਦੀ ਧੌਲੀਧਾਰ 'ਚੋਂ ਆਉਂਦੀ ਹੈ। ਖੱਡ ਦੇ ਸੱਜੇ ਹੱਥ ਇਕ ਕੂਲ੍ਹ ਹੈ, ਜਿਸ ਨਾਲ ਬੰਦਲਾ ਦੇ ਚਾਹ ਦੇ ਬਾਗ਼ਾਂ ਨੂੰ ਪਾਣੀ ਦਿੱਤਾ ਜਾਂਦਾ ਹੈ। ਦੂਰੋਂ ਵੇਖੀਏ ਤਾਂ ਇਉਂ ਜਾਪਦਾ ਹੈ ਜਿਵੇਂ ਇਹ ਕੂਲ੍ਹ ਨਿਵਾਣ ਵਲੋਂ ਉਚਾਣ ਵਲ ਵਹਿ ਰਹੀ ਹੈ। ਨਿੱਗਲ ਖੱਡ ਦੇ ਹੇਠ ਇਕ ਘਰਾਟ ਲਗਾ ਹੋਇਆ ਹੈ ਤੇ ਦਾਰੂ ਕੱਢਣ ਦੀ ਇਕ ਭੱਠੀ ਹੈ। ਇਥੇ ਗੱਦੀ ਲੋਕ ਲੁਗੜੀ ਪੀਣ

ਲਈ ਇੱਕਠੇ ਹੁੰਦੇ ਹਨ। ਖੱਡ ਦੇ ਪਾਰਲੇ ਪਾਸੇ ਗੱਦੀਆਂ ਦਾ ਇਕ ਹੋਰ ਪਿੰਡ ਹੈ, ਜਿਸ ਦੇ ਡੱਬਿਆਂ ਵਰਗੇ ਪੀਲੇ ਘਰ ਬੜੇ ਸੁਹਣੇ ਲੱਗਦੇ ਹਨ।

ਪਾਲਮਪੁਰ ਤਹਿਸੀਲ ਦੇ ਪਿੰਡ ਦੋ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ: ਇਕ ਹਿੱਸਾ ਉਨ੍ਹਾਂ ਪਿੰਡਾਂ ਦਾ ਹੈ ਜਿਹੜੇ ਧੌਲੀਧਾਰ ਦੇ ਕਦਮਾਂ ਵਿਚ ਪਾਲਮਪੁਰ ਬੈਜਨਾਥ ਸੜਕ ਕੇ ਉੱਤਰ ਵੱਲ ਹਨ ਤੇ ਦੂਜੇ ਉਹ ਪਿੰਡ ਜਿਹੜੇ ਇਸ ਸੜਕ ਦੇ ਦੱਖਣ ਵਲ ਹਨ। ਧੌਲੀਧਾਰ ਦੇ ਕਦਮਾਂ ਵਿਚ ਦੇਉਲ, ਲੱਨਾਦ, ਕਦੰਬੜੀ, ਬੰਦਲਾ, ਪਕੰਦੀ ਤੇ ਚਚੀਆਂ ਨਾਂ ਦੇ ਪਿੰਡ ਹਨ। ਇਹ ਪਿੰਡ ਸਾਰੇ ਦੇ ਸਾਰੇ ਪਹਾੜੀ ਢੱਕੀਆਂ ਉਤੇ ਵੱਸੇ ਹੋਏ ਹਨ। ਦੇਉਲ ਦੇ ਕੋਲ ਆਵਾ ਤੇ ਬੰਦਲਾ ਕੋਲ ਨਿੱਗਲ ਨਾਂ ਦੇ ਖੱਡ ਹੈ। ਇਨ੍ਹਾਂ ਪਿੰਡਾਂ ਦੇ ਖੇਤਾਂ ਵਿਚ ਬਰਫ਼ ਦੇ ਠੰਡੇ ਪਾਣੀ ਤੋਂ ਸਿੰਜਾਈ ਦਾ ਕੰਮ ਲਿਆ ਜਾਂਦਾ ਹੈ। ਇਨ੍ਹਾਂ ਪਿੰਡਾਂ ਦੇ ਵਸਨੀਕ ਤੇ ਖੇਤੀਬਾੜੀ ਕਰਦੇ ਹਨ, ਤੇ ਜਾਂ ਇੱਜੜ ਪਾਲਦੇ ਹਨ ਤੇ ਸ਼ਿਕਾਰ ਕਰਦੇ ਹਨ। ਇਹ ਲੋਕ ਬਾਜ਼ ਤੇ ਸ਼ਿਕਰੇ ਫੜ ਕੇ ਪੱਛਮੀ ਪੰਜਾਬ ਵਿਚ ਵਿਕਣ ਲਈ ਭੇਜਿਆ ਕਰਦੇ ਸਨ। ਪੰਜਾਬ ਦੀ ਵੰਡ ਦਾ ਇਕ ਇਹ ਵੀ ਅਸਰ ਹੋਇਆ ਹੈ ਕਿ ਸ਼ਿਕਰਿਆਂ ਤੇ ਬਾਜ਼ਾਂ ਦੀ ਇਹ ਤਜਾਰਤ ਹੁਣ ਬੰਦ ਹੋ ਗਈ ਹੈ। ਵੱਡੇ ਵੱਡੇ ਜ਼ਿਮੀਂਦਾਰ ਜਿਹੜੇ ਸ਼ਿਕਰਿਆ ਤੇ ਬਾਜ਼ਾਂ ਦੇ ਸ਼ੌਕੀਨ ਹੁੰਦੇ ਸਨ ਅੱਜਕਲ੍ਹ ਹੌਲੀ ਹੌਲੀ ਖ਼ਤਮ ਹੁੰਦੇ ਜਾ ਰਹੇ ਹਨ। ਇਸ ਲਈ ਇਨ੍ਹਾਂ ਸ਼ਿਕਾਰ ਖੇਡਣ ਵਾਲੇ ਪੰਛੀਆਂ ਨੂੰ ਹੁਣ ਫੜਿਆ ਨਹੀਂ ਜਾਂਦਾ। ਬਾਜ਼ਾ ਸ਼ਿਕਰਿਆਂ ਦੀ ਗਿਣਤੀ ਵਧਣ ਕਰਕੇ ਧੌਲੀਧਾਰ ਦੇ ਇਲਾਕੇ ਵਿਚ ਸ਼ਿਕਾਰ ਬਹੁਤ ਘਟ ਗਿਆ ਹੈ। ਮੁਨਾਲ ਆਦਿ ਪਹਾੜੀ ਮੁਰਗ ਤੇ ਬਰਫ਼ਾਨੀ ਕੁੱਕੜ ਬਹੁਤ ਘਟ ਗਏ ਹਨ, ਤੇ ਬਾਜ਼ ਦੇ ਸ਼ਿਕਰੇ ਉਨੇ ਹੀ ਵਧ ਗਏ ਹਨ।

ਪਾਲਮਪੁਰ ਵਾਦੀ ਦੇ ਚਾਹ ਉਗਾਣ ਵਾਲੇ ਇਲਾਕੇ ਵਿਚ ਮਸ਼ਹੂਰ ਪਿੰਡ ਬਨੂਰੀ, ਸਲਿਆਨਾ, ਪੱਟੀ ਦਿਉਗਰਾਉਂ, ਮਨਿਆਰਾ, ਤਿੱਕੜ, ਡਰੋਹ ਆਦਿ ਹਨ। ਚਾਹ ਦੀਆਂ ਝਾੜੀਆਂ ਦੀ ਕਾਸ਼ਤ ਇਸ ਇਲਾਕੇ ਵਿਚ 1849 ਵਿਚ ਡਾਕਟਰ ਜੇਮਸਨ ਨੇ ਪਹਿਲੀ ਵਾਰ ਕੀਤੀ ਸੀ। ਉਹਨੇ ਅਲਮੋੜਾ ਦੇ ਡੇਹਰਾਦੂਨ ਦੇ ਜ਼ਖੀਰਿਆਂ ਤੋਂ ਚਾਹ ਦੇ ਬੂਟੇ ਇਥੇ ਲਿਆ ਕੇ ਲਾਏ ਸਨ। ਅੱਜਕਲ੍ਹ ਇਸ ਇਲਾਕੇ ਵਿਚ ਚਾਹ ਖ਼ੂਬ ਲਗਾਈ ਜਾਂਦੀ ਹੈ। ਜ਼ਿਮੀਂਦਾਰ ਵੀ ਆਪਣੇ ਖੇਤਾਂ ਵਿਚ ਚਾਹ ਉਗਾਂਦੇ ਹਨ। ਚਾਹ ਦੇ ਪੱਤਿਆਂ ਨੂੰ ਇਹ ਲੋਕ ਛੋਟੀਆਂ ਭੱਠੀਆਂ ਵਿਚ ਸੁਕਾਂਦੇ ਹਨ ਤੇ ਇਨ੍ਹਾਂ ਦੀ ਚਾਹ ਘਰੋਗੀ ਚਸਤਕਾਰੀ ਨੂੰ ਉਤਸਾਹ ਦੇਣ ਵਾਲੇ ਲੋਕਾਂ ਨੂੰ ਬਹੁਤ ਪਸੰਦ ਆਉਂਦੀ ਹੈ। ਇਥੋਂ ਦੇ ਪਿੰਡਾਂ ਦੇ ਘਰ ਅਕਸਰ ਦੋ ਮੰਜ਼ਲੇ ਤੇ ਉਨ੍ਹਾਂ ਦੀਆਂ ਛੱਤਾਂ ਸਲੇਟ ਦੇ ਪੱਥਰ ਦੀਆਂ ਹਨ। ਕਈ ਘਰਾਂ ਦੇ ਦਰਵਾਜ਼ੇ ਤੇ ਖਿੜਕੀਆਂ ਉਕਰੀਆਂ ਹੋਇਆ ਹਨ। ਪਿਛਲੇ ਕੋਈ ਵੀਹ ਸਾਲਾਂ ਵਿਚ ਸਿਹਤ ਦੇ ਅਸੂਲਾਂ ਵੱਲ ਵੀ ਧਿਆਨ ਦਿੱਤਾ ਜਾਣ ਲੱਗ ਪਿਆ ਹੈ, ਤੇ ਅਕਸਰ ਘਰਾਂ ਵਿਚ ਖਿੜਕੀਆਂ ਤੇ ਰੋਸ਼ਨਦਾਨ ਲਗੇ ਹੋਏ ਵਿਖਾਈ ਦੇਣ

ਲੱਗ ਪਏ ਹਨ। ਘਰਾਂ ਦੇ ਨਾਲ ਚਰਾਂਦਾਂ ਹਨ ਜਿੰਨ੍ਹਾਂ ਵਿਚ ਨਿੱਕੀਆਂ ਨਿੱਕੀਆਂ ਕਾਲੀਆਂ ਗਾਵਾਂ ਚਰਦੀਆਂ ਹਨ।

ਸਲਿਆਨਾਂ ਨਾਂ ਦਾ ਪਿੰਡ ਬੜਾ ਖੂਬਸੂਰਤ ਹੈ। ਇਸ ਵਿਚ ਡੋਗਰੇ ਬ੍ਰਾਹਮਣ ਵਸਦੇ ਹਨ। ਖੇਤਾਂ ਦੇ ਬੰਨਿਆਂ ਉਤੇ ਜੰਗਲੀ ਗੁਲਾਬ ਦੀਆਂ ਵਾੜਾਂ ਲੱਗੀਆ ਹੋਈਆਂ ਹਨ ਤੇ ਵਸਾਖ ਵਿਚ ਇਨ੍ਹਾਂ ਦੇ ਗੁਲਾਬੀ ਤੇ ਚਿੱਟੇ ਰੰਗ ਪਾਲਮ ਦੀ ਪਾਦੀ ਨੂੰ ਇੱਕ ਅਦੁੱਤੀ ਰੂਪ ਬਖ਼ਸ਼ਦੇ ਹਨ। ਜੰਗਲੀ ਨਾਖਾਂ ਦੇ ਬੂਟੇ ਜਿਹੜੇ ਥਾਂ ਥਾਂ ਲੱਗੇ ਹੋਏ ਹਨ, ਚੇਤ ਦੇ ਅੱਧ ਵਿਚ ਚਿੱਟੇ ਫੁੱਲਾਂ ਨਾਲ ਲੱਦੇ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਧੌਲੀਧਾਰ ਦੀਆਂ ਚੋਟੀਆਂ ਵੀ ਵਰਫ਼ ਨਾਲ ਢਕੀਆਂ ਹੁੰਦੀਆਂ ਹਨ, ਤੇ ਪਾਲਮ ਦੀ ਸਾਰੀ ਵਾਦੀ ਚਿੱਟੇ ਕੱਪੜਿਆਂ ਵਿਚ ਲਪੇਟੀ ਗੋਰੀ ਵਾਂਗ ਜਾਪਣ ਲੱਗ ਪੈਂਦੀ ਹੈ।

ਜੰਗਲੀ ਗੁਲਾਬ ਦੇ ਗੁਲਾਬੀ ਦੇ ਚਿੱਟੇ ਫੁੱਲਾਂ ਨੂੰ ਵੇਖ ਕੇ ਮੈਨੂੰ ਬੜੀ ਖ਼ੁਸ਼ੀ ਹੋਈ। ਏਥੇ ਬਹੁਤ ਸਾਰੇ ਖੇਤਾਂ ਦੀਆਂ ਵਾੜਾਂ ਇਨ੍ਹਾਂ ਫੁੱਲਾਂ ਨਾਲ ਸਜੀਆਂ ਹਨ। ਕੈਥਾਂ ਦੇ ਸਫ਼ੈਦ ਫੁੱਲਾਂ ਨੇ ਹੋਰ ਵੀ ਖੁਸ਼ੀ ਦਿਤੀ। ਚਿੱਟਾ ਰੰਗ ਪਵਿੱਤਰਤਾ ਦੀ ਨਿਸ਼ਾਨੀ ਹੈ, ਜਿਵੇਂ ਗੁਲਾਬੀ ਰੰਗ ਇਨਸਾਨ ਦੇ ਪਿਆਰ ਜਜ਼ਬਿਆਂ ਦਾ ਚਿੰਨ੍ਹ ਹੈ। ਸਿਰਫ਼ ਇਨਸਾਨਾਂ ਵਿਚ ਹੀ ਨਹੀਂ, ਬਨਾਸਪਤੀ, ਪਸ਼ੂ, ਪੰਛੀਆਂ ਤੇ ਮੱਛੀਆਂ ਤਕ ਦੇ ਵਿਚ ਖ਼ੁਸ਼ੀ ਦੀ ਰੂਹ ਵਸਦੀ ਹੈ। ਇਹ ਖ਼ੁਸ਼ੀ ਦੀ ਰੂਹ ਇਕ ਵਗਦੇ ਦਰਿਆ ਵਾਂਗ ਹੈ। ਜਿਵੇਂ ਜਿਸਮ ਨੂੰ ਖ਼ੁਰਾਕ ਦੀ ਲੋੜ ਹੈ, ਇਵੇਂ ਹੀ ਇਹ ਖ਼ੁਸ਼ੀ ਦੀ ਰੂਹ ਦਾ ਨਿਰਭਰ ਪ੍ਰਾਕਿਰਤੀ ਦੀ ਸੁੰਦਰਤਾ 'ਤੇ ਹੈ।

ਜਦ ਆਜੜੀ ਮੁੰਡਿਆਂ ਨੂੰ ਗੁਲਾਬ ਦੇ ਫੁੱਲ ਭਰੂੰਦੇ ਵੇਖਿਆ ਤਾਂ ਦਿਲ ਵਿਚ ਬੜਾ ਸ਼ੌਂਕ ਪੈਦਾ ਹੋਇਆ। ਸਾਡੇ ਮੁਕਾਬਲੇ 'ਤੇ ਜਾਪਾਨ ਦੇ ਲੋਕ ਕਿੰਨੇ ਸਿਆਣੇ ਹਨ ਤੇ ਆਪਣੇ ਦੇਸ਼ ਦੇ ਫੁੱਲਾਂ ਤੇ ਬਨਾਸਪਤੀ ਨਾਲ ਕਿੰਨਾ ਪਿਆਰ ਕਰਦੇ ਹਨ। ਕਹਿੰਦੇ ਹਨ ਕਿ ਜਾਪਾਨੀ ਲੜਕੀ ਤੜਕਸਾਰ ਆਪਣੇ ਘਰ ਦੀ ਖੂਹੀ ਉਤੇ ਪਾਣੀ ਭਰਨ ਗਈ। ਕੀ ਵੇਖਦੀ ਹੈ ਕਿ ਲਜ ਦੇ ਦੁਆਲੇ 'ਇਸ਼ਕ ਪੇਚੇ' ਦੇ ਵੇਲ ਲਿਪਟੀ ਹੋਈ ਹੈ, ਤੇ ਉਸ ਉਪਰ ਇਸ ਅਸਮਾਨੀ ਰੰਗ ਦਾ ਫੁੱਲ ਖਿੜਿਆ ਹੋਇਆ ਹੈ। ਉਸ ਨੂੰ ਫੁੱਲ ਤੇ ਵੇਲ ਦੀ ਸੁੰਦਰਤਾ ਏਨੀ ਪਸੰਦ ਆਈ ਕਿ ਪਾਣੀ ਕੱਢਣ ਦਾ ਹੀਆ ਨਾ ਪਿਆ, ਤੇ ਲੱਜ ਨੂੰ ਉਵੇਂ ਹੀ ਛੱਡ ਕੇ ਇਕ ਗੁਆਂਢੀ ਤੋਂ ਪਾਣੀ ਮੰਗ ਲਿਆਈ।

ਇਸੇ ਤਰ੍ਹਾਂ ਦੀ ਕਹਾਣੀ, ਜਾਪਾਨ ਦੀ ਰਾਣੀ ਕੋਮੀਓ ਬਾਰੇ ਹੀ ਮਸ਼ਹੂਰ ਹੈ। ਪੂਜਾ ਦਾ ਵੇਲਾ ਸੀ ਤੇ ਕੋਮੀਓ ਫੁੱਲਾਂ ਦੇ ਖੇਤ ਵੱਲ ਫੁੱਲ ਚੁਗਣ ਗਈ। ਫੁੱਲਾਂ ਦੀ ਸੁੰਦਰਤਾ ਵੇਖ ਤੋੜਨ ਦਾ ਹੌਂਸਲਾ ਨਾ ਪਿਆ ਤੇ ਬੋਲੀ, "ਜੇ ਮੈਂ ਇਨ੍ਹਾਂ ਫੁੱਲਾਂ ਨੂੰ ਤੋੜਦੀ ਹਾਂ, ਤਾਂ ਮੇਰੇ ਹੱਥਾਂ ਦੇ

ਲੱਗਣ ਨਾਲ ਇਹ ਅਪਵਿੱਤਰ ਹੋ ਜਾਣਗੇ। ਜਿਵੇਂ ਇਹ ਖੇਤ ਖੜੇ ਹਨ, ਮੈਂ ਏਵੇਂ ਹੀ ਇਨ੍ਹਾਂ ਨੂੰ ਮਹਾਤਮਾ ਬੁਧ ਦੀ ਸੇਵਾ ਭੇਂਟ ਕਰਦੀ ਹਾਂ"।

ਬਾਸ਼ੋ ਜਾਪਾਨ ਦਾ ਸੰਤ ਕਵੀ ਪ੍ਰਕਿਰਤੀ ਦਾ ਪ੍ਰੇਮੀ ਸੀ। ਜਦ ਚੈਰੀ ਦੇ ਹਲਕੇ ਗੁਲਾਬੀ ਫੁਲ ਨਿਕਲਦੇ ਹਨ ਤਾਂ ਜਾਪਾਨ ਦੇ ਲੋਕ ਬੜੀ ਖ਼ੁਸ਼ੀਆਂ ਨਹਾਉਂਦੇ ਹਨ, ਤੇ ਫੁੱਲਾਂ ਨਾਲ ਲੱਦੇ ਦਰੱਖ਼ਤਾਂ ਹੇਠਾਂ ਬੈਠ ਕੇ ਇਨ੍ਹਾਂ ਦੀ ਸੁੰਦਰਤਾ ਨੂੰ ਮਾਣਦੇ ਹਨ। ਹਲਕੀ ਜਿਹੀ ਵੀ ਪੌਣ ਚਲੇ, ਕੋਈ ਉੱਚੀ ਆਵਾਜ਼ ਆਵੇ ਤਾਂ ਚੈਰੀ ਦੇ ਫੁੱਲ ਕਿਰਨ ਲੱਗ ਜਾਂਦੇ ਹਨ। ਭਿਕਸ਼ੂ ਬਾਸ਼ੋ ਟੱਲੀ ਵਜਾਉਂਦਾ ਲੰਘ ਰਿਹਾ ਸੀ। ਜਦ ਚੈਰੀ ਤੇ ਬਾਗ਼ ਕੋਲੋਂ ਦੀ ਲੰਘਿਆ ਤਾਂ ਟੱਲੀ ਵਜਾਉਣੀ ਬੰਦ ਕਰ ਦਿੱਤੀ ਮਤੇ ਸ਼ੋਰ ਨਾਲ ਚੈਰੀ ਦੇ ਫੁੱਲ ਦਾ ਡਿੱਗ ਜਾਣ।

ਫੱਗਣ ਦੇ ਮਹੀਨੇ ਘੁਗੀਆਂ ਦੇ ਜੋੜਿਆਂ ਘੂੰ ਘੂੰ ਕੈਂਥਾਂ ਦੇ ਬਿੱਛਾਂ ਵਿਚੋਂ ਆਉਂਦੀ ਸੁਣ ਕੇ ਮੈਂ ਸੋਚਿਆ ਕਿ ਇਹ ਜੋੜੇ ਜ਼ਰੂਰ ਫੁੱਲਾਂ ਦੀਆਂ ਹੀ ਗੱਲਾਂ ਕਰ ਰਹੇ ਹੋਣਗੇ। ਕੈਂਥਾਂ ਦੇ ਦੁੱਧ ਚਿੱਟੇ, ਫੁੱਲ, ਤੇਲ ਨਾਲ ਭਰੇ ਹੋਏ ਇੰਜ ਲੱਗਣ ਜਿਵੇਂ ਤਾਰਿਆਂ ਤੇ ਡਲ੍ਹਕਦੇ ਹੰਝੂ।

ਕਈ ਲੋਕ ਪੁੱਛਦੇ ਹਨ, ਫੁੱਲਾਂ ਦਾ ਕੀ ਫ਼ਾਇਦਾ ਹੈ ? ਫੁੱਲਾਂ ਤੋਂ ਨਾ ਸਿਰਫ਼ ਫਲ ਤੇ ਅੰਨ ਪੈਦਾ ਹੁੰਦਾ ਹੈ, ਇਹ ਫੁੱਲ ਹੀ ਹਨ ਜਿਨ੍ਹਾਂ ਨੇ ਸਾਨੂੰ ਬਨਮਾਹਣੂ ਤੋਂ ਇਨਸਾਨ ਬਣਾਇਆ ਹੈ।

ਕੋਈ ਪੰਜ-ਛੇ ਲੱਖ ਬਰਸ ਹੋਏ, ਜਦ ਬਨਮਾਹਣੂ ਦੀ ਸਾਥਣ ਨੇ ਉਤਾਂਹ ਨਜ਼ਰ ਚੁੱਕ ਕੇ ਚੰਬੇ ਦੇ ਫੁੱਲਾਂ ਲੱਦੇ ਦਰੱਖ਼ਤ ਵੱਲ ਵੇਖਿਆ ਤਾਂ ਉਸ ਸੋਚਿਆ ਕਿ ਉਹ ਵੀ ਦਰਖ਼ਤ ਦੀ ਸੁੰਦਰਤਾ ਦਾ ਹਿੱਸਾ ਲੈ ਸਕਦੀ ਹੈ, ਤੇ ਉਸ ਫੁੱਲਾਂ ਨਾਲ ਦੇ ਗੁੱਛੇ ਲਾਹ ਕੇ ਆਪਣੇ ਸਿਰ ਦੇ ਵਾਲਾਂ ਵਿਚ ਟੁੰਗ ਲਏ। ਉਹਦੇ ਸਾਥੀ ਨੇ ਆਪਣੀ ਫੁੱਲਾਂ ਲੱਦੀ ਹੋਈ ਸਾਥਣ ਦੀ ਤਾਰੀਫ਼ ਕੀਤੀ, ਤੇ ਉਸ ਦਿਨ ਤੋਂ ਹੀ ਉਹ ਇਨਸਾਨਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਏ। ਹੁਣ ਵੀ ਜਦ ਅਸੀਂ ਆਪਣੇ ਸੂਖਮੇ ਜਜ਼ਬੇ ਆਪਣੀ ਪ੍ਰੇਮਕਾ ਨੂੰ ਦਸਣੇ ਚਾਹੁੰਦੇ ਹਾਂ ਤਾਂ ਅਸੀਂ ਫੁੱਲਾਂ ਰਾਹੀਂ ਹੀ ਆਪਣੇ ਪ੍ਰੇਮ ਸੱਦੇ ਭੇਜਦੇ ਹਾਂ। ਜੇ ਰੱਬ ਵੱਲ ਆਪਣੀ ਸ਼ਰਧਾ ਪਰਗਟ ਕਰਦੇ ਹਾਂ ਤਾਂ ਫੁੱਲਾਂ ਦੇ ਚੜ੍ਹਾਵੇ ਨਾਲ ਹੀ ਆਪਣੇ ਦਿਲ ਦੀ ਆਵਾਜ਼ ਪਹੁੰਚਾਂਦੇ ਹਾਂ।

ਪਿੰਡ ਦੇ ਬਾਹਰ ਕਈ ਘਰ ਖਿੰਡੇ ਮੁੰਡੇ ਹੋਏ ਹਨ। ਅਕਸਰ ਕਿਸਾਨ ਆਪਣੀਆਂ ਪੈਲੀਆਂ ਵਿਚ ਹੀ ਰਹਿਣਾ ਪਸੰਦ ਕਰਦੇ ਹਨ ਤੇ ਕੋਈ ਜਿਹੋ ਜਿਹੀ ਥਾਂ ਪੁਣ ਕੇ ਝੁਗੀਆਂ ਪਾ ਲੈਂਦੇ ਹਨ, ਜਿਥੇ ਧੁੱਪ ਵੀ ਲੱਗੇ ਤੇ ਮੀਂਹ ਕਣੀ ਤੋਂ ਵੀ ਬਚਾਅ ਹੋਵੇ। ਰਾਜਪੂਤਾਂ ਦੇ ਘਰ ਬਾਕੀ ਲੋਕਾਂ ਦੇ ਘਰਾਂ ਤੋਂ ਸਾਫ਼ ਸਾਫ਼ ਨਿਖੇੜੇ ਜਾ ਸਕਦੇ ਹਨ। ਰਾਜਪੂਤ ਲੋਕ ਅਕਸਰ ਉਚੇਚੀ ਤੇ ਨਵੇਕਲੀ ਥਾਂ ਚੁਣਦੇ ਹਨ ਤਾਂ ਜੋ ਉਨ੍ਹਾਂ ਦੀਆਂ ਸੁਆਣੀਆਂ ਪਰਦੇ ਵਿਚ ਰਹਿ ਸਕਣ। ਪੁਰਾਣੇ ਸਮੇਂ ਵਿਚ ਰਾਜਪੂਤ ਲੋਕ ਆਪਣੇ ਇਨ੍ਹਾਂ ਘਰਾਂ ਵਿਚ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਵੀ

ਸਮਝਦੇ ਹਨ, ਕਿਉਂਕਿ ਇਹ ਘਰ ਜ਼ਿਆਦਾ ਤਕ ਉੱਚੀਆਂ ਪਹਾੜੀਆਂ ਦੀਆਂ ਚੋਟੀਆਂ 'ਤੇ ਬਣਾਏ ਜਾਂਦੇ ਹਨ, ਜਿਨ੍ਹਾਂ ਤਕ ਅਪੜਨ ਲਈ ਭੀੜੀਆਂ ਲੰਮੀਆਂ ਪੱਥਰ ਦੀਆਂ ਪੌੜੀਆਂ ਚੜ੍ਹਨੀਆਂ ਪੈਂਦੀਆਂ ਸਨ। ਇਨ੍ਹਾਂ ਪੌੜੀਆਂ ਵਿਚੋਂ ਕਈ ਥਾਵਾਂ ਤੋਂ ਘੋੜੇ ਵੀ ਨਹੀਂ ਸਨ ਨਿਕਲ ਸਕਦੇ।

ਪਿੰਡ ਦੇ ਵਿਚਕਾਰ ਬਾਉਲੀ ਹੈ ਜਿਸ ਨੂੰ ਪੱਥਰਾਂ ਨਾਲ ਚਿਣਿਆ ਗਿਆ ਹੈ। ਇਸ ਬਾਉਲੀ ਦੇ ਪੱਥਰਾਂ ਉਤੇ ਮਰਦਾਂ, ਔਰਤਾਂ ਤੇ ਬਲਦਾਂ ਦੇ ਚਿੱਤਰ ਉਕਰੇ ਹੋਏ ਹਨ। ਜਦੋਂ ਕੋਈ ਵਿਆਹਿਆ ਹੋਇਆ ਆਦਮੀ ਮਰਦਾ ਹੈ ਤਾਂ ਉਸ ਦੀ ਯਾਦਗਾਰ ਵਿਚ ਇਕ ਪੱਥਰ ਇਸ ਬਾਉਲੀ ਵਿਚ ਲਾ ਦਿੱਤਾ ਜਾਂਦਾ ਹੈ। ਇਸ ਪੱਥਰ ਉਤੇ ਉਸ ਆਦਮੀ ਦਾ ਚਿੱਤਰ ਹੁੰਦਾ ਹੈ। ਜਦ ਕੋਈ ਛੜਾ ਛਾਂਗ ਮਰ ਜਾਂਦਾ ਹੈ ਤਾਂ ਉਹਦੀ ਯਾਦ ਵਿਚ ਪੱਥਰ ਉਤੇ ਇਕ ਬਲਦ ਦਾ ਚਿੱਤਰ ਉਕਰਿਆ ਜਾਂਦਾ ਹੈ।

ਘਿਰਤਾਂ ਦੇ ਘਰ ਆਮ ਤੌਰ 'ਤੇ ਬਾਂਸ, ਕਚਨਾਰ ਤੇ ਤੁਨ ਤੇ ਝੁੰਡਾਂ ਵਿਚ ਲੁਕੇ ਹੁੰਦੇ ਹਨ। ਕਦੀ ਕਦੀ ਇਨ੍ਹਾਂ ਲੋਕਾਂ ਦੇ ਘਰਾਂ ਕੋਲ ਪਦਮ ਤੇ ਕੇਲਿਆਂ ਦੇ ਬੂਟੇ ਹੁੰਦੇ ਹਨ। ਇਹ ਘਰ ਸਾਰੀ ਵਾਦੀ ਵਿਚ ਖਿੰਡਰੇ ਹੋਏ ਹਨ। ਹੇਠ ਕਰਕੇ ਨਗਰੋਟਾ ਕੋਈ ਕੇਲਿਆਂ ਤੇ ਅੰਬਾਂ ਦੇ ਬੂਟੇ ਵੀ ਵਿਖਾਈ ਦਿੰਦੇ ਹਨ। ਉਸ ਤੋਂ ਪਰ੍ਹੇ ਵਡੇ ਵਡੇ ਸਿੰਬਲ ਦੇ ਦਰੱਖ਼ਤ ਆਪਣੇ ਬੁਕ ਬੁਕ ਲਾਲ ਬਿੰਬ ਫੁੱਲਾਂ ਨਾਲ ਸਿਰ ਚੁਕੀ ਖਲੋਤੇ ਵਿਖਾਈ ਦਿੰਦੇ ਹਨ। ਇਨ੍ਹਾਂ ਬਿੱਛਾਂ ਦੇ ਪੱਤੇ ਝੜ ਜਾਂਦੇ ਹਨ, ਤੇ ਟਾਹਣੀਆਂ 'ਤੇ ਕੇਵਲ ਫੁੱਲ ਹੀ ਫੁੱਲ ਵਿਖਾਈ ਦਿੰਦੇ ਹਨ।

ਸਲਿਆਨੇ ਦੇ ਪਿੰਡ ਵਿਚ ਮੇਰਾ ਦੋਸਤ ਪਰਮੇਸ਼ਰੀ ਦਾਸ ਬੜੇ ਸ਼ੌਕ ਨਾਲ ਸਾਨੂੰ ਉਡੀਕ ਰਿਹਾ ਸੀ। ਜਦ ਅਸੀਂ ਪਿੰਡ ਤੋਂ ਅਧ ਮੀਲ ਹੀ ਸਾਂ ਤਾਂ ਕੀ ਵੇਖਦੇ ਹਾਂ ਕਿ ਢੋਲ ਵਜਾਉਂਦੇ ਗੱਦੀਆਂ ਦੇ ਟੋਲੇ ਸਾਡੇ ਵਲ ਆ ਰਹੇ ਸਨ। ਬੱਚਿਆਂ ਦਾ ਤਾਂ ਕੋਈ ਅੰਤ ਹੀ ਨਹੀਂ ਸੀ। ਇਸ ਤਰ੍ਹਾਂ ਵਿਖਾਈ ਦੇ ਰਿਹਾ ਸੀ ਕਿ ਸਾਰਾ ਪਿੰਡ ਹੀ ਉਲਟ ਪਿਆ ਹੋਵੇ। ਉਨ੍ਹਾਂ ਨੇ ਸਾਨੂੰ ਗੇਂਦੇ ਦੇ ਫੁੱਲਾਂ ਦੇ ਹਾਰਾਂ ਨਾਲ ਲੱਦ ਦਿਤਾ। ਨਰਸਿੰਘੇ ਤੇ ਤਤਨੀਆਂ ਵਜਾਉਂਦੇ ਉਹ ਸਾਨੂੰ ਸਕੂਲ ਵਲ ਲੈ ਗਏ, ਜਿਥੇ ਪਾਲਮ ਦੇ ਸਭ ਸੁਘੜ ਸਿਆਣੇ ਮੌਜੂਦ ਸਨ। ਉਨ੍ਹਾਂ ਆਪਣੇ ਸੁਆਗਤੀ ਭਾਸ਼ਨ ਵਿਚ ਮੇਰੀ ਤੇ ਆਰਚਰ ਦੀ, ਕਾਂਗੜਾ ਕਲਾ ਦੀ ਖੋਜ ਤੇ ਲੇਖਣੀ ਦੀ ਪ੍ਰਸੰਸਾ ਕੀਤੀ। ਇਨ੍ਹਾਂ ਸਾਦ ਮੁਰਾਦੇ ਤੇ ਸੱਚੇ ਇਨਸਾਨਾਂ ਦੀ ਪ੍ਰਸੰਸਾ ਤੇ ਪ੍ਰੇਮ ਨੇ ਸਾਨੂੰ ਬੜੀ ਖੁਸ਼ੀ ਦਿੱਤੀ। ਸਾਨੂੰ ਇਹ ਅਨੁਭਵ ਕਰਕੇ ਹੋਰ ਵੀ ਖ਼ੁਸ਼ੀ ਹੋਈ ਕਿ ਮੇਰੇ ਕਾਂਗੜਾ-ਕਲਾ-ਪਿਆਰ ਦੀ ਜਾਣ-ਪਛਾਣ ਸਿਰਫ਼ ਪੜ੍ਹੇ ਲਿਖੇ ਲੋਕਾਂ ਨੂੰ ਹੀ ਨਹੀਂ, ਸਗੋਂ ਜੋ ਕੰਮ ਮੈਂ ਕਾਂਗੜਾ ਵਾਦੀ ਕੀ ਕਲਾ, ਲੋਕ ਗੀਤ ਤੇ ਸਭਿਆਚਾਰ ਦੀ ਖੋਜ ਵਿਚ ਕੀਤਾ ਹੈ ਉਸ ਤੋਂ ਆਮ ਜਨਤਾ

ਵੀ ਜਾਣੂੰ ਹੈ। ਖੋਜੀ ਤੇ ਲੇਖਕ ਲਈ ਇਸ ਤੋਂ ਹੋਰ ਕਿਹੜੀ ਜ਼ਿਆਦਾ ਖੁਸ਼ੀ ਦੀ ਗੱਲ ਹੋ ਸਕਦੀ ਹੈ।

ਸਲਿਆਨਾ, ਅੰਦਰੇਟਾ, ਅਜੋਗਰ, ਪਰਿਹਾਲਾ, ਜੰਡਪੁਰੀ ਤੇ ਪਪਰੋਲਾ ਇਹ ਸੱਭੇ ਪਿੰਡ ਕੁਦਰਤੀ ਸੁੰਦਰਤਾ ਨਾਲ ਭਰਪੂਰ ਹਨ। ਸਲਿਆਨਾ ਤੋਂ ਚਲ ਕੇ ਅਗੇ ਇਕ ਬਗ਼ੀਚਾ ਜਿਹਾ ਆਉਂਦਾ ਹੈ, ਜਿਸ ਦੇ ਅਗੇ ਪਿਛੇ ਕਈ ਘਰ ਤੇ ਦੁਕਾਨਾਂ ਬਣੀਆਂ ਹੋਈਆਂ ਹਨ। ਇਸ ਥਾਂ ਵਿਸਾਖ ਵਿਚ ਹਰ ਸਾਲ ਮੇਲਾ ਲੱਗਦਾ ਹੈ। ਮੇਲੇ ਦੇ ਦਿਨਾਂ ਵਿਚ ਇਥੇ ਦੁਕਾਨਦਾਰ ਆ ਕੇ ਮਿਠਾਈ, ਵੰਗਾਂ, ਤਾਂਬੇ ਦੇ ਬਰਤਨ ਤੇ ਘੜੇ ਆਦਿ ਵੇਚਦੇ ਹਨ। ਪਾਲਮਵਾਦੀ ਦੇ ਬ੍ਰਾਹਮਣਾਂ, ਰਾਜਪੂਤਾਂ ਤੇ ਘਿਰਤਾਂ ਤੋਂ ਇਲਾਵਾ ਗੱਦੀ ਔਰਤਾਂ ਤੇ ਮਰਦ ਵੀ ਇਸ ਮੇਲੇ ਵਿਚ ਸ਼ਾਮਲ ਹੁੰਦੇ ਹਨ। ਇਹ ਲੋਕ ਗਧੇਰਨ ਇਲਾਕੇ ਤੋਂ ਜਿਹੜਾ ਧੌਲੀਧਾਰ ਦੇ ਦਾਮਨ ਵਿਚ ਹੈ, ਆਉਂਦੇ ਹਨ। ਇਨ੍ਹਾਂ ਦੇ ਆਉਣ ਨਾਲ ਮੇਲੇ ਵਿਚ ਬੜਾ ਰੰਗ ਤੇ ਬੜੀ ਰੌਣਕ ਹੋ ਜਾਂਦੀ ਹੈ। ਨਗਾਰੇ ਦੀ ਆਵਾਜ਼ ਨਾਲ ਗੱਦੀ ਲੋਕ ਰੱਜ ਰੱਜ ਕੇ ਨੱਚਦੇ ਤੇ ਗਾਉਂਦੇ ਹਨ। ਗੱਦਣਾਂ ਚਾਂਦੀ ਤੇ ਗਹਿਣਿਆਂ ਨਾਲ ਲੱਦੀਆਂ ਉਨ੍ਹਾਂ ਨੂੰ ਲੋਕ ਖਲੋ ਕੇ ਨੱਚਦਿਆਂ ਵੇਖਦੀਆਂ ਹਨ। ਮੇਲੇ ਦੇ ਮੁੱਕਣ ਤੇ ਇਹ ਥਾਂ ਵੀਰਾਨ ਹੋ ਜਾਂਦੀ ਹੈ ਤੇ ਇਥੇ ਕੁਛ ਕਾਲੀਆਂ ਗਾਂਵਾਂ ਹੀ ਚਰਦੀਆਂ ਨਜ਼ਰ ਆਉਂਦੀਆਂ ਹਨ।

# ਕੁੱਲੂ ਵਾਦੀ

ਕੁੱਲੂ ਸ਼ਬਦ ਦਾ ਨਾਂ ਹੀ ਸਾਡੇ ਅੰਦਰ ਅਜੀਬ ਤੇ ਪਿਆਰੀਆਂ ਯਾਦਾਂ ਛੇੜ ਦੇਂਦਾ ਹਾਂ। ਕੁੱਲੂ ਦਰਿਆ ਬਿਆਸ ਤੇ ਇਹਦੀਆਂ ਉਪ-ਨਦੀਆਂ ਸੋਲਾਂਗ, ਮਨਾਲੀ, ਸਰਵਾਰੀ, ਪਾਰਵਤੀ, ਸੇਂਜ ਤੇ ਤੀਰੰਥਨ ਦੀ ਵਾਦੀ; ਕੁੱਲ ਕੋਸ਼ਾਂ ਤੇ ਸ਼ਾਨਾਂਭਵੇ ਦਿਉਦਾਰਾਂ ਦੀ ਵਾਦੀ ਕੁੱਲੂ, ਸਿਉ ਦੇ ਗਿਲਾਸ ਦੇ ਬਾਗਾਂ ਦੀ ਵਾਦੀ; ਕੁੱਲੂ ਸੁਰਾਂਗਲੀ ਮਨੁੱਖਤਾ, ਇਸਤੀਆਂ ਜਿਨ੍ਹਾਂ ਦੇ ਮੂੰਹ ਸਿਉ ਵਾਂਗ ਭਖਦੇ ਹਨ, ਅਤੇ ਨ੍ਰਿਤ, ਸੰਗੀਤ ਤੇ ਲੁਗੜੀ ਨੂੰ ਪਿਆਰਦੇ ਮਰਦਾਂ ਦੀ ਵਾਦੀ; ਕੁੱਲੂ, ਦੇਵੀਆਂ ਤੇ ਦਿਉਤਿਆਂ ਦੀ ਵਾਦੀ ਜਿਹੜੇ ਆਪਣੀ ਰੱਬਤਾ ਦੇ ਬਾਵਜੂਦ ਮਨੁੱਖੀ ਸਮਜ਼ੋਰੀਆਂ ਨੂੰ ਘ੍ਰਿਣਾ ਨਹੀਂ ਕਰਦੇ। ਗੱਲ ਕੀ, ਕੁੱਲੂ ਵਿਚ ਉਹ ਸਭ ਕੁਝ ਹੈ ਜਿਸ ਦੀ ਇਕ ਹਾਰੀ ਟੁੱਟੀ ਜਿੰਦ ਨੂੰ ਲੋੜ ਹੈ; ਸ਼ਾਨਦਾਰ ਪਹਾੜੀ ਦ੍ਰਿਸ਼, ਸ਼ਾਨਦਾਰ ਜੰਗਲ, ਸ਼ੂਕਦੇ ਜਲ-ਪ੍ਰਵਾਹ, ਰਸੀਲੇ ਫਲ ਤੇ ਬੜੇ ਹੀ ਦਿਲਚਸਪ ਲੋਕ, ਜਿਹੜੇ ਹੇਤੂਵਾਦ ਦੇ ਇਸ ਯੁਗ ਵਿਚ ਵੀ ਆਪਣੇ ਪਹਾੜੀ ਦੇਵੀ ਦੇਵਤਿਆਂ ਲਈ ਆਦਰ ਸਤਿਕਾਰ ਨਾਲ ਭਰਪੂਰ ਹਨ। ਆਪਣੀਆਂ ਗੁਣਗੁਣਾਂਦੀਆਂ ਨਦੀਆਂ ਅਤੇ ਜੰਗਲਾਂ ਦੇ ਬਾਗ਼ਾਂ ਨਾਲ ਢਕੀਆਂ ਪਰਬਤੀ ਢਲਵਾਨਾਂ ਸਦਕਾ ਕੁੱਲੂ ਵਾਦੀ ਦੀ ਕੋਮਲ ਸੁੰਦਰਤਾ ਪੂਰਨ ਰੂਪ ਵਿਚ ਇਕ ਇਸਤ੍ਰੀ ਦੀ ਸੁੰਦਰਤਾ ਹੈ, ਖ਼ਾਸ ਕਰਕੇ ਜਦੋਂ ਇਨ੍ਹਾਂ ਦਾ ਮੁਕਾਬਲਾ ਸਪਿਤੀ ਤੇ ਲਾਹੌਲ ਦੀਆਂ ਬੰਜਰ ਚਟਾਨਾਂ ਨਾਲ ਕੀਤਾ ਜਾਵੇ, ਜਿਨ੍ਹਾਂ ਦੀਆਂ ਤਿੱਖੀਆਂ ਸਖ਼ਤ ਟੀਸੀਆਂ ਸਦਾ ਬਰਫ਼ਾਂ ਨਾਲ ਕੱਜੀਆਂ ਰਹਿੰਦੀਆਂ ਹਨ ਤੇ ਜਿੰਨਾਂ ਦੀਆਂ ਤੰਗ ਘਾਟੀਆਂ ਬੜੀਆਂ ਭਿਅੰਕਰ ਹਨ। ਲਾਹੌਰ ਵਾਦੀ ਆਪਣੀਆਂ ਰੁਖੀਆਂ ਖਰ੍ਹਵੀਆਂ ਚਟਾਨਾਂ ਤੇ ਜੰਗਲੀਪਨ ਦੁਆਰਾ ਮਰਦਾਵਾਂ ਪ੍ਰਭਾਵ ਪਾਉਂਦੀ ਹੈ, ਜਦ ਕਿ ਹੋਰਤਾਂਗ ਦੱਰੇ ਤੋਂ ਪਾਰ ਕੁੱਲੂ ਵਾਦੀ ਉਸ ਦੀ ਦਿਲਕਸ਼ ਸਨਿੰਮਰ ਤੇ ਆਗਿਆਕਾਰ ਪਤਨੀ ਵਾਂਗ ਜਾਪਦੀ ਹੈ।

ਕੁੱਲੂ ਵਾਦੀ ਚੁਪਾਸਿਉਂ ਮਧ-ਹਿਮਾਲੀਆ ਪਰਬਤਾਂ ਤੇ ਧੌਲਾਧਾਰ ਦੀਆਂ ਪਰਬਤ-ਸ਼੍ਰੇਣੀਆਂ ਨਾਲ ਘਿਰੀ ਹੋਈ ਹੈ। ਮਧ-ਹਿਮਾਲਿਆ ਦੀ ਪੀਰ ਪੰਜਾਲ ਸਾਖ਼ ਇਸ ਦੀ ਉਤਰੀ ਤੇ ਪੂਰਬੀ ਸੀਮਾਂ ਬਣਾਂਦੀ ਹੈ, ਜਿਹੜੀ ਕੁੱਲੂ ਨੂੰ ਲਾਹੋਲ ਤੇ ਸਪਿਤੀ ਤੋਂ ਵਖਰਾ ਕਰਦੀ ਹੈ। ਕੁੱਲੂ ਵਾਦੀ ਦੇ ਸਿਰੇ ਤੇ ਇਕ ਸਿਧੀ ਤੇ ਉੱਚੀ ਪਰਬਤ-ਸ਼੍ਰੇਣੀ ਪੀਰ ਪੰਜਾਬ ਤੋਂ ਨਿਕਲ ਕੇ ਦਖਣ

ਵੱਲ ਜਾਂਦੀ ਹੈ ਤੇ ਅੰਤ ਨਗਰ ਦੇ ਸਾਹਮਣੇ ਧੌਲਾਧਾਰ ਵਿਚ ਜਾ ਮਿਲਦੀ ਹੈ; ਇਹ ਪਰਬਤ-ਸ਼੍ਰੇਣੀ ਕੁੱਲੂ ਨੂੰ ਬਾੜਾ ਤੇ ਛੋਟਾ ਬੰਘਾਲ ਤੋਂ ਵੱਖ ਕਰਦੀ ਹੈ। ਦੁਲਚੀ ਦੱਰ੍ਹੇ ਤਕ ਕੁੱਲੂ ਦੀ ਬਾਕੀ ਪੱਛਮੀ ਸੀਮਾ ਧੌਲਾਧਾਰ ਹੈ। ਲੱਗਪਗ ਤੀਹ ਮੀਲ ਲੰਮੀ ਇਕ ਪਹਾੜੀ ਹਮਟਾ ਦੱਰੇ ਦੇ ਨੇੜੇ ਪੀਰ ਪੰਜਾਲ 'ਚੋਂ ਦਖਣੀ ਰੁਖ ਵਿਚ ਫੈਲੀ ਹੋਈ ਹੈ। ਇਹ ਬਿਆਸ ਵਾਦੀ ਨੂੰ ਮਲਾਗਾ ਤੇ ਪਾਰਾਵਤੀ ਦੀਆਂ ਵਾਦੀਆਂ ਤੋਂ ਵਖਰਾ ਕਰਦੀ ਹੋਈ ਇਕ ਉੱਚੀ ਪਰਬਤੀ-ਸਿਖ਼ਰ ਤੇ ਜਾ ਕੇ ਮੁਕ ਜਾਂਦੀ ਹੈ। ਜਿਸ ਉਪਰ ਬਿਜਲੀ ਮਹਾਂਦੇਵ ਦਾ ਮੰਦਰ ਬਣਿਆ ਹੋਇਆ ਹੈ। ਇਸ ਮੰਦਰ ਦਾ ਲੰਮਾ ਬਾਂਸ ਕੁੱਲੂ ਤੋਂ ਦਿਸਣ ਲੱਗ ਪੈਂਦਾ ਹੈ। ਪਾਰਵਤੀ ਦੇ ਦੱਖਣ ਵੱਲ ਇਕ ਸਠ ਮੀਲ ਲੰਮੀ ਪਹਾੜੀ ਹੈ। ਜਿਹੜੀ ਪੱਛਮੀ ਰੁਖ ਵਿਚ ਫੈਲੀ ਹੋਈ ਹੈ ਤੇ ਪਾਰਵਤੀ ਵਾਦੀ ਦੇ ਖੱਬੀ ਕੰਧ ਬਣਾਂਦੀ ਹੈ।

ਮਾਰਚ ਦੇ ਸ਼ੁਰੂ ਵਿਚ ਕੁੱਲੂ ਵਾਦੀ ਆਪਣੇ ਪੂਰੇ ਜੋਬਨ ਤੇ ਹੁੰਦੀ ਹੈ। ਖੇਤਾਂ ਵਿਚ ਖਿਲਰੇ ਗੁਲਾਬੀ ਫੁੱਲਾਂ ਨਾਲ ਭਰਪੂਰ ਖੁਰਮਾਣੀ ਦੇ ਬੇਪੱਤ ਬ੍ਰਿਛ ਅਖੀਆਂ ਨੂੰ ਠੰਢ ਪਾਉਂਦੇ ਹਨ। ਸੱਜਰੇ ਸਾਵੇ ਪੱਤਿਆਂ ਵਿਚ ਘਿਰੇ ਚਿੱਟੇ ਫੁੱਲਾਂ ਲੱਦੇ ਜੰਗਲੀ ਕੈਂਥ (ਮੈਡਲਾਰ) ਬੜੇ ਪਿਆਰੇ ਲੱਗਦੇ ਹਨ। ਐਲਮਾਂ ਦੀਆਂ ਖੁਲ੍ਹ ਰਹੀਆਂ ਕਲੀਆਂ ਤੇ ਅੰਕੁਰ ਉਨ੍ਹਾਂ ਨੂੰ ਭੂਰੀ-ਬੈਂਗਣੀ ਭਾਹ ਬਖ਼ਸ਼ਦੇ ਹਨ। ਮਈ ਦੇ ਮਹੀਨੇ ਉਚੇਰੀਆਂ ਢਲਵਾਨਾਂ ਵਗਸ ਦੇ ਭੜਕੀਲੇ ਗੂਹੜੇ ਲਾਲ ਰੰਗ ਨਾਲ ਭਖ ਉਠਦੀਆਂ ਹਨ, ਅਤੇ ਕੂਜਾ ਦੇ ਚਮਕੀਲੇ ਲਾਲ ਗੁੱਛੇ ਨਦੀ ਲਾਗਲੇ ਖੇਤਾਂ ਵਿਚ ਲਿਸ਼ਕਾਂ ਮਾਰਦੇ ਹਨ। ਜੂਨ ਦੇ ਸ਼ੁਰੂ ਵਿਚ ਚਸਤਨਾਟ (ਖਨੋਰ) ਦੇ ਬ੍ਰਿਛ ਫੁੱਲਾਂ ਨਾਲ ਲੱਦੇ ਹੁੰਦੇ ਹਨ, ਲੱਖਾਂ ਹੀ ਮਧੂ-ਮੱਖੀਆਂ ਇਨ੍ਹਾਂ ਵੱਲ ਬੇਵੱਸ ਖਿਚੀਆਂ ਆਉਂਦੀਆਂ ਹਨ, ਜਦ ਕਿ ਅਖਰੋਟ ਦੇ ਬ੍ਰਿਛਾਂ ਤੋਂ ਪੰਛੀਆਂ ਦੇ ਟੁਕੇ ਜਾਂ ਵਰਖਾ ਦੇ ਝਾੜੇ ਸਾਵੇ ਅਖਰੋਟ ਭੁੰਜੇ ਡਿਗ ਰਹੇ ਹੁੰਦੇ ਹਨ। ਉਤਲੀਆਂ ਚਰਾਗਾਹਾਂ ਐਨੀਮੋਨੀ, ਜੈਨਸ਼ੀਅਨ, ਐਂਡਰੋਸਾਧ, ਰੈਨੁਨਕੁਲਸ, ਜੰਗਲੀ ਝਰਬੇਰ, ਪੈਟਨਟਿਲਾ, ਜੰਗਲੀ, ਜੈਰੇਨੀਅਨ ਅਤੇ ਬਹੁਤ ਸਾਰੇ ਦੂਜੇ-ਫੁੱਲ-ਪੌਦਿਆਂ ਨਾਲ ਭਰੀਆਂ ਟਹਿਕਦੀਆਂ ਹਨ। ਵਖਰਾ ਵਿਚ ਗੁਲਮੇਂਹਦੀ ਦੇ ਫੁਲ ਰਸੀਲੀਆਂ ਚਰਾਂਦਾਂ ਨੂੰ ਗੁਲਾਬੀ ਰੰਗ ਵਿਚ ਰੰਗ ਦੇਂਦੇ ਹਨ। ਖੂਬਸੂਰਤ ਕਲੀਮੇਟਸ ਦੇ ਗਜਰੇ ਕਈਆਂ ਬ੍ਰਿਛਾਂ ਦੇ ਗਲਿਆਂ ਵਿਚ ਪਏ ਸੋਹਦੇ ਹਨ। ਸੁੰਦਰ ਬਰੀਕ ਪੱਤੀਆਂ ਦੇ ਪਣਾਂਗ ਬ੍ਰਿਛਾਂ ਦੀ ਸਭ ਸਿਲ੍ਹੀਆਂ ਥਾਵਾਂ ਵਿਚ ਭਰਮਾਰ ਹੈ, ਅਤੇ ਸਤ ਹਜ਼ਾਰ ਫੁਟ ਤੋਂ ਉਪਰ ਚਾਰਾਗਾਹਾਂ ਵਿਚ ਬਰੇਕਨ ਬਹਾਰ ਦਿਖਾਂਦੇ ਹਨ। ਉਚੇ ਪਰਬਤਾਂ ਤੇ ਕਈ ਪ੍ਰਕਾਰ ਦੇ ਰੰਗ ਸੁਰੰਗੇ ਫੁੱਲਾਂ ਦੇ ਪੌਦੇ, ਐਡਲਵੀਸ ਤੇ ਅਰਿਸਟੋਕਰਾਟ ਦੇ ਦੂਜੇ ਹਿਮਾਲੀਆਈ ਸਦਾਬਹਾਰ ਪੌਦੇ, ਅਤੇ ਅਲੋਕਿਕ ਨੀਲੀਆਂ ਪੱਤੀਆਂ ਵਿਚ ਘਿਰੇ ਸੁਨਹਿਰੀ ਪੁਸ਼ਪ-ਕੇਸਰ ਦੇ ਮੁਕਟ ਵਾਲੇ ਪੋਸਤ ਦੇ ਪੌਦੇ ਮਿਲਦੇ ਹਨ।

ਪਰਦੇਸੀ ਲੋਕ ਕੁੱਲੂ ਵਾਦੀ ਦੀ ਯਾਤਰਾ ਲਈ ਆਉਂਦੇ ਤੇ ਇਸ ਦੀ ਸੁੰਦਰਤਾ ਤੇ ਦ੍ਰਿਸ਼ਾ ਦੀ ਸੋਭਾ ਗਾਉਂਦੇ ਹਨ। ਪਰ ਕੀ ਇਥੋਂ ਦੇ ਵਸਨੀਕਾਂ ਨੂੰ ਵੀ ਆਪਣੀ ਧਰਤੀ ਦੇ ਏਸ ਹੁਸਨ ਦਾ ਗਿਆਨ ਹੈ ? ਕੁੱਲੂ ਦੇ ਲੋਕ-ਗੀਤ ਦਸਦੇ ਹਨ ਕਿ ਉਥੋਂ ਦੇ ਲੋਕਾਂ ਨੂੰ ਆਪਣੇ ਵਤਨ ਦੀ ਸੁੰਦਰਤਾ ਦਾ ਪੂਰਾ ਪੂਰਾ ਗਿਆਨ ਤੇ ਮਾਣ ਹੈ, ਕੁੱਲੂ ਇਸਤ੍ਰੀਆਂ ਦਾ ਇਕ ਪਿਆਰਾ ਗੀਤ ਹੈ :

ਦੇਸ਼ਾ ਦੇਸ਼ਾ ਨੇ ਸੋਮਲੇ ਦੇਸ਼ ਕੁੱਲੂ ਰਾ ਪਿਆਰਾ।
ਆਸੇ ਸੀ ਫੁਲੇਰੇ ਡੋਲਰੂ ਰੇ ਬਕੀਚਰੂ ਮ੍ਹਾਰਾ।
ਠੰਢੀ ਬਾਗਾਰੀ ਜੋਤਡੂ ਲੰਗਦੀ ਠੰਡਾ ਜਾਈ ਰੂ ਪਾਣੀ।
ਸਿਮੇ ਮੌਜਾ ਥੀ ਆਪਣੇ ਦੇਸ਼ਾ ਆਕਲੀ ਬਾਜੀ ਨਾ ਜਾਣੀ।
ਉਝੀ ਨਬੋਸ਼ਠ ਰੂਪੀ ਨਮਾਣੀ ਕਰਨਾ
ਦੂਰਾ ਦੂਰਾ ਨਾ ਏਜਾਸੀ ਲੋਕ ਇਹਨਾਂ ਦੂਈ ਰੀ ਸ਼ਰਣਾ।
ਰਿਸ਼ੀ ਮੁਨੀਰਾ ਉੱਤਰ ਖੰਟ ਦੇਵ ਦੇਵੀ ਰਾ ਪਿਆਰਾ।
ਸੁਖੇਰੀ ਮੌਜਾਂ ਲੂਟੀ ਪਰਦੇਸੀਏ ਦੁਖੇਰਾ ਕੁਥਲੂ ਮ੍ਹਾਰਾ।

"ਸਾਡੀ ਖੂਬਸੂਰਤ ਵਾਦੀ ਇਕ ਬਾਗ ਹੈ ਤੇ ਅਸੀਂ ਇਸ ਦੇ ਫੁਲ ਹਾਂ। ਇਸ ਦੀ ਸੀਤਲ ਪੌਣ ਤੇ ਬਰਫ਼-ਠੰਢੇ ਚਸ਼ਮੇਂ ਰੱਬੀ ਦਾਤਾਂ ਹਨ। ਓਗੀ ਵਿਚ ਵਿਸ਼ਸ਼ਟ ਦਾ ਪੂਜਯ ਸਥਾਨ ਅਤੇ ਰੂਪੀ ਵਿਚ ਮਨੀਕਰਨ ਦੇ ਪਵਿੱਤਰ ਚਸ਼ਮੇ ਹਨ ਜਿਥੇ ਨਿਤ ਯਾਤਰੀ ਆਉਂਦੇ ਹਨ। ਸਾਡੀ ਜ਼ਮੀਨ ਵਿਚ ਕਣਕ ਤੇ ਚੌਲ ਦੀਆਂ ਵਡਮੁਲੀਆਂ ਫ਼ਸਲਾਂ ਉਗਦੀਆਂ ਹਨ। ਸਾਡੇ ਪਹਾੜਾਂ ਦੀਆਂ ਬਰਫਾਂ ਕੱਜੀਆਂ ਸਿਖ਼ਰਾਂ ਸਵਰਗੀ ਸੰਪਰਕ ਵਿਚ ਹਨ। ਕੁੱਲੂ ਦੇਵਤਿਆਂ ਦੀ ਧਰਤੀ ਹੈ।

# ਡੇਹਰਾ ਗੋਪੀਪੁਰ

ਡੇਹਰਾ ਗੋਪੀਪੁਰ ਇਲਾਕੇ ਦੀ ਤਹਿਸੀਲ ਹੈ। ਇਥੋਂ ਦਾ ਬਾਜ਼ਾਰ ਬੇਤਰਤੀਬਾ ਜਿਹਾ ਖਿੰਡਰਿਆ ਪੁੰਡਰਿਆ ਹੈ। ਵੱਡੀਆਂ ਇਮਾਰਤਾਂ, ਤਹਿਸੀਲ, ਥਾਣਾ ਤੇ ਸਕੂਲ ਹਨ। ਦਰਿਆ ਦੇ ਢਾਹੇ ਉਤੇ ਢਾਕ ਬੰਗਲਾ ਬਣਿਆ ਹੈ। ਜਦੋਂ ਅਸੀਂ ਬੰਗਲੇ ਵਿਚ ਪਹੁੰਚੇ ਤਾਂ ਵੇਖਿਆ ਕਿ ਇਕ ਪੰਜਾਬ ਸਰਕਾਰ ਦਾ ਐਗਜ਼ੈਕਟਿਵ ਇੰਜੀਨੀਅਰ ਬੰਗਲਾ ਮੱਲ ਕੇ ਬੈਠਾ ਹੈ। ਜਦੋਂ ਉਸ ਨੇ ਬੰਗਲਾ ਖ਼ਾਲੀ ਕਰਨ ਦੀ ਕੋਈ ਨੀਅਤ ਜ਼ਾਹਰ ਨਾ ਕੀਤੀ ਤਾਂ ਮੈਂ ਉਸ ਤੇ ਵੱਲ ਗਿਆ ਤੇ ਉਸ ਦੇ ਚੀਫ਼ ਇੰਜੀਨੀਅਰ ਦੀਆਂ ਚਿੱਠੀਆ ਵਿਖਾਈਆਂ। ਉਸ ਇਸ ਇਸ਼ਾਰੇ ਨੂੰ ਵੀ ਨਾ ਸਮਝ ਸਕਿਆ। ਅਸੀਂ ਹੁਣ ਸਮਝਣਾ ਕਿ ਅਫ਼ਸਰੀ ਸ਼ਾਨ ਇਸੇ ਦਾ ਨਾਂ ਹੈ, ਆਪਣੇ ਆਪ ਨੂੰ ਫੰਨੇ ਖਾਂ ਸਮਝਣਾ ਤੇ ਦੂਜਿਆਂ ਨੂੰ ਇੰਜ ਜਿਵੇਂ ਕੋਈ ਚੀਜ਼ ਹੀ ਨਾ ਹੋਣ। ਇਹ ਅਫ਼ਸਰੀ ਸ਼ਾਨ ਦਾ ਲਿਸ਼ਕਾਰਾ ਵੇਖ ਕੇ ਸਾਡੀਆਂ ਅੱਖਾਂ ਚੁੰਧਿਆ ਗਈਆਂ। ਏਨੇ ਚਿਰ ਨੂੰ ਇਕ ਨਾਇਬ ਤਹਿਸੀਲਦਾਰ, ਜਿਹੜਾ ਮੈਨੂੰ ਜਾਣਦਾ ਸੀ ਓਥੇ ਆ ਗਿਆ। ਮੈਂ ਉਸ ਨੂੰ ਦਸਿਆ ਕਿ ਉਹ ਇੰਜੀਨੀਅਰ ਨੂੰ ਸਮਝਾਵੇ ਕਿ ਇੰਗਲੈਂਡ ਦੇ ਪ੍ਰਸਿੱਧ ਲਿਖਾਰੀ ਡਬਲਯੂ. ਜੀ. ਆਰਚਰ ਜੋ ਪੰਜਾਬ ਸਰਕਾਰ ਦੇ ਮਹਿਮਾਨ ਹਨ, ਤੇ ਭਾਰਤ ਦੇ ਪ੍ਰਸਿੱਧ ਨਾਵਲਕਾਰ ਡਾ: ਮੁਲਕਰਾਜ ਆਨੰਦ ਮੇਰੇ ਨਾਲ ਹਨ ਤੇ ਉਸ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਦਾ ਸਤਿਕਾਰ ਕਰੇ। ਏਨਾ ਕੁਝ ਕਰਨ 'ਤੇ ਇੰਜੀਨੀਅਰ ਨੇ ਬੜੀ ਮੁਸ਼ਕਲ ਨਾਲ ਬੰਗਲਾ ਖ਼ਾਲੀ ਕੀਤਾ। ਇਸ ਅਫ਼ਸਰ ਦੀ ਖ਼ੁਦਗਰਜ਼ੀ ਸਾਫ਼ ਜਾਹਰ ਕਰਦੀ ਹੈ ਕਿ ਇਹ ਲੋਕ ਆਮ ਜਨਤਾ ਦਾ ਕੀ ਸੁਆਰਨਗੇ ਜਿਹੜੇ ਸਾਡੇ ਨਾਲ ਹੀ ਅਜਿਹਾ ਸਲੂਕ ਕਰਦੇ ਹਨ। ਵਹੁਟੀਆਂ ਨੂੰ ਸਜਾ ਕੇ ਡਾਕ ਬੰਗਲਿਆਂ ਵਿਚ ਐਸ਼ਾਂ ਕਰਦੇ ਫਿਰਦੇ ਹਨ। ਨਾ ਆਲੇ ਦੁਆਲੇ ਵਿਚ ਦਿਲਚਸਪੀ ਤੇ ਨਾ ਲੋਕਾਂ ਨਾਲ ਪਿਆਰ। ਇਹੋ ਜਿਹੀ ਅਫ਼ਸਰ ਸ਼੍ਰੇਣੀ ਹੀ ਪਰਜਾ ਤੇ ਸਰਕਾਰ ਵਿਚ ਘਿਰਣਾ ਦਾ ਕਾਰਨ ਬਣਦੀ ਹੈ।

ਸਾਮਾਨ ਟਿਕਾ ਕੇ, ਤੇ ਆਪਣੇ ਸਾਥੀਆਂ ਨੂੰ ਕਮਰਿਆਂ ਵਿਚ ਆਰਾਮ ਕਰਦੇ ਛੱਡ ਕੇ ਮੈਂ ਬਾਹਰ ਆ ਗਿਆ। ਕੀ ਵੇਖਦਾ ਹਾਂ ਕਿ ਸੜਕ ਉਤੇ ਧੂੜ ਵਿਖਾਈ ਦੇਂਦੀ ਹੈ। ਏਨੇ ਚਿਰ ਨੂੰ ਇਕ ਸਟੇਸ਼ਨ ਵੈਗਨ ਆ ਪੁੱਜੀ, ਤੇ ਵਿਚੋਂ ਇਕ ਪੰਜਾਬ ਦਾ ਵੱਡਾ ਅਫ਼ਸਰ ਨਿਕਲਿਆ, ਜੋ ਮੇਰਾ ਜਾਣੂ ਹੀ ਸੀ। ਇਹ ਅਫ਼ਸਰ ਲੰਮਾ ਬਹੁਤ ਸੀ, ਪਰ ਚੌੜਾ ਥੋੜਾ। ਤਬੀਅਤ ਏਨੀ ਖੁਸ਼ਕ, ਕਿ ਵੇਖਦਿਆਂ ਸਾਰ ਹੀ ਭੁਖ ਮਾਰੀ ਜਾਂਦੀ। ਮੇਰੀ ਰੂਹ ਦੀ ਕਵਿਤਾ ਤਾਂ ਇਹਨੂੰ ਵੇਖਦਿਆਂ

ਸਾਰ ਹੀ ਉਡ ਗਈ। ਪਤਾ ਲਗਾ ਕਿ ਆਪ ਸਿਰਫ਼ ਚਾਹ ਪੀਣ ਖ਼ਾਤਰ ਹੀ ਅੱਧਾ ਘੰਟਾ ਠਹਿਰਣਗੇ ਤੇ ਰਾਤ ਦਾ ਮੁਕਾਮ ਦਰਿਆ ਦੇ ਪਾਰ ਭਰਵਾਈਂ ਦੇ ਬੰਗਲੇ ਵਿਚ ਕਰਨਗੇ। ਅਸੀਂ ਦੋਵੇਂ ਬਰਾਂਡੇ ਵਿਚ ਕੁਰਸੀਆਂ 'ਤੇ ਬੈਠ ਗਏ ਓਸ ਮੈਥੋਂ ਪੁਛਿਆ, "ਤੁਸੀਂ ਏਥੇ ਕੀ ਕਰਨ ਆਏ ਹੋ ?"

"ਛੁੱਟੀ ਲੈ ਕੇ ਕਾਂਗੜਾ ਚਿੱਤਰਾਂ ਦੀ ਖੋਜ ਵਿਚ ਆਇਆ ਹਾਂ। ਹੁਣੇ ਹੁਣੇ ਨਦੌਣ ਤੋਂ ਆਏ ਹਾਂ ਜਿਥੇ ਰਾਜਾ ਨਦੌਣ ਤੇ ਮੀਆਂ ਦੇਵੀ ਚੰਦ ਦੇ ਚਿੱਤਰ ਸੰਗ੍ਰਹਿ ਵੇਖੇ।"

"ਇਹ ਕਾਂਗੜਾ ਚਿੱਤਰ ਕੀ ਹਨ, ਜਿਨ੍ਹਾਂ ਦੀ ਖੋਜ ਵਿਚ ਤੁਸਾਂ ਏਨੀ ਤਕਲੀਫ਼ ਕੀਤੀ ਹੈ ? ਮੈਂ ਤੁਹਾਡੀ ਥਾਂ ਹੁੰਦਾ ਤਾਂ ਛੁਟੀ ਬੰਬਈ ਵਰਗੇ ਸ਼ਹਿਰ ਵਿਚ ਕਟਦਾ ਜਿਥੇ ਬੜੇ ਬੜੇ ਹੋਟਲ, ਥੀਏਟਰ, ਤੇ ਸਿਨੇਮਾ ਘਰ ਹਨ। ਏਥੇ ਉਜਾੜ 'ਚੋਂ ਕੀ ਲੈਣਾ ਸੀ ?"

ਮੈਂ ਅੰਦਰ ਗਿਆ ਤੇ ਆਪਣੀ ਕਾਂਗੜਾ ਦੀ ਕਿਤਾਬ ਚੁਕ ਲਿਆਇਆ, ਜਿਸ ਵਿਚ ਕਾਂਗੜਾ ਕਲਾ ਦੀਆਂ ਚਾਲ੍ਹੀ ਚੋਣਵੀਆਂ ਤਸਵੀਰਾਂ ਰੰਗਾਂ ਵਿਚ ਛਪੀਆਂ ਸਨ। ਕਲਾ ਪ੍ਰੇਮੀਆਂ ਵਿਚ ਇਸ ਪੁਸਤਕ ਦੀ ਬੜੀ ਪ੍ਰਸ਼ੰਸਾ ਹੋਈ ਸੀ। ਇਹ ਕਿਤਾਬ ਮੈਂ ਅਫ਼ਸਰ ਨੂੰ ਦਿਤੀ। ਓਸ ਹੱਥ ਵਿਚ ਲੈ ਕੇ ਜਲਦੀ ਜਲਦੀ ਇਉਂ ਵਰਕੇ ਪਲਟੇ, ਜਿਵੇਂ ਕੋਈ ਤਾਸ਼ ਦੇ ਪੱਤੇ ਉਲਟ ਰਿਹਾ ਹੋਵੇ। ਪੰਜਾਂ ਕੁ ਮਿੰਟਾ ਪਿਛੋਂ ਉਸ ਨੇ ਇਹ ਕਿਤਾਬ ਮੋੜ ਦਿਤੀ। ਇਹ ਕਿਤਾਬ ਮੇਰੀ ਪੰਜਾਂ ਸਾਲਾਂ ਦੀ ਖੋਜ ਤੇ ਮਿਹਨਤ ਦਾ ਸਿੱਟਾ ਸੀ, ਤੇ ਇਸ ਵਿਚ ਨਾਇਕਾ ਭੇਦ ਦੇ ਬਾਰਾਂ ਮਾਸਾਂ ਦੇ ਏਨੇ ਸੁਹਣੇ ਚਿੱਤਰ ਸਨ, ਜਿਨ੍ਹਾਂ ਨੂੰ ਲੱਭ ਕੇ ਮੈਂ ਬੜਾ ਆਨੰਦ ਪ੍ਰਾਪਤ ਕੀਤਾ ਸੀ। ਇਨ੍ਹਾਂ ਵਿਚੋਂ ਕੁਝ ਤਾਂ ਏਨੇ ਸੁੰਦਰ ਸਨ, ਕਿ ਉਨ੍ਹਾਂ ਦਾ ਖ਼ਿਆਲ ਕਰਦੇ ਹੋਏ, ਮੈਂ ਖ਼ੁਸ਼ੀ ਵਿਚ ਉਨੀਂਦੀਆਂ ਰਾਤਾਂ ਵੀ ਕਟੀਆਂ ਸਨ। ਇਹ ਚਿੱਤਰ ਬਾਰ ਬਾਰ ਮੇਰਿਆਂ ਸੁਫ਼ਨਿਆਂ ਵਿਚ ਆਉਂਦੇ ਤੇ ਮੈਨੂੰ ਬੜੀ ਖ਼ੁਸ਼ੀ ਦੇਂਦੇ। ਦੇਂਦੇ ਵੀ ਕਿਉਂ ਨਾ, ਬਣਾਉਣ ਵਾਲੇ ਕਲਾਕਾਰਾਂ ਨੇ ਆਪਣੇ ਦਿਲ ਦੇ ਸੱਚੇ ਜਜ਼ਬਿਆਂ ਤੇ ਉਬਾਲਾਂ ਨੂੰ ਇਨ੍ਹਾਂ ਵਿਚ ਉਲੀਕੀਆਂ ਹੈ। ਟਾਲਸਟਾਇ ਨੇ ਕਿਹਾ ਹੈ ਕਿ ਸੱਚੀ ਕਲਾ ਉਹ ਹੈ ਜੋ ਲਿਖਣ ਵਾਲੇ ਜਾਂ ਉਲੀਕਣ ਵਾਲੇ ਦਾ ਦਿਲੀ ਜਜ਼ਬਿਆਂ ਦਾ ਨਕਸ਼ਾ ਹੋਵੇ, ਤੇ ਉਹਨੂੰ ਵੇਖਣ ਵਾਲਾ ਉਨ੍ਹਾਂ ਨੇ ਜਜ਼ਬਿਆਂ ਨੂੰ ਮਹਿਸੂਸ ਕਰੇ ਜਿਨ੍ਹਾਂ ਨਾਲ ਕਲਾਕਾਰ ਨੇ ਉਨ੍ਹਾਂ ਨੂੰ ਉਲੀਕਿਆ ਹੈ। ਕਾਂਗੜਾ ਚਿੱਤਰ ਨੂੰ ਵੇਖ ਕੇ, ਅਸੀਂ ਇਸਤ੍ਰੀ ਦਾ ਪਿਆਰ ਭਰਿਆ ਦਿਲ, ਤੇ ਉਸ ਦੇ ਸਚੇ ਪ੍ਰੇਮ ਨੂੰ ਇੰਨ ਬਿੰਨ ਮਹਿਸੂਸ ਕਰਦੇ ਹਾਂ। ਕਾਂਗੜਾ ਕਲਾ ਠੀਕ ਹੀ ਸੱਚੀ ਤੇ ਮਹਾਨ ਕਲਾ ਹੈ।

ਪਰ ਕੀ ਗੱਲ ਹੈ ਜੋ ਇਨ੍ਹਾਂ ਚਿੱਤਰਾਂ ਨੇ ਮੇਰੇ ਦੋਸਤ ਉਤੇ ਜ਼ਰਾ ਵੀ ਅਸਰ ਨਾ ਕੀਤਾ। ਇਨ੍ਹਾਂ ਚਿੱਤਰਾਂ ਦਾ ਇਸ ਨੂੰ ਵਿਖਾਣਾ, ਏਵੇਂ ਹੀ ਹੋਇਆ ਜਿਵੇਂ ਮੱਝ ਦੇ ਸਾਹਮਣੇ ਬੀਨ ਦਾ ਸੰਗੀਤ। ਅਸਲੀ ਗੱਲ ਇਹ ਹੈ ਕਿ ਕਲਾ ਨੂੰ ਉਹ ਇਨਸਾਨ ਹੀ ਮਾਣ ਸਕਦਾ ਹੈ ਜਿਸ ਦਾ ਹਿਰਦਾ ਕੋਮਲ ਹੋਵੇ। ਇਕ ਮਹਾਨ ਚਿੱਤਰ ਰਾਗ ਹੈ, ਤੇ ਸਾਡੀ ਰੂਹ ਹੈ ਸਾਰੰਗੀ। ਜਦ ਸੁੰਦਰਤਾ ਤੇ ਰੂਹ ਦਾ ਮੇਲ ਹੋ ਜਾਂਦਾ ਹੈ ਤਾਂ ਸੰਗੀਤ ਨਿਕਲਦਾ ਹੈ। ਇਹ ਹੈ ਕਲਾ ਦੀ ਪਰਖ।

ਇਸ ਤੋਂ ਮੈਨੂੰ ਇਕ ਚੀਨ ਦੀ ਕਹਾਣੀ ਯਾਦ ਆਉਂਦੀ ਹੈ। ਲੁੰਗਮੈਨ ਦੀ ਵਾਦੀ ਵਿਚ ਇਕ ਬੜਾ ਭਾਰੀ ਬ੍ਰਿਛ ਸੀ, ਜੋ ਇੰਜ ਲੱਗਦਾ ਸੀ ਜਿਵੇਂ ਜੰਗਲ ਦਾ ਬਾਦਸ਼ਾਹ ਹੋਵੇ। ਉਹਦਾ ਸਿਰ ਤਾਰਿਆਂ ਨਾਲ ਗੱਲਾਂ ਕਰਦਾ ਸੀ, ਤੇ ਉਹਦੀਆਂ ਜੜ੍ਹਾਂ ਪਾਤਾਲ ਵਿਚ ਪੁਜੀਆਂ ਸਨ। ਇਸ ਬ੍ਰਿਛ ਨੂੰ ਕਟ ਕੇ ਇਕ ਜਾਦੂਗਰ ਨੇ ਹਾਰਪ (ਤੁਣਤੁਣੀ) ਬਣਾਇਆ, ਤੇ ਚੀਨ ਦੇ ਬਾਦਸ਼ਾਹ ਨੂੰ ਭੇਟ ਕੀਤਾ। ਜਾਦੂਗਰ ਨੇ ਕਿਹਾ ਕਿ ਇਸ ਹਾਰਪ ਨੂੰ ਉਹੀ ਵਜਾ ਸਕਦਾ ਹੈ, ਜੋ ਸਭ ਤੋਂ ਵੱਡਾ ਸੰਗੀਤਕਾਰ ਹੋਵੇ। ਬੜੇ ਬੜੇ ਰਾਗੀ ਤੇ ਵਜੰਤਰੀ ਆਏ, ਪਰ ਹਾਰਪ ਵਿਚੋਂ ਕੁਰੱਖਤ ਧੁਨਾਂ ਹੀ ਨਿਕਲਣ। ਜਦ ਸਭ ਹਾਰ ਚੁਕੇ ਤਾਂ ਪੀਵ, ਜੋ ਸਭ ਤੋਂ ਵੱਡਾ ਸੰਗੀਤਕਾਰ ਆਇਆ। ਉਸ ਹਾਰਪ ਨੂੰ ਬੜੇ ਪਿਆਰ ਤੇ ਸਨਮਾਨ ਨਾਲ ਚੁਕਿਆ ਤੇ ਇਸ ਤਰ੍ਹਾਂ ਪਿਆਰ ਕੀਤਾ ਜਿਵੇਂ ਕੋਈ ਸ਼ਾਹ-ਸਵਾਰ ਇੱਕ ਜੰਗਲੀ ਘੋੜੇ ਨੂੰ ਪੁਚਕਾਰਦਾ ਹੈ। ਉਸ ਨੇ ਮੌਸਮ ਤੇ ਉਚੇ ਪਹਾੜਾਂ 'ਤੇ ਵਗਦੇ ਪਾਣੀਆਂ ਤੇ ਗੀਤ ਗਾਏ ਗਏ ਤੇ ਬ੍ਰਿਛ ਨੂੰ ਪੁਰਾਣੀਆਂ ਯਾਦਾਂ ਚੇਤੇ ਆ ਗਈਆਂ। ਹਾਰਪ ਦੀ ਧੁਨ ਏਨੀ ਸੁਰੀਲੀ ਸੀ ਕਿ ਵੇਖਦਿਆਂ ਵੇਖਦਿਆਂ ਮੌਸਮ ਨੇ ਕਈ ਰੰਗ ਬੱਦਲੇ। ਇਕ ਵਾਰੀ ਫੇਰ ਪੁਰੇ ਦੀ ਵਾ ਬ੍ਰਿਛ ਦੀਆਂ ਟਾਹਣੀਆਂ ਵਿਚ ਵੀ ਵਗ ਪਈ। ਪਾਣੀ ਦੇ ਝਰਨੇ, ਫੁਲਾਂ ਤੇ ਕਲੀਆਂ ਨਾਲ ਗੱਲਾਂ ਕਰਨ ਲੱਗ ਪਏ। ਫੇਰ ਬਰਸਾਤ ਦੀ ਧੀਮੀ ਆਵਾਜ਼ ਆਈ ਤੇ ਨਾਲ ਹੀ ਬੱਡਿਆਂ ਦਾ ਰਾਗ, ਕੋਇਲ ਦਾ ਅਲਾਪ, ਤੇ ਮੀਂਹ ਦੀ ਕਿਣ ਮਿਣ। ਸੁਣੋ! ਹੁਣ ਸ਼ੇਰ ਦੀ ਗਰਜ ਆਈ, ਜਿਹੜੀ ਪਹਾੜਾਂ ਵਿਚ ਗੂੰਜੀ। ਫੇਰ ਪੱਤਝੜ ਦਾ ਮੌਸਮ ਆਇਆ ਤੇ ਚੰਨ ਰੁੰਡ ਮੁੰਡ ਹੋਏ ਦਰੱਖਤਾਂ ਦੇ ਵਿਚੋਂ ਝਾਕਿਆ। ਫੇਰ ਸਿਆਲ ਆਇਆ ਤੇ ਖੰਭ ਮਾਰਦੀਆਂ ਕੂੰਜਾਂ ਦੀ ਆਵਾਜ਼ ਆਈ, ਤੇ ਗੜੇ ਗੜ ਗੜ ਕਰਦੇ ਗੋਲੀਆਂ ਵਾਂਗ ਦਰੱਖਤ ਦੇ ਟਾਹਣਿਆਂ ਉਤੇ ਵੱਜੇ।

ਪੀਵੂ ਨੇ ਫੇਰ ਸੁਰ ਬਦਲੀ, ਤੇ ਪਿਆਰ ਦਾ ਗੀਤ ਗਾਇਆ ਤੇ ਬ੍ਰਿਛ ਖ਼ੁਸ਼ੀ ਨਾਲ ਝੂਮਿਆ। ਉਪਰੋਂ ਦੀ ਇਕ ਚਮਕਦੀ ਹੋਈ ਬਦਲੀ ਲੰਘੀ, ਜਿਵੇਂ ਆਪਣੇ ਹੁਸਨ ਦੇ ਘੁਮੰਡ ਵਿਚ ਇਕ ਯੁਵਤੀ ਝੂੰਮਦੀ ਝਾਮਦੀ ਜਾ ਰਹੀ ਹੋਵੇ। ਬਦਲੀ ਨੇ ਪਹਾੜ ਉਤੇ ਲੰਮਾ ਕਾਲਾ

ਜਿਹਾ ਪਰਛਾਵਾਂ ਸੁਟਿਆ, ਤੇ ਪੀਵੂ ਨੇ ਫੇਰ ਰਾਗ ਬਦਲਿਆ। ਹੁਣ ਉਸ ਨੇ ਯੁੱਧ ਦੀ ਵਾਰ ਗਾਈ, ਤਾਂ ਘੋੜਿਆਂ ਨੇ ਫੇਰ ਰਾਗ ਬਦਲਿਆ। ਹੁਣ ਉਸ ਨੇ ਯੁੱਧ ਦੀ ਵਾਰ ਗਾਈ, ਤਾਂ ਘੋੜਿਆਂ ਦਿਆਂ ਪੌੜਾਂ ਦੀ ਆਵਾਜ਼ ਆਈ, ਤੇ ਤਲਵਾਰਾਂ ਨੇਜ਼ਿਆਂ ਦੀ ਕਾੜ ਕਾੜ ਸੁਣੀ। ਪਹਾੜ ਵਿਚ ਬਿਜਲੀ ਜ਼ੋਰ ਨਾਲ ਕੜਕੀ, ਤੇ ਬਰਫ਼ ਦਾ ਪਹਾੜ ਸਰਕਿਆ। ਸਹਿਨਸ਼ਾਹ ਨੇ ਪੀਵ ਤੋਂ ਉਸ ਦੀ ਕਾਮਯਾਬੀ ਦਾ ਰਾਜ ਪੁਛਿਆ। ਇਹੀ ਕਿਹਾ, “ਜਹਾਂ ਪਨਾਹ, ਬਾਕੀ ਸੰਗੀਤਕਾਰ ਇਸ ਕਰਕੇ ਫੇਲ ਹੋਏ ਕਿਉਂਕਿ ਉਹ ਆਪਣਾ ਰਾਗ ਅਲਾਪਦੇ ਸਨ। ਮੈਂ ਮਸਤੀ ਵਿਚ ਸੀ, ਮੈਂ ਪਾਰਪ ਨੂੰ ਆਪਣਾ ਰਾਗ ਹੀ ਚੁਣਮ ਦੀ ਖੁਲ੍ਹ ਦਿੱਤੀ, ਤੇ ਮੈਨੂੰ ਨਹੀਂ ਪਤਾ ਕਿ ਪੀਵ ਪਾਰਪ ਹੈ ਕਿ ਹਾਰਪ ਪੀਵੂ।”

ਸੱਚੀ ਤੇ ਉੱਚੀ ਕਲਾ ਪੀਵੂ ਹੈ, ਤੇ ਅਸੀਂ ਹਾਂ ਲੁੰਗਮਿਨ ਦਾ ਹਾਰਪ। ਜਤ ਸੁੰਦਰਤਾ ਦਾ ਜਾਦੂ ਸਾਡੇ ਦਿਲ ਦੀਆਂ ਛੁਪੀਆਂ ਤਾਰਾਂ ਨੂੰ ਛੋਂਹਦਾ ਹੈ ਤਾਂ ਸਾਡੀ ਰੂਹ ਖ਼ੁਸ਼ੀ ਵਿਚ ਸਾਰੰਗੀ ਵਾਂਗ ਸੰਗੀਤ ਕਢਦੀ ਹੈ ਤੇ ਅਸੀਂ ਪ੍ਰਸੰਨਤਾ ਤੇ ਖ਼ੁਸ਼ੀ ਨਾਲ ਦਸਵੇਂ ਦੁਆਰ ਪੁਜ ਜਾਂਦੇ ਹਾਂ। ਮਨ, ਮਨ ਦੇ ਨਾਲ ਗੱਲਾਂ ਕਰਦਾ ਹੈ, ਤੇ ਦਿਲ, ਦਿਲ ਦੇ ਨਾਲ ਮਿਲਦਾ ਹੈ। ਭੁਲੀਆਂ ਹੋਈਆਂ ਯਾਦਾਂ ਫਿਰ ਤਾਜ਼ੀਆਂ ਹੋ ਜਾਂਦੀਆਂ ਹਨ, ਉਮੇਦਾਂ ਤੇ ਉਮੰਗਾਂ ਉਭਰ ਪੈਂਦੀਆਂ ਹਨ। ਸਾਡਾ ਮਨ ਉਹ ਕਾਗਜ਼ ਹੈ ਜਿਸ ਉਪਰ ਕਲਾਕਾਰ ਆਪਣੇ ਰੰਗ ਲਾਉਂਦਾ ਹੈ ਤੇ ਉਹਦੇ ਰੰਗ ਹਨ ਸਾਡੀਆਂ ਉਮੰਗਾ ਤੇ ਵਲਵਲੇ। ਇਸ ਤਰ੍ਹਾਂ ਇਕ ਮਹਾਨ ਚਿੱਤਰ ਸਾਡਾ ਆਪਣਾ ਆਪ ਹੈ, ਜਿਵੇਂ ਅਸੀਂ ਇਸ ਦਾ ਇਕ ਅੰਗ ਹੋਈਏ।

ਇਕ ਮਹਾਨ ਚਿੱਤਰ ਨੂੰ ਸਮਝਣਾ ਹੋਵੇ ਤਾਂ ਉਸੇ ਭਾਵ ਨਾਲ ਵੇਖਣਾ ਚਾਹੀਦਾ ਹੈ, ਜਿਵੇਂ ਅਸੀਂ ਇਕ ਮਹਾਂਪੁਰਸ਼ ਨੂੰ ਮਿਲਦੇ ਹਾਂ। ਸਾਡੇ ਦਿਲ ਵਿਚ ਪਿਆਰ ਤੇ ਨਿੰਮ੍ਰਤਾ ਹੋਣੀ ਚਾਹੀਦੀ ਹੈ। ਕਾਂਗੜਾ ਕਲਾ ਦੇ ਚਿੱਤਰ ਤਾਂ ਖ਼ਾਸ ਤੌਰ 'ਤੇ ਇਕ ਸ਼ਰਮੀਲੀ ਸੁੰਦਰੀ ਵਾਂਗ ਹਨ, ਜੋ ਸਮਝ ਸ਼ਰਾਫ਼ਤ, ਤੇ ਪਿਆਰ ਦੇ ਜਜ਼ਬੇ ਨਾਲ ਇਨ੍ਹਾਂ ਵੱਲ ਤਕੋ, ਤੇ ਇਹ ਬਹੁਤ ਖ਼ੁਸ਼ੀ ਦਿੰਦੇ ਹਨ। ਅਸਲ ਵਿਚ ਚਿੱਤਰ ਦੀ ਨਿਸ਼ਾਨੀ ਇਹ ਹੈ ਕਿ ਚੰਗੀ ਇਸਤ੍ਰੀ ਵਾਂਗ ਅਸੀਂ ਦਿਨ ਪਰ ਦਿਨ ਇਸ ਦੀ ਵੱਧ ਤੋਂ ਵੱਧ ਕਦਰ ਕਰਦੇ ਹਾਂ, ਤੇ ਇਸ ਨੂੰ ਵੇਖਦੇ ਅਕਦੇ ਨਹੀਂ। ਏਸੇ ਤਰ੍ਹਾਂ ਕਾਂਗੜਾ ਚਿੱਤਰਾਂ ਨੂੰ ਬਾਰ ਬਾਰ ਵੇਖਣ ਨੂੰ ਜੀ ਕਰਦਾ ਹੈ, ਤੇ ਜਦ ਵੇਖੋ ਨਵੀਂ ਛੁਪੀ ਹੋਈ ਸੁੰਦਰਤਾ ਹੀ ਇਨ੍ਹਾਂ ਵਿਚ ਲੱਭਦੀ ਹੈ।

ਕਾਂਗੜਾ ਚਿੱਤਰਾਂ ਦੀ ਸੁੰਦਰਤਾ ਬਾਰੇ ਅਫ਼ਸਰ ਦੀ ਬੇਸਮਝੀ ਵੱਲ ਬਹੁਤਾ ਧਿਆਨ ਨਾ ਦੇਂਦਾ ਹੋਇਆ ਮੈਂ ਦਰਿਆ ਦੇ ਢਾਹੇ ਉਤੇ ਉਗੇ ਹਰੇ ਘਾਹ 'ਤੇ ਜਾ ਬੈਠਾ। ਸੰਝ ਦਾ ਵੇਲਾ ਹੋ ਗਿਆ ਸੀ ਤੇ ਨਿੰਮ੍ਹੀ ਨਿੰਮੀ ਪੌਣ ਰੁਮਕ ਰਹੀ ਸੀ।

ਮੈਂ ਦਰਿਆ ਦੇ ਢਾਹੇ 'ਤੇ ਘਾਹ ਉਤੇ ਬੈਠਾ ਸੂਰਜ ਦੇ ਲਟ ਲਟ ਕਰਦੇ ਜੋਬਨ ਨੂੰ ਮਾਣ ਰਿਹਾ ਸੀ। ਵੇਖਦਿਆਂ ਵੇਖਦਿਆਂ ਹੀ ਹਨੇਰੇ ਨੇ ਪਹਾੜਾਂ ਨੂੰ ਆਪਣੀ ਕਾਲੀ ਬੁੱਕਲ ਵਿਚ ਲਪੇਟ ਲਿਆ, ਤੇ ਚਾਰੇ ਪਾਸੇ ਚੁੱਪ ਦਾ ਰਾਜ ਹੋ ਗਿਆ। ਹੌਲੀ ਹੌਲੀ ਪਹਾੜਾਂ ਦੀ ਧਾਰ ਦੇ ਪਿਛੋਂ ਲੋਅ ਹੋਈ, ਤੇ ਇਕ ਉਚੀ ਟੀਸੀ 'ਤੇ ਚੰਦ ਦੀ ਫਾੜੀ ਦਿੱਸੀ। ਅਸਮਾਨ ਤਾਰਿਆਂ ਨਾਲ ਭਰਿਆ ਹੋਇਆ ਸੀ, ਤੇ ਤਾਰਿਆਂ ਵਿਚ ਚੰਨ ਇੰਜ ਲਗੇ ਜਿਵੇਂ ਗੋਪੀਆਂ ਵਿਚ ਕਾਨ੍ਹ।

ਇਕ ਪਾਸਿਓਂ ਵੰਝਲੀ ਦੀ ਆਵਾਜ਼ ਆਈ। ਏਨੀ ਮਨਮੋਹਣੀ ਕਿ ਦਿਲ ਦੀਆਂ ਤੈਹਾਂ ਤਕ ਪੁੱਜ ਗਈ। ਟਿਕੀ ਹੋਈ ਰਾਤ ਤੇ ਪਹਾੜਾਂ ਦੀ ਸ਼ਾਂਤ ਵਿਚ ਕਿੰਨੀ ਪਿਆਰੀ ਲੱਗਦੀ ਹੈ ਵੰਝਲੀ ਦੀ ਆਵਾਜ਼ ? ਇਹਦੇ ਵਿਚ ਜ਼ਰੂਰ ਕੋਈ ਜਾਦੂ ਹੈ। ਜੇ ਜਾਦੂ ਨਾ ਹੁੰਦਾ ਤਾਂ ਇਸ ਨੂੰ ਸੁਣ ਕੇ ਗੋਪੀਆਂ ਦੀ ਸੁਧ ਬੁਧ ਕਿਉਂ ਭੁੱਲ ਜਾਂਦੀ ? ਇਹ ਹੈ ਰੱਬ ਦੀ ਆਵਾਜ਼, ਜਿਸ ਨੂੰ ਸੁਣ ਕੇ ਉਹਦੇ ਬੰਦੇ ਉਸ ਲੁਕੀ ਹੋਈ ਤਾਕਤ ਦਾ ਅਨੁਭਵ ਕਰਦੇ ਹਨ। ਜੋ ਸਰਬ ਵਿਆਪਕ ਹੈ ਤੇ ਜਲਾਂ, ਥਲਾਂ, ਜੰਗਲਾਂ, ਪਹਾੜਾਂ ਤੇ ਬਨਸਪਤੀ ਵਿਚ ਰਵ ਰਹੀ ਹੈ। ਵੰਝਲੀ ਦੀ ਧੁਨ ਨੇ ਖ਼ੂਬ ਸਮਾਂ ਬੰਨ੍ਹਿਆ। ਹੁਣ ਵੀ ਜਦ ਮੈਂ ਡੇਹਰਾ ਗੋਪੀਪੁਰ ਦਾ ਖ਼ਿਆਲ ਕਰਦਾ ਹਾਂ, ਤਾਂ ਦਰਿਆ ਦੀਆਂ ਲਹਿਰਾਂ ਜਿਹੜੀਆਂ ਚੰਨ ਦੀ ਚਾਨਣੀ ਵਿਚ ਝਿਲਮਿਲ ਕਰ ਰਹੀਆਂ ਸਨ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੀਆਂ ਹਨ, ਤੇ ਕੰਨਾਂ ਵਿਚ ਸੁਣਾਈ ਦਿੰਦੀ ਹੈ ਵੰਝਲੀ ਦੀ ਜਾਦੂ ਭਰੀ ਆਵਾਜ਼। ਵੰਝਲੀ ਦੀ ਇਸ ਸੁਰੀਲੀ ਆਵਾਜ਼ ਨੂੰ ਮਾਣਦਾ ਮੈਂ ਬੰਗਲੇ ਵਿਚ ਆ ਕੇ ਖਾਣਾ ਖਾ ਕੇ ਚਾਰਪਾਈ 'ਤੇ ਲੇਟ ਗਿਆ। ਵੰਝਲੀ ਦੀ ਆਵਾਜ਼ ਮੈਨੂੰ ਹਾਲੀਂ ਵੀ ਸੁਣਾਈ ਦੇ ਰਹੀ ਸੀ, ਤੇ ਇਹਨੂੰ ਸੁਣਦਿਆਂ ਮੈਂ ਝਟ ਹੀ ਗੂੜ੍ਹੀ ਨੀਂਦ ਸੌਂ ਗਿਆ।

# ਬੈਜਨਾਥ ਦੀ ਸੈਰ

ਬਾਜ਼ਾਰ ਵਿਚੋਂ ਲੰਘਦੇ, ਸੂਦਾਂ ਦੀਆਂ ਹੱਟੀਆਂ ਤੱਕਦੇ, ਅਸੀਂ ਅੰਦਰੇਟੇ ਤੋਂ ਨਿਕਲ ਕੇ ਇਕ ਬੰਝ (ਓਕ) ਦੇ ਜੰਗਲ ਵਿਚ ਪੈ ਜਾਂਦੇ ਹਾਂ ਇਸ ਤੋਂ ਬਾਅਦ ਇਕ 'ਕਲ ਕਲ' ਕਰਦੀ ਨਦੀ ਆਉਂਦੀ ਹੈ।

ਇਸ ਨਦੀ ਦੇ ਕੰਢੇ 'ਤੇ ਸ਼ਿਵ ਜੀ ਮਹਾਰਾਜ ਦਾ ਮੰਦਰ ਹੈ। ਇਥੋਂ ਲੰਘ ਕੇ ਤਰੇਹਲ ਪੁਜ ਜਾਂਦੇ ਹਾਂ। ਇਸ ਪਿੰਡ ਵਿਚ ਧਾਨ ਛੜਨ ਦੀਆਂ ਪਨਚਕੀਆਂ ਲੱਗੀਆਂ ਹੋਈਆ ਹਨ। ਤੁਨ ਦੇ ਦਰੱਖ਼ਤਾਂ, ਜਿਨ੍ਹਾਂ ਦੇ ਪੱਤੇ ਤਾਂਬੇ ਵਰਗੇ ਲਿਸ਼ਕਦੇ ਹਨ, ਅਤੇ ਅੰਦਾਜ਼ ਬਾਂਸਾ ਤੇ ਕੇਲਿਆਂ ਦੇ ਝੁੰਡ ਇਸ ਪਿੰਡ ਨੂੰ ਇਕ ਨਵੇਕਲੀ ਸੁੰਦਰਤਾ ਬਖ਼ਸ਼ਦੇ ਹਨ।

ਕਾਂਗੜੇ ਦੀ ਵਾਦੀ ਦੀ ਇਕ ਸੁੰਦਰਤਾ ਇਹ ਹੀ ਹੈ ਕਿ ਇਥੋਂ ਦੇ ਦਰੱਖ਼ਤ ਤੇ ਝਾੜੀਆਂ ਕਾਂਗੜੇ ਦੀ ਕਲਾ ਵਾਂਗ ਉਲਟ ਵਸਤੂਆਂ ਦਾ ਮੇਲ ਦਰਸਾਂਦੀਆਂ ਹਨ। ਜਿਵੇਂ ਕਾਂਗੜਾ ਕਲਾ ਵਿਚ ਮੁਗਲ ਤੇ ਹਿੰਦੂ ਅੰਸ਼ਾਂ ਦਾ ਮੇਲ ਹੈ ਉਸੇ ਤਰ੍ਹਾਂ ਕਾਗੜੇ ਦੀ ਬਨਸਪਤੀ ਵਿਚ ਗਰਮ ਤੇ ਠੰਢੇ ਦੇਸ਼ਾ ਦੀ ਬਨਸਪਤੀ ਦਾ ਮੇਲ ਹੈ ਤੇ ਇੰਜ ਮਾਲੂਮ ਹੁੰਦਾ ਹੈ ਜਿਵੇਂ ਯੂਰਪ ਤੇ ਏਸ਼ੀਆ ਦਾ ਮੇਲ ਹੋ ਰਿਹਾ ਹੋਵੇ। ਇਥੇ ਦੋਹਾਂ ਤਰ੍ਹਾਂ ਦੇ ਦਰੱਖ਼ਤ ਮਿਲਦੇ ਹਨ—ਉਹ ਦਰੱਖ਼ਤ ਜਿਹੜੇ ਜਿਆਦਾ ਗਰਮ ਦੇਸ਼ਾਂ ਵਿਚ ਹੁੰਦੇ ਹਨ ਤੇ ਉਹ ਦਰੱਖ਼ਤ ਜਿਹੜੇ ਸਰਦ ਦੇਸ਼ਾਂ ਵਿਚ। ਇਥੇ ਬਾਂਸ਼, ਪਿੱਪਲ ਤੇ ਅੰਬ ਦੇ ਦਰੱਖ਼ਤ ਅਤੇ ਓਕ, ਚੈਰੀ ਤੇ ਜੰਗਲੀ ਗੁਲਾਬ ਨਾਲ ਨਾਲ ਉੱਗੇ ਹੋਏ ਹਨ। ਆਵਾ ਤੇ ਪੁੰਨ ਨਾ ਦੀਆ ਖੱਡਾ ਦੇ ਕੰਢਿਆਂ 'ਤੇ ਸਿੰਬਲ ਦੇ ਦਰੱਖ਼ਤ ਹਨ, ਜਿਨ੍ਹਾਂ ਨੂੰ ਲਾਲ ਫੁੱਲ ਪੈਂਦੇ ਹਨ। ਇਨ੍ਹਾਂ ਸਿੰਬਲ ਦੇ ਦਰੱਖ਼ਤਾ ਦੇ ਮੁੱਢਾਂ ਉਤੇ ਵਡੇ ਵਡੇ ਪੜਾਅ ਤੇ ਬੜੇ ਬਣੇ ਹੋਏ ਹਨ। ਇਨ੍ਹਾਂ ਤਾੜਾ ਵਿਚੋਂ, ਜਿਨ੍ਹਾਂ ਨੂੰ ਦੇਵਤੇ ਕਰ ਕੇ ਪੂਜਿਆ ਜਾਂਦਾ ਹੈ, ਕਈ ਸੰਧੂਰ ਨਾਲ ਰੰਗੀਆਂ ਹੁੰਦੀਆਂ ਹਨ।

ਖੱਡ ਤੋਂ ਪਾਰ ਅਸੀਂ ਪਪਰੋਲੇ ਜਾ ਨਿਕਲਦੇ ਹਾਂ। ਇਹ ਪਿੰਡ ਸੜਕ ਦੇ ਕੰਢੇ ਉਤੇ ਹੈ। ਇਹਦੇ ਬਾਜ਼ਾਰ ਵਿਚ ਬੜੀ ਗਹਿਮਾ ਗਹਿਮ ਹੁੰਦੀ ਹੈ ਤੇ ਅਸੀਂ ਰੱਜ ਤੇ ਪਹਾੜੀ ਰਹਿਣੀ-ਬਹਿਣੀ ਦੀ ਤਸਵੀਰ ਤੱਕ ਸਕਦੇ ਹਾਂ। ਹੁਣ ਇਥੇ ਬਿਜਲੀ ਵੀ ਪੁੱਜ ਚੁੱਕੀ ਹੈ।

ਪਪਰੋਲੇ ਤੋਂ ਬੈਜਨਾਥ ਤੱਕ ਇਕ ਚੜ੍ਹਾਈ ਹੈ। ਰਸਤੇ ਵਿਚ ਬਿੰਨੂੰ ਖੱਡ ਆਉਂਦੀ ਹੈ। ਏਸ ਖੱਡ ਨੂੰ ਪੁਰਾਣੇ ਆਰੀਆਂ ਬਿੰਦੂਕਾ ਦੇ ਨਾਂ ਨਾਲ ਪੁਕਾਰਦੇ ਸਨ। ਬਿੰਨੂੰ ਤੋਂ ਬੈਜਨਾਥ ਤੱਕ ਤਿੱਖੀ ਚੜ੍ਹਾਈ ਹੈ।

ਬੈਜਨਾਧ ਦੇ ਬਾਹਰਬਾਰ ਪੁਰਾਣੇ ਮੰਦਰਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਹੁਣ ਅਸੀਂ ਇਕ ਪ੍ਰਾਚੀਨ ਕਸਬੇ ਵਿਚ ਕਦਮ ਰੱਖ ਰਹੇ ਹਾਂ। ਖੱਬੇ ਹੱਥ ਇਥੋਂ ਦਾ ਡਾਕ ਬੰਗਲਾ ਹੈ, ਜਿਸ ਤੋਂ ਬਿੰਨੂੰ ਖੱਡ ਦਾ ਦ੍ਰਿਸ਼ ਵਿਖਾਈ ਦਿੰਦਾ ਹੈ। ਇਸ ਥਾਂ ਹਰ ਵੇਲੇ ਠੰਡੀ ਤੇ ਤੇਜ਼ ਹਵਾ ਵਗਦੀ ਰਹਿੰਦੀ ਹੈ। ਜਿਸ ਥਾਂ ਡਾਕ ਬੰਗਲਾ ਬਣਿਆ ਹੋਇਆ ਹੈ, ਇਸੇ ਥਾਂ ਕਦੀ ਬੈਜਨਾਧ ਦੇ ਰਾਣੇ ਦਾ ਕਿਲਾ ਸੀ। ਇਹ ਜਾਗੀਰਦਾਰ ਤ੍ਰਿਗਰਤ ਦੇ ਰਾਜੇ ਦੀ ਈਨ ਮੰਨਦਾ ਸੀ। ਕੋਈ ਸੌ ਕੁ ਸਾਲ ਹੋਏ, ਇਸ ਕਸਬੇ ਵਿਚ ਮਹਿਲ, ਮੰਦਰ ਦੇ ਤਲਾਅ ਸਨ, ਉਨ੍ਹਾਂ ਦੇ ਨਿਸ਼ਾਨ ਅਜੇ ਵੀ ਮਿਲਦੇ ਹਨ। ਤਾਂਬੇ ਦੇ ਨਿੱਕੇ ਨਿੱਕੇ ਪੈਸੇ ਕਈ ਵਾਰ ਦੱਬੇ ਹੋਏ ਲੱਭਦੇ ਹਨ।

ਬੈਜਨਾਥ ਦਾ ਪਾਣੀ ਬੜਾ ਹਾਜ਼ਮੇ ਵਾਲਾ ਹੈ ਤੇ ਕਿਹਾ ਜਾਂਦਾ ਹੈ ਕਿ ਮਹਾਰਾਜ ਸੰਸਾਰ ਚੰਦ ਆਪਣੇ ਪੀਣ ਲਈ ਇਥੋਂ ਹੀ ਪਾਣੀ ਮੰਗਵਾਇਆ ਕਰਦਾ ਸੀ।

ਸ਼ਹਿਰ ਦੇ ਬਾਹਰ ਇਕ ਖੁਲ੍ਹੇ ਮੈਦਾਨ 'ਚ ਅਸੀਂ ਇਕ ਅਜੀਬ ਨਜ਼ਾਰਾ ਡਿੱਠਾ। ਕੁਝ ਨੌਜਵਾਨ ਕੁੜੀਆਂ ਰੋਂਦੀਆਂ ਧੋਂਦੀਆਂ ਦਰਿਆ ਵੱਲ ਜਾ ਰਹੀਆਂ ਸਨ ਤੇ ਕਈ ਨੌਜਵਾਨ ਮੁੰਡੇ ਦਰਿਆ ਦੇ ਕੰਢੇ ਖਲੋਤੇ ਤਮਾਸ਼ਾ ਵੇਖ ਰਹੇ ਸਨ। ਅਖ਼ੀਰ ਕੁੜੀਆਂ ਨੇ ਦਰਿਆ ਵਿਚ ਕੁਝ ਮੂਰਤੀਆਂ ਸੁਟੀਆਂ ਤੇ ਜਿਵੇਂ ਉਨ੍ਹਾਂ ਨੂੰ ਬਹੁਤ ਦੁਖ ਹੋ ਰਿਹਾ ਹੋਵੇ, ਸਭ ਦੀਆਂ ਸਭ ਕੀਰਨੇ ਪਾਉਣ ਲੱਗ ਪਈਆਂ। ਦਰਿਆ ਦੇ ਕੰਢੇ ਖਲੋਤੇ ਮੁੰਡੇ ਇਹ ਵੇਖ ਕੇ ਉੱਚਾ ਉੱਚਾ ਹੱਸਣ ਲੱਗ ਪਏ। ਅਸੀਂ ਇਸ ਅਜੀਬ ਮੇਲੇ ਦਾ ਮੁੱਢ ਪੁਛਣ ਦੀ ਕੋਸ਼ਿਸ਼ ਕੀਤੀ ਤੇ ਸਾਨੂੰ ਪਤਾ ਲੱਗਾ ਕਿ ਇਹ ਮੇਲਾ ਔਰਤਾਂ ਦੀ ਦੁਨੀਆਂ ਵਿਚ ਇਸ ਸੱਧਰ ਤੋਂ ਪੈਦਾ ਹੋਇਆ ਕਿ ਉਨ੍ਹਾਂ ਨੂੰ ਚੰਗੇ ਵਰ ਮਿਲਣ।

ਦੁਨੀਆਂ ਭਰ ਵਿਚ ਔਰਤਾਂ ਚੰਗੇ ਪਤੀਆਂ ਲਈ ਯਾਚਨਾ ਕਰਦੀਆਂ ਹਨ ਤੇ ਕਾਂਗੜਾਂ ਵਾਦੀ ਦੀਆਂ ਯੁਵਤੀਆਂ ਦੀ ਇਹ ਖ਼ਾਹਿਸ਼ ਰਲੀ ਦੀ ਪੂਜਾ ਵਿਚ ਬਿਆਨ ਲੈਂਦੀ ਹੈ।

ਫੱਗਣ ਦੇ ਆਖ਼ਰੀ ਦਿਨ ਕੁੜੀਆਂ ਇਕ ਕੌਡੀ ਨੂੰ ਘਰ ਵਿਚ ਦਬਾ ਦਿੰਦੀਆਂ ਹਨ ਤੇ ਅਗਲੇ ਦਿਨ ਤੋਂ ਇਸ ਥਾਂ ਨੂੰ ਪੂਜਣ ਲੱਗ ਪੈਂਦੀਆਂ ਹਨ। ਕੋਈ ਪੰਦਰਾਂ ਦਿਨ ਸਵੇਰੇ ਸ਼ਾਮ ਕੁੜੀਆਂ ਇਥੋਂ ਇਕੱਠੀਆਂ ਹੋ ਕੇ ਪੂਜਾ ਕਰਦੀਆਂ ਰਹਿੰਦੀਆਂ ਹਨ। ਫਿਰ ਪਹਿਲੀ ਵਿਸਾਖ ਨੂੰ ਰਲੀ ਦਾ ਸ਼ੰਕਰ ਨਾਲ ਵਿਆਹ ਹੋ ਜਾਂਦਾ ਹੈ। ਅੱਧੀਆਂ ਕੁੜੀਆਂ ਸ਼ੰਕਰ ਵਲ ਤੇ ਅਧੀਆਂ ਰਲੀ ਵਲ ਹੋ ਜਾਂਦੀਆਂ ਹਨ। ਰਲੀ ਤੇ ਸ਼ੰਕਰ ਦੀਆਂ ਮੂਰਤੀਆਂ ਨੂੰ ਵਿਆਂਹਦੜ ਕੁੜੀ ਮੁੰਡੇ ਵਾਂਗ ਵਟਣਾ ਮਲਿਆ ਜਾਂਦਾ ਹੈ। ਫਿਰ ਇਕ ਬ੍ਰਾਹਮਣ ਹਵਨ ਕਰਦਾ ਹੈ ਤੇ ਕੁੜੀਆਂ ਸ਼ੰਕਰ ਤੇ ਰਲੀ ਦੀਆਂ ਮੂਰਤੀਆਂ ਤੇ ਸਿਰਾਂ ਵਿਚ ਸਰ੍ਹੋਂ ਦਾ ਤੇਲ ਪਾਂਦੀਆਂ ਹਨ। ਸ਼ੰਗਰ ਨੂੰ ਲਾੜਿਆਂ

ਵਾਂਗ ਲਾਲ ਕਪੜੇ ਪੁਆਏ ਜਾਂਦੇ ਹਨ ਤੇ ਫਿਰ ਦੋਹਾਂ ਨੂੰ ਇਕ ਪਾਲਕੀ ਵਿਚ ਪਾ ਕੇ ਦਰਿਆ ਵਲ ਲਿਜਾਇਆ ਜਾਂਦਾ ਹੈ, ਤੇ ਫਿਰ ਇਨ੍ਹਾਂ ਨੂੰ ਦਰਿਆ ਵਿਚ ਰੋੜ੍ਹ ਦਿਤਾ ਜਾਂਦਾ ਹੈ।

ਇਸ ਅਜੀਬ ਪਰ ਖ਼ੂਬਸੂਰਤ ਰਿਵਾਜ ਦੀਆਂ ਜੜ੍ਹਾਂ ਇਤਿਹਾਸ ਵਿਚ ਹਨ। ਕਿਹਾ ਜਾਂਦਾ ਹੈ ਕਿ ਇਕ ਵਾਰ ਇਕ ਬ੍ਰਾਹਮਣ ਨੇ ਆਪਣੀ ਭਰ ਜਵਾਨ ਧੀ ਰਲੀ ਨੂੰ ਸ਼ੰਕਰ ਨਾਂ ਦੇ ਇਕ ਨਿਆਣੇ ਮੁੰਡੇ ਨਾਲ ਵਿਆਹ ਦਿੱਤਾ। ਜਦੋਂ ਲਾਵਾਂ ਹੋ ਚੁਕੀਆਂ ਤੇ ਵਹੁਟੀ ਆਪਣੇ ਬਾਲ ਪਤੀ ਤੇ ਉਹਦੇ ਭਰਾ ਬਸਤੂ ਨਾਲ ਘਰ ਜਾ ਰਹੀ ਸੀ, ਰਸਤੇ ਵਿਚ ਦਰਿਆ ਦੇ ਕੰਢੇ ਉਸ ਨੇ ਡੋਲੀ ਨੂੰ ਰੁਕਵਾ ਲਿਆ। ਫੇਰ ਉਸ ਨੇ ਆਪਣੇ ਭਰਾ ਬਸਤੂ ਨੂੰ ਕਿਹਾ, "ਮੇਰੀ ਕਿਸਮਤ ਵਿਚ ਇਆਣੇ ਮੁੰਡੇ ਨਾਲ ਵਿਆਹ ਕਰਨਾ ਲਿਖਿਆ ਸੀ ਤੇ ਮੈਂ ਇਹੋਂ ਜਿਹੀ ਜ਼ਿੰਦਗੀ ਹੋਰ ਜੀਊਣਾ ਨਹੀਂ ਚਾਹੁੰਦੀ। ਪਰ ਮੇਰੀ ਯਾਦ ਵਿਚ ਅਗੋਂ ਕੁੜੀਆਂ ਨੂੰ ਤਿੰਨ ਮੂਰਤੀਆਂ ਬਣਾਉਣੀਆਂ ਚਾਹੀਦੀਆਂ ਹਨ, ਇਕ ਮੇਰੀ, ਇਕ ਮੇਰੇ ਪਤੀ ਦੀ, ਤੇ ਇਕ ਤੇਰੀ ਮੇਰੇ ਵੀਰ ਬਸਤੂ ਦੀ। ਤੇ ਕੁੜੀਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਮੂਰਤੀਆਂ ਨੂੰ ਚੇਤਰ ਦੇ ਮਹੀਨੇ ਵਿਚ ਪੂਜਦੀਆਂ ਰਹਿਣ। ਫੇਰ ਇਨ੍ਹਾਂ ਵਿਚੋਂ ਦੋ ਦਾ ਵਿਸਾਖ ਦੀ ਪਹਿਲੀ ਤਰੀਕ ਵਿਆਹ ਕੀਤਾ ਜਾਏ, ਜਿਵੇਂ ਮੇਰਾ ਵਿਆਹ ਹੋਇਆ ਸੀ, ਉਸੇ ਤੋਂ ਬਾਅਦ ਦੂਜੇ ਜਾਂ ਤੀਜੇ ਦਿਨ ਡੋਲੀ ਵਿਚ ਪਾ ਕੇ ਇਨ੍ਹਾਂ ਮੂਰਤੀਆਂ ਨੂੰ ਦਰਿਆ ਦੇ ਕੰਢੇ ਲਿਆਂਦਾ ਜਾਏ ਤੇ ਉਥੇ ਡੋਬ ਦਿੱਤਾ ਜਾਏ। ਇਹ ਸਭ ਕੁਝ ਮੇਰੀ ਯਾਦ ਵਿਚ ਕੀਤਾ ਜਾਏ, ਮੇਰੇ ਵੀਰ! ਤੇ ਜੋ ਕੋਈ ਵੀ ਇੰਜ ਕਰੇਗੀ ਉਸੇ ਕੁੜੀ ਦਾ ਮੇਰੇ ਵਾਂਗ ਅਨਜੋੜ ਵਿਆਹ ਨਹੀਂ ਹੋਵੇਗਾ।" ਇਹ ਕਹਿੰਦੇ ਹੋਏ ਰਲੀ ਨੇ ਦਰਿਆ ਵਿਚ ਛਾਲ ਮਾਰ ਦਿਤੀ ਤੇ ਵੇਖਦਿਆਂ ਵੇਖਦਿਆਂ ਡੁੱਬ ਗਈ। ਉਦੋਂ ਤੋਂ ਲੈ ਕੇ ਰਲੀ, ਸ਼ੰਕਰ ਤੇ ਬਸਤੂ ਦੀ ਪੂਜਾ ਕਾਂਗੜੇ ਦੇ ਸਾਰੇ ਦੇ ਸਾਰੇ ਜ਼ਿਲੇ ਵਿਚ ਹਰ ਥਾਂ ਹੁੰਦੀ ਹੈ।

ਰਲੀ ਦਾ ਮੈਲਾ ਵੇਖ ਕੇ ਅਸੀਂ ਬੈਜਨਾਥ ਦੇ ਮੰਦਰ ਦੇ ਦਰਸ਼ਨ ਕੀਤੇ। ਬਿਆਸ ਦੀ ਵਾਦੀ ਦਾ ਸਭ ਤੋਂ ਵਧੀਆ ਇਤਿਹਾਸਕ ਭਵਨ ਬੈਜਨਾਥ ਦਾ ਮੰਦਰ ਹੈ। ਬੈਜਨਾਥ ਦਰਅਸਲ ਇਥੋਂ ਦੇ ਸਭ ਤੋਂ ਵਡੇ ਮੰਦਰ ਦਾ ਨਾਂ ਹੈ, ਜਿਹੜਾ ਸ਼ਿਵ ਦੇਵਿਆਂਤ ਦੇ ਨਮਿਤ ਬਣਾਇਆ ਗਿਆ ਸੀ। ਇਸੇ ਮੰਦਰ ਦਾ ਨਾਂ ਪਿਛੇ ਸ਼ਹਿਰ ਦਾ ਨਾਂ ਵੀ ਪਿਆ ਜਾਪਦਾ ਹੈ।

ਕਿਸੇ ਕਸਬੇ ਦਾ ਪਹਿਲਾ ਨਾਂ ਕੀੜ ਗਰਾਮ ਸੀ। ਇਹ ਗੱਲ ਦੋ ਸ਼ਾਰਦਾ ਲਿਖਤਾਂ ਤੋਂ ਪ੍ਰਤੀਤ ਹੁੰਦੀ ਹੈ, ਜਿਹੜੀਆਂ ਪੱਥਰਾਂ 'ਤੇ ਉਕਰੀਆਂ ਹੋਈਆ ਇਥੇ ਮਿਲੀਆਂ ਹਨ। ਇਹ ਲਿਖਤਾਂ ਕਾਵਿ-ਮਈ ਤੇ ਸੁੰਦਰ ਸੰਸਕ੍ਰਿਤ ਕਵਿਤਾ ਵਿਚ ਲਿਖੀਆਂ ਹੋਈਆਂ ਹਨ। ਇਨ੍ਹਾਂ ਵਿਚ ਇਸ ਮੰਦਰ ਦੇ ਬਣਾਨ ਦਾ ਇਤਿਹਾਸ ਦਸਿਆ ਹੈ। ਇਸ ਮੰਦਰ ਨੂੰ ਇਥੋਂ ਦੇ ਦੋ ਵਿਉਪਾਰੀਆਂ ਨੇ ਬਣਾਇਆ ਸੀ। ਇਨ੍ਹਾਂ ਹੱਥ ਲਿਖਤਾਂ ਵਿਚ ਦਸਿਆ ਹੈ :

"ਤ੍ਰਿਗਰਤ ਵਿਚ ਕੀੜ ਕਰਾਮ ਨਾਂ ਦਾ ਇਕ ਸੁੰਦਰ ਪਿੰਡ ਹੈ। ਇਸ ਪਿੰਡ ਵਿਚ ਕਈ ਖੂਬੀਆਂ ਹਨ। ਇਥੋਂ ਬਿੰਦੂਕਾ ਨਾਂ ਦਾ ਦਰਿਆ ਪਹਾੜ ਦੀ ਗੋਦੀ ਵਿਚੋਂ ਕੁਦਦਾ ਹੋਇਆਂ ਨਿਕਲਦਾ ਹੈ ਤੇ ਅਠਕੇਲੀਆਂ ਕਰਦਾ ਲੰਘ ਜਾਂਦਾ ਹੈ, ਜਿਵੇਂ ਕੋਈ ਸੁੰਦਰੀ ਆਪਣੀ ਪਹਿਲੀ ਜਵਾਨੀ ਵਿਚ ਛਲਕ ਛਲਕ ਪੈਂਦੀ ਹੈ। ਇਸ ਪਿੰਡ ਵਿਚ ਰਾਜਾ ਲਕਸ਼ਮਨ ਦਾ ਰਾਜ ਹੈ। ਇਥੇ ਦੋ ਭਰਾ ਮਨੂਕਾ ਤੇ ਆਹੂਕਾ ਰਹਿੰਦੇ ਹਨ। ਇਨ੍ਹਾਂ ਦੇ ਪਿਤਾ ਦਾ ਨਾਂ ਸਿੱਧਾ ਸੀ। ਇਨ੍ਹਾਂ ਭਰਾਵਾਂ ਨੇ ਆਪਣੀ ਜਾਇਦਾਦ ਵੰਡੀ ਨਹੀਂ ਸੀ। ਦੋਵੇ ਬੀ ਬੜੇ ਭਲੇ ਲੋਕ ਸਨ ਤੇ ਇਨ੍ਹਾਂ ਨੇ ਸ਼ਿਵ ਦਾ ਇਹ ਮੰਦਰ ਬਣਾਵਾਇਆ। ਇਸ ਮੰਦਰ ਦੇ ਦਰਵਾਜ਼ੇ 'ਤੇ ਗੰਗਾ ਜਮਨਾ ਤੇ ਬਾਕੀ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਹਨ। ਆਸੀਕਾ ਦਾ ਪੁੱਤਰ ਏਸ ਮੰਦਰ ਨੂੰ ਬਣਾਨ ਵਾਲੇ ਮਿਸਤਰੀਆਂ ਦਾ ਸਰਦਾਰ ਸੀ ਤੇ ਸੁਸਰਮਨ ਦੇ ਪਿੰਡ ਵਿਚੋਂ ਆਇਆ ਸੀ। ਇੰਜ ਹੀ ਸਮਾਨਾ ਦਾ ਪੁੱਤਰ ਥੋਡਕਾ ਹੀ ਉਹਦੇ ਨਾਲ ਕੰਮ ਕਰਦਾ ਸੀ। ਇਨ੍ਹਾਂ ਦੋ ਉਸਤਾਦ ਮਿਸਤਰੀਆਂ ਦੀ ਅਗਵਾਈ ਵਿਚ ਸ਼ਿਵ ਦਾ ਇਹ ਮੰਦਰ ਉਸਾਰਿਆ ਗਿਆ।" ਇਸ ਮੰਦਰ ਦੀ ਉਸਾਰੀ ਸ਼ਾਮੂ ਦੇ ਵਿਚਾਰਾਂ ਦੇ ਅਨੁਸਾਰ ਕੀਤੀ ਗਈ ਤੇ ਉਹਦੇ ਉਤੇ ਰੱਖੀਆਂ ਕਈ ਗਣ ਦੇਵਤਿਆਂ ਦੀਆਂ ਮੂਰਤੀਆਂ ਚਮਕ ਚਮਕ ਪੈਂਦੀਆਂ ਹਨ। ਇਹ ਗੱਲ ਬੜੀ ਦਿਲਚਸਪ ਹੈ ਕਿ ਇਸ ਮੰਦਰ ਨੂੰ ਬਣਾਨ ਲਈ ਦੋਵੇਂ ਮਿਸਤਰੀ ਕਾਂਗੜੇ ਸ਼ਹਿਰ ਵਿਚੋਂ ਆਏ ਸਨ।

ਬੈਜਨਾਥ ਦੇ ਮੰਦਰ ਦੀ ਬਨਾਵਟ ਕੁਝ ਇਸ ਤਰ੍ਹਾਂ ਹੈ। ਇਸ ਦੇ ਅੰਦਰ ਅੱਠ ਮੁਰੱਬਾ ਫੁਟ ਇਕ ਪੂਜਾ ਅਸਥਾਨ ਹੈ, ਜਿਸ ਦਾ ਭੇਦ ਹਰੇਕ ਨੂੰ ਨਹੀਂ ਦਸਿਆ ਜਾਂਦਾ। ਇਹਦੇ ਗਿਰਦ ਇਕ ਮੰਡਪ ਹੈ। ਇਸ ਮੰਡਪ ਦੀ ਛੱਤ ਢਾਲਵੀਂ ਹੈ। ਇਸ ਵਿਸ਼ੇਸ਼ ਪੂਜਾ ਅਸਥਾਨ ਵਿਚ ਵੇਦਿਆਂਤ ਨਾਂ ਦਾ ਲਿੰਘ ਰਖਿਆ ਹੋਇਆ ਹੈ। ਇਸ ਦੇ ਅੰਦਰ ਜਾਣ ਲਈ ਇਕ ਬਹੁਤ ਤੰਗ ਖਿੜਕੀ ਹੈ, ਜਿਸ ਦੇ ਦੋਹੀਂ ਪਾਸੀਂ ਸਤੂਨ ਹਨ। ਮੰਡਪ ਦੀ ਛੱਤ ਚਾਰ ਸਤੂਨਾਂ 'ਤੇ ਖਲੋਤੀ ਹੋਈ ਹੈ। ਇਨ੍ਹਾਂ ਖੰਭਿਆਂ ਉਤੇ ਬਣੀਆਂ ਡਾਟਾਂ ਛੱਟ ਨੂੰ ਨੌ ਹਿੱਸਿਆਂ ਵਿਚ ਵੰਡ ਦਿੰਦੀਆਂ ਹਨ। ਛੱਟ ਪੱਥਰਾਂ ਨਾਲ ਚਿਣੀ ਹੋਈ ਹੈ। ਮੰਡਪ ਦੇ ਸਾਹਮਣੇ ਇਕ ਸ਼ਾਨਦਾਰ ਡਿਉਢੀ ਹੈ। ਇਹ ਡਿਉਢੀ ਵੀ ਚਾਰ ਖੰਭਿਆਂ 'ਤੇ ਖਲੋਤੀ ਹੈ। ਇਹ ਖੱਬੇ ਸਿੱਧੇ ਸਾਦੇ ਹਨ ਤੇ ਇਨ੍ਹਾਂ ਦੀ ਬਨਾਵਟ ਤੋਂ ਪਤਾ ਲੱਗਦਾ ਹੈ ਕਿ ਪੁਰਾਣੇ ਜ਼ਮਾਨੇ ਦੇ ਖੰਬਿਆਂ ਤੋਂ ਇਨ੍ਹਾਂ ਦੀ ਬਨਾਵਟ ਤੋਂ ਪਤਾ ਲੱਗਦਾ ਹੈ ਕਿ ਪੁਰਾਣੇ ਜ਼ਮਾਨੇ ਦੇ ਖੰਭਿਆਂ ਤੋਂ ਇਨ੍ਹਾਂ ਵਿਚ ਕੋਈ ਜ਼ਿਆਦਾ ਫ਼ਰਕ ਨਹੀਂ। ਇਨ੍ਹਾਂ ਦਾ ਚੌਰਸ ਥੱਲਾ, ਉਸ ਉਤੇ ਵਧੇ ਹੋਏ ਦੋ ਦਾਇਰੇ, ਇਨ੍ਹਾਂ ਵਿਚ ਖ਼ਾਲੀ ਥਾਂ, ਇਹ ਸਭ ਕੁਜ ਪੁਰਾਣੀ ਕਲਾ ਦੇ ਨਮੂਨੇ ਹਨ, ਭਾਵੇਂ ਇਨ੍ਹਾਂ ਨੂੰ ਹਿੰਦੂਆਂ ਦੀ ਸਜਾਵਟ ਨੇ ਆਮਦ ਵਿਚ ਢੱਕ ਲਿਆ ਜਾਪਦਾ ਹੈ। ਮੰਡਪ ਦੀਆਂ ਉੱਤਰ ਦੇ ਦੱਖਣ ਦੀਆਂ ਦੋਵੇਂ ਦੀਵਾਰਾਂ ਦੇ ਨਾਲ ਛੱਜੇ ਬਣੇ ਹੋਏ ਹਨ, ਜਿਨ੍ਹਾਂ ਵਿਚ ਖਿੜਕੀਆਂ ਹਨ। ਮੰਦਰ ਦੇ ਚੌਹਾਂ ਪਾਸੇ ਹਮਲੇ ਤੋਂ ਬਚਾਓ ਦੇ

ਮੋਰਜੇ ਬਣੇ ਹੋਏ ਹਨ। ਇਨ੍ਹਾਂ ਕੰਧਾ ਦੇ ਸੁਰਾਖਾਂ ਵਿਚ ਵੀ ਅੱਜ ਕੱਲ੍ਹ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਰਖੀਆਂ ਜਾਂਦੀਆਂ ਹਨ। ਮੰਦਰ ਦੀਆਂ ਬਾਹਰਲੀਆਂ ਦੀਵਾਰਾਂ ਬਹੁਤ ਸੁੰਦਰ ਬਣੀਆਂ ਹੋਈਆਂ ਹਨ। ਇਨ੍ਹਾਂ ਵਿਚ ਸਤੂਨ ਬਣੇ ਹੋਏ ਹਨ ਤੇ ਦੋ ਸਤਨਾਂ ਦੇ ਵਿਚ ਦੀ ਖ਼ਾਲੀ ਥਾਂ ਵਿਚ ਸੂਰਜ ਆਦਿ ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਹਨ। ਸੂਰਜ ਦੇਵਤੇ ਦੀ ਇਕ ਮੂਰਤੀ, ਜਿਵੇਂ ਕਿ 1240 ਈਸਵੀ ਦੀ ਇਕ ਨਾਗਰੀ ਲਿਖਤ ਤੋਂ ਪਤਾ ਲੱਗਦਾ ਹੈ, ਭਗਵਾਨ ਮਹਾਵੀਰ ਦੀ ਮੂਰਤੀ ਸੀ।

ਮੰਦਰ ਦੀ ਛੱਟ ਨਵੀਂ ਜਾਪਦੀ ਹੈ ਤੇ ਇਥੋਂ ਦੇ ਪੂਜਾਰੀਆਂ ਦੇ ਕਹਿਣ ਅਨੁਸਾਰ ਦੂਜੇ ਰਾਜਾ ਸੰਸਾਰ ਚੰਦ ਦੇ ਸਮੇਂ ਮੁਰਮੰਤ ਕੀਤੀ ਗਈ ਸੀ। ਬੜੀ ਖ਼ੁਸ਼ਕਿਸਮਤੀ ਦੀ ਗੱਲ ਹੈ ਕਿ ਬੈਜਨਾਥ ਦੇ ਮੰਦਰ ਨੂੰ 1905 ਦੇ ਭੁਚਾਲ ਤੋਂ ਕੋਈ ਜ਼ਿਆਦਾ ਨੁਕਸਾਨ ਨਹੀਂ ਪੁਜਾ। ਇਸ ਦੇ ਕੋਲ ਹੀ ਸਿਧ ਨਾਧ ਦਾ ਮੰਦਰ ਬਿਲਕੁਲ ਮਲੀਆਮੇਟ ਹੋ ਗਿਆ ਸੀ।

ਬੈਜਨਾਥ ਤੋਂ ਜੁਗਿੰਦਰ ਨਗਰ ਤੱਕ ਕੁਦਰਤੀ ਸੁੰਦਰਤਾ ਅਦੁੱਤੀ ਹੈ। ਬੈਜਨਾਥ ਤੋਂ ਜ਼ਰਾਂ ਉਤੇ ਜਾ ਕੇ ਪਾਲਮ ਦੀ ਵਾਦੀ ਦਾ ਨਜ਼ਾਰਾ ਕੀਤਾ ਜਾ ਸਕਦਾ ਹੈ। ਧਾਨ ਦੇ ਲਹਿਲਹਾਂਦੇ ਖੇਤਾਂ ਵਿਚ ਕਿਰਸਾਨਾਂ ਦੀਆਂ ਝੁੱਗੀਆਂ, ਤੁੱਨ ਤੇ ਬਾਂਸਾਂ ਦੇ ਝੁੰਡ ਉੱਤਰ ਵਲ ਧੌਲੀਧਾਰ ਦਾ ਪਹਾੜ, ਦੱਖਣ ਵੱਲ ਅੰਦਰੇਟਾ ਦੀ ਢਲਾਨ ਤੇ ਫੇਰ ਦੱਖਣ ਪੱਛਣ ਵੱਲ ਜਾ ਰਹੀਆਂ ਨਿੱਕੀਆਂ ਨਿੱਕੀਆਂ ਬੇਸ਼ੁਮਾਰ ਪਹਾੜੀਆਂ।

ਆਸਾ ਪੁਰੀ ਦਾ ਮੰਦਰ ਇਥੋਂ ਬਹੁਤ ਚੰਗੀ ਤਰ੍ਹਾਂ ਵਿਖਾਈ ਦਿੰਦਾ ਹੈ। ਇੰਜ ਲੱਗਦਾ ਹੈ। ਜਿਵੇਂ ਇਹ ਮੰਦਰ ਮੁਸੀਬਤ ਤੇ ਦੁੱਖ ਵਿਚ ਪਹਾੜੀ ਵਸਨੀਕਾਂ ਦੀ ਆਸ ਬਨਵਾ ਰਿਹਾ ਹੋਵੇ। ਚੀਲ੍ਹ ਦੇ ਇਕ ਜੰਗਲ ਵਿਚੋਂ ਲੰਘਦੇ ਹੋਏ ਅਸੀਂ ਇਕ ਸੁੰਦਰ ਵਾਦੀ ਵਿਚ ਕਦਮ ਰੱਖਦੇ ਹਾਂ ਜਿਸ ਦੇ ਦੋਹਾਂ ਪਾਸੇ ਪਹਾੜੀਆਂ ਹਨ। ਇਥੇ ਨਾ ਕੋਈ ਖੱਡਾਂ ਹਨ, ਨਾ ਟੋਏ। ਪਹਾੜੀਆਂ ਸਹਿਜੇ ਸਹਿਜੇ ਸੜਕ ਤਕ ਢਲ ਜਾਂਦੀਆਂ ਹਨ, ਦੱਖਣ ਵਲ ਇਕ ਸੁੰਦਰ ਜੰਗਲ ਹੈ ਤੇ ਉੱਤਰ ਵਲ ਧਾਨਾਂ ਦੇ ਖੇਤ, ਤੇ ਖੇਤਾਂ ਵਿਚ ਕਿਰਸਾਨਾਂ ਦੇ ਘਰ ਪੌੜੀਆਂ ਵਾਂਗ ਚੜ੍ਹੀ ਜਾਂਦੇ ਹਨ।

ਉਲ੍ਹ ਦਰਿਆ ਦੇ ਬਿਜਲੀਘਰ ਦੀਆਂ ਤਾਰਾਂ ਕੁਦਰਤੀ ਨਜ਼ਾਰੇ ਨੂੰ ਖ਼ਰਾਬ ਕਰਦੀਆਂ ਹਨ। ਇੰਜ ਲੱਗਦਾ ਹੈ ਕਿ ਨਹੀਂ ਤਹਿਜ਼ੀਬ ਦੀਆਂ ਇਹ ਬਲਾਵਾਂ ਏਸ ਵਾਦੀ ਦੀ ਸੁੰਦਰਤਾ ਨੂੰ ਬਰਬਾਦ ਕਰਕੇ ਰਹਿਣਗੀਆਂ।

ਸੜਕ ਕੰਢੇ ਦੁਕਾਨਾਂ ਸਜੀਆਂ ਹੋਈਆ ਹਨ। ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਬਾਹਰ ਚਿੱਟੇ ਗੁਲਾਬ ਦੀਆਂ ਵੇਲਾਂ ਲਾਈਆਂ ਹਨ, ਜਿਨ੍ਹਾਂ ਦੇ ਫੁੱਲ ਚਾਨਣੀ ਰਾਤ ਵਿਚ ਚਮਕਦੇ ਹਨ।

ਜਦ ਅਸੀਂ ਦੋ ਕੁ ਮੀਲ ਹੋਰ ਅਗੇ ਗਏ ਤਾਂ ਇਕ ਗੱਦੀ ਭੇਡਾਂ ਦਾ ਇੱਜੜ ਚਰਾ ਰਿਹਾ ਸੀ। ਭੇਡਾਂ ਘਾਹ ਚਰ ਰਹੀਆਂ ਸਨ ਤੇ ਉਹ ਚੁੰਬਕ ਤੇ ਪੱਥਰ ਦੇ ਨਾਲ ਅੱਗ ਸੁਲਗਾ ਰਿਹਾ ਸੀ।

ਪੱਥਰਾਂ ਦੇ ਚੁੱਲ੍ਹੇ 'ਤੇ ਉਸ ਨੇ ਪਾਣੀ ਗਰਮ ਕੀਤਾ ਤੇ ਤਾਂਬੇ ਤੇ ਮੋਟੇ ਜਿਹੇ ਗਲਾਸ ਦੇ ਵਿਚ ਚਾਹ ਪਾਈ। ਸਾਨੂੰ ਵੇਖ ਉਸ ਕਿਹਾ, "ਆਉ ਜੀ ਤੁਸੀਂ ਵੀ ਚਾਹ ਪੀਓ।" ਚਾਹ ਪੁੱਛਣ ਲਈ ਉਸ ਦਾ ਧੰਨਵਾਦ ਕਰਕੇ ਮੈਂ ਕਿਹਾ, "ਬਈ ਤੇਰੀ ਜ਼ਿੰਦਗੀ ਤਾਂ ਬੜੀ ਚੰਗੀ ਹੈ, ਨਾ ਫ਼ਿਕਰ ਤੇ ਨਾ ਫਾਕਾ। ਭੇਡਾਂ ਬੱਕਰੀਆਂ ਚਾਰਨਾ ਤੇ ਉਨ੍ਹਾਂ ਦਾ ਦੁੱਧ ਪੀਣਾ ਤੇ ਬੁੱਲੇ ਲੁੱਟਣਾ।" ਚਾਹ ਦਾ ਗਲਾਸ ਮੂੰਹ ਨੂੰ ਲਾ ਕੇ ਬੋਲਿਆ, "ਵਾਹ ਭਈ ਵਾਹ ਜ਼ਿੰਦਗੀ ਤਾਂ ਤੁਹਾਡੀ ਹੈ ਜਿਹੜੇ ਮੋਟਰਾਂ ਵਿਚ ਉੱਡੇ ਫਿਰਦੇ ਹੋ, ਅੱਜ ਕਿਤੇ ਤੇ ਕਲ੍ਹ ਕਿਤੇ। ਸਾਡੀ ਕੀ ਜ਼ਿੰਦਗੀ ਹੈ, ਭਾਲੂਆਂ ਵਾਂਗ ਕੁੰਦਰਾਂ ਵਿਚ ਸੌਂਦੇ ਹਾਂ। ਕਦੇ ਭੇਡਾਂ ਗੁਆਚ ਗਈਆਂ, ਤੇ ਕਦੇ ਬਾਘਾਂ ਨਾਲ ਟਾਕਰੇ।" ਮੈਂ ਪੁੱਛਿਆ, "ਤੂੰ ਰਾਤ ਵੇਲੇ ਕਿਥੇ ਰਹਿੰਦਾ ਹੈ ? ਉਸ ਨੇ ਇਕ ਕੁੰਦਰ ਵਲ ਇਸ਼ਾਰਾ ਕਰਕੇ ਕਿਹਾ, ' "ਉਸ ਵਿਚ।"

ਬੈਜਨਾਥ ਦੇ ਉਤੇ ਤੇ ਧੌਲੀਧਾਰ ਤੇ ਕਦਮਾਂ ਵਿਚ ਬੀੜ ਨਾਂ ਦਾ ਇਕ ਸੁੰਦਰ ਪਿੰਡ ਹੈ। ਇਹ ਪਿੰਡ ਪਾਲ ਰਾਜਪੂਤਾਂ ਦੀ ਰਾਜਧਾਨੀ ਹੁੰਦਾ ਸੀ। ਇਸ ਪਿੰਡ ਦੇ ਬਾਹਰ ਓਕਾਂ ਦਾ ਇਕ ਬਹੁਤ ਸੰਘਣਾ ਜੰਗਲ ਹੈ। ਇਸ ਜੰਗਲ ਵਿਚ ਇਕ ਨਦੀ ਹੈ। ਉਤੇ ਜਾ ਕੇ ਇਥੋਂ ਦੇ ਰਈਸ ਪ੍ਰਿਥੀਪਾਲ ਦਾ ਘਰ ਹੈ। ਪ੍ਰਿਥੀਪਾਲ ਇਥੇ ਦਾ ਜ਼ਿਮੀਦਾਰ ਹੈ ਤੇ ਇਸ ਨੇ ਚਾਹ ਦੇ ਬਾਗ਼ ਲਾਏ ਹੋਏ ਹਨ। ਆਏ ਗਏ ਦੀ ਖ਼ਾਤਰ ਕਰਕੇ ਪ੍ਰਿਥੀਪਾਲ ਬਹੁਤ ਖ਼ੁਸ਼ ਹੁੰਦਾ ਹੈ।

ਹੋਲੀ ਦੇ ਦਿਨਾਂ ਵਿਚ ਬੀੜ ਪਿੰਡ ਦੇ ਜੰਗਲ ਵਿਚ ਇਕ ਮੇਲਾ ਲੱਗਦਾ ਹੈ, ਜਿਸ ਵਿਚ ਧੌਲੀਧਾਰ ਤੋਂ ਗੱਦੀ ਤੇ ਕਨੇਤ ਆਉਂਦੇ ਹਨ। ਲੁਗੜੀ ਪੀ ਕੇ ਇਹ ਲੋਕ ਸਾਰਾ ਦਿਨ ਗਾਉਂਦੇ ਤੇ ਨਚਦੇ ਹਨ।

ਕੁੱਲੂ ਦੇ ਮੇਲੇ ਵਾਂਗ ਇਸ ਇਲਾਕੇ ਦੇ ਲੋਕ ਵੀ ਪਾਲਕੀਆਂ ਵਿਚ ਆਪਣੇ ਦੇਵਤਿਆਂ ਨੂੰ ਮੇਲੇ 'ਤੇ ਲਿਆਉਂਦੇ ਹਨ ਤੇ ਬੀੜ- ਦਾ ਜੰਗਲ ਇਨ੍ਹਾਂ ਦਿਨਾਂ ਵਿਚ ਕੁੱਲੂ ਦੇ ਦਸਹਿਰੇ ਦਾ ਨਜ਼ਾਰਾ ਦੇ ਜਾਂਦਾ ਹੈ। ਇਸ ਮੇਲੇ ਵਿਚ ਅਸੀਂ ਲੋਕਾਂ ਦੇ ਪਹਿਰਾਵੇ ਵਿਚ ਰੰਗਾਂ ਦੀ ਚੋਣ ਤੱਕ ਸਕਦੇ ਹਾਂ ਤੇ ਗਹਿਣਿਆਂ ਨਾਲ ਸ਼ਿੰਗਾਰੀਆ ਇਥੋਂ ਦੀਆਂ ਇਸਤ੍ਰੀਆਂ ਦੀ ਸੁੰਦਰਤਾ ਵਲ ਨੀਝ ਲਾ ਕੇ ਵੇਖਦੇ ਹੋਏ ਕਾਂਗੜੇ ਦੇ ਪੁਰਾਣੇ ਕਲਾਕਾਰਾਂ ਦੀ ਦਾਦ ਦੇ ਸਕਦੇ ਹਾਂ, ਜਿਨ੍ਹਾਂ ਨੇ ਆਪਣੇ ਚਿੱਤਰਾਂ ਵਿਚ ਥਾਂ ਥਾਂ ਇਸਤ੍ਰੀ ਦੀ ਸੁੰਦਰਤਾ ਨੂੰ ਰੱਜ ਕੇ ਉਲੀਕਿਆ ਹੈ ਤੇ ਇੰਜ ਨਾ ਕੇਵਲ ਆਪਣੀ ਕਲਾ ਨੂੰ ਚਮਕਾਇਆ ਹੈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਉਹ ਆਪਣੇ ਬੁਰਸ਼ ਰਾਹੀਂ ਪਹਾੜੀਆਂ ਸੁੰਦਰਤਾ ਤੇ ਸੁਹਜ-ਪਿਆਰ ਨੂੰ ਸੁਰੱਖਿਅਤ ਕਰ

ਗਏ ਹਨ। ਮੇਲੇ ਵਿਚ ਬਣ ਕੇ ਆਏ ਬੰਦੇ ਆਪਣੇ ਖੇੜਵੇਂ ਹਾਸੇ ਨਾਲ ਕਦਮ-ਕਦਮ ਉਤੇ ਸਾਡਾ ਧਿਆਨ ਖਿਚਦੇ ਹਨ ਤੇ ਸਾਨੂੰ ਇਸ ਪਹਾੜੀ ਪ੍ਰਦੇਸ਼ ਵਿਚ ਹੀ ਰਹਿ ਜਾਣ ਦੀ ਪ੍ਰੇਰਣਾ ਦਿੰਦੇ ਹਨ।

ਕਾਂਗੜੇ ਦੀ ਵਾਦੀ ਦੇ ਪ੍ਰਾਕਿਰਤਕ ਦ੍ਰਿਸ਼ ਤੱਕ ਕੇ ਅਤੇ ਉਥੋਂ ਦੇ ਲੋਕਾਂ ਦੀ ਸੁੰਦਰਤਾ ਮਾਣ ਕੇ ਅਸੀਂ ਹੁਣ ਅੰਬਾਲੇ ਨੂੰ ਤੁਰ ਪਏ। ਮੈਂ ਆਪਣੇ ਪੇਸ਼ਕਾਰ ਨੂੰ-ਜਿਹੜੇ ਹਰਿਆਣੇ ਦਾ ਇਕ ਸਿੱਧਾ ਸਾਦਾ ਜਾਣ ਸੀ, ਤੇ ਸਫ਼ਰ ਵਿਚ ਨਾਲ ਰਿਹਾ ਸੀ-ਪੁੱਛਿਆ, "ਚੌਧਰੀ ਸਾਹਿਬ, ਪਹਾੜ ਤੇ ਜੰਗਲ ਕੈਸੇ ਲਗੇ ?" ਕਹਿਣ ਨੂੰ ਤਾਂ ਉਸ ਨੇ ਕਹਿ ਦਿਤਾ, "ਬੜੇ ਸੁਹਣੇ ਹਨ ਜਨਾਬ", ਪਰ ਜਦ ਸ਼ਾਮ ਨੂੰ ਅਸੀਂ ਪਾਲਮਪੁਰ ਪਹੁੰਚੇ ਤਾਂ ਪਰਮੇਸ਼ਰੀ ਦਾਸ ਨੂੰ ਜਿਹੜਾ ਕਾਂਗੜੇ ਵਿਚ ਮੇਰਾ ਬੜਾ ਦੋਸਤ ਤੇ ਸਹਾਇਕ ਹੈ, ਮੈਂ ਪੁੱਛਿਆ ਕਿ ਸਾਡੇ ਚੌਧਰੀ ਦਾ ਕੀ ਹਾਲ ਹੈ। ਉਸ ਦੇ ਦਸਿਆ ਕਿ ਚੌਧਰੀ ਕਹਿੰਦਾ ਸੀ, "ਜਾਨ ਬਚੀ, ਲਾਖੋਂ ਪਾਏ।"

ਜਿਥੇ ਸਾਡਾ ਧਿਆਨ ਬਰਫ਼ਾਨੀ ਚੋਟੀਆਂ ਤੇ ਸ਼ਾਂਤ ਜੰਗਲਾਂ ਵਲ ਸੀ, ਚੌਧਰੀ ਦਾ ਖ਼ਿਆਲ ਡੂੰਘੀਆਂ ਖੱਡਾਂ ਤੇ ਖ਼ਤਰਨਾਕ ਮੋੜਾਂ ਵਲ ਸੀ। ਪ੍ਰਾਕਿਰਤੀ ਦਾ ਪਿਆਰ ਬਹੁਤ ਥੋੜ ਬੰਦਿਆਂ ਵਿਚ ਹੀ ਹੁੰਦਾ ਹੈ। ਕਾਂਗੜਾ ਵਾਦੀ ਦੀ ਸੁੰਦਰਤਾ ਨੂੰ ਕੋਈ ਰਸੀਆ ਤੇ ਪ੍ਰਾਕਿਰਤੀ ਦਾ ਪ੍ਰੇਮੀ ਹੀ ਮਾਣ ਸਕਦਾ ਹੈ।

ਮੇਰੇ ਪਿੰਡ ਦੇ ਇਕ ਬਜ਼ੁਰਗ ਅਖਾਣ ਪਾਇਆ ਕਰਦੇ ਸਨ ਕਿ ਇਕ ਸ਼ਹਿਤ ਕੋ ਗਿੱਧਾ ਦਾ ਗੋਲ ਲੰਘਿਆ ਤਾਂ ਉਨ੍ਹਾਂ ਨੂੰ ਸਿਰਫ਼ ਮੁਰਦਾਰ ਹੀ ਵਿਖਾਈ ਦਿਤੇ। ਇਹ ਮੁਰਗਾਬੀਆਂ ਦੀ ਡਾਰ ਲੰਘੀ ਤੇ ਉਨ੍ਹਾਂ ਸਿਰਫ਼ ਸਰੋਵਰ ਹੀ ਵੇਖੇ। ਤਿੱਤਲੀਆਂ ਤੇ ਮੱਥ ਮੱਖੀਆਂ ਉਪਰੋਂ ਦੀ ਉਡਦੀਆਂ ਲੰਘੀਆਂ ਤੇ ਉਨ੍ਹਾਂ ਨੂੰ ਸਿਰਫ਼ ਸੁਹਣੇ ਫੁੱਲ ਹੀ ਨਜ਼ਰ ਆਏ।

ਜਿਹੋ ਜਿਹਾ ਕਿਸੇ ਦਾ ਸੁਭਾ ਹੋਵੇ, ਉਹੋ ਜਿਹੀਆਂ ਚੀਜ਼ਾਂ ਹੀ ਉਸ ਨੂੰ ਵਿਖਾਈ ਦਿੰਦੀਆਂ ਹਨ। ਮੇਰਾ ਚੌਧਰੀ ਸਾਧੀ ਡੂੰਘੀਆਂ ਖੱਡਾਂ ਤੋਂ ਬੜਾ ਤਹਿ ਗਿਆ ਸੀ, ਪਰ ਮੈਂ ਇਹ ਸਫ਼ਰ ਸੁੰਦਰਤਾ ਦੀ ਤਲਾਸ਼ ਵਿਚ ਕੀਤੇ ਤੇ ਇਨਸਾਨੀ ਸੁਹੱਪਣ, ਚਿੱਤਰਕਲਾ ਦਾ ਸੁਹਜ, ਤੇ ਪ੍ਰਾਕਿਰਤੀ ਦੀ ਸੁੰਦਰਤਾ ਨੂੰ ਕਾਂਗੜੇ ਦੇ ਪਹਾੜਾਂ ਵਿਚ ਰੱਜ ਕੇ ਮਾਇਆ।

# ਜਵਾਲਾਮੁਖੀ

ਜਦੋਂ ਅਸੀਂ ਕਾਂਗੜੇ ਦੇ ਡਾਕ ਬੰਗਲੇ ਤੋਂ ਚੱਲੇ ਅਜੇ ਮੂੰਹ ਝਾਖਰਾ ਹੀ ਸੀ। ਸੂਰਜ ਬਾਨ ਗੰਗਾ ਨੂੰ ਪਾਰ ਕਰਨ ਤੋਂ ਪਿਛੋਂ ਚੜ੍ਹਿਆ। ਬਾਨ ਗੰਗਾ ਤੋਂ ਪਾਰ ਕਾਂਗੜੇ ਦੇ ਕਿਲ੍ਹੇ ਦਾ ਇਕ ਅਦੁੱਤੀ ਨਜ਼ਾਰਾ ਦਿਖਾਈ ਦੇਂਦਾ ਹੈ। ਸੜਕ ਬੜੀ ਭੀੜੀ ਹੈ ਤੇ ਸੱਪਣੀ ਵਾਂਗ ਵੱਲ ਖਾਂਦੀ ਹੋਈ ਚਲੀ ਜਾਂਦੀ ਹੈ। ਇਥੋਂ ਰੇਲ ਦੀ ਲਾਈਨ ਵੀ ਨਜ਼ਰ ਆਉਂਦੀ ਹੈ ਤੇ ਅਸੀਂ ਵੇਖਿਆ, ਕੁਝ ਯਾਤਰੀ ਰੇਵਲੇ ਸਟੇਸ਼ਨ ਤੋਂ ਜਵਾਲਾ ਮੁਖੀ ਸੜਕ ਵੱਲ ਤੁਰੇ ਜਾ ਰਹੇ ਸਨ। ਅਖ਼ੀਰ ਅਸੀਂ ਰਾਣੀ ਤਾਲ ਪੁਜੇ। ਇਥੇ ਇਕ ਥਾਣਾ ਹੈ, ਪਹਾੜੀ ਦੇ ਬਿਲਕੁਲ ਉਤੇ ਡਾਕ ਬੰਗਲਾ ਹੈ। ਇਥੋਂ ਧੌਲੀਧਾਰ ਦਾ ਅਤਿ ਸੁੰਦਰ ਦ੍ਰਿਸ਼ ਦਿਖਾਈ ਦੇਂਦਾ ਹੈ।

ਡਾਕ ਬੰਗਲੇ ਦੇ ਕੋਲ ਇਕ ਟਿੱਲੇ 'ਤੇ ਬਾਬਾ ਫੱਤੂ ਦੀ ਸਮਾਧੀ ਹੈ। ਬਾਬਾ ਫੱਤੂ ਸੋਢੀ ਗੁਲਾਬ ਸਿੰਘ ਦਾ ਚੇਲਾ ਸੀ। ਸੋਢੀ ਗੁਲਾਬ ਸਿੰਘ ਦੇ ਬਾਬਾ ਫੁੱਤੂ ਨੂੰ ਗੁਰਿਆਈ ਬਖ਼ਸ਼ੀ ਸੀ। ਕਿਹਾ ਜਾਂਦਾ ਹੈ ਬਾਬਾ ਫੱਤੂ ਦੀ ਕਰਾਮਾਤ ਨਾਲ ਸੰਸਾਰ ਚੰਦ ਦਾ ਭਰਾ ਫਤਿਹ ਚੰਦ ਮੁੜਕੇ ਜੀ ਪਿਆ ਸੀ। ਬਾਬਾ ਫੱਤੂ ਨੂੰ ਪਹਾੜੀ ਲੋਕ ਅਜੇ ਤਕ ਸਤਿਕਾਰਦੇ ਹਨ ਤੇ ਉਹਦੀ ਸੁਗੰਧ ਖਾਂਦੇ ਹਨ। ਇਸ ਦੀ ਸਮਾਧੀ ਉਤੇ ਵਿਸਾਖੀ ਵਾਲੇ ਦਿਨ ਮੇਲਾ ਲੱਗਦਾ ਹੈ, ਜਿਥੇ ਦੂਰ ਨੇੜਿਓਂ ਕਈ ਮੁਰਾਦਾਂ ਪਾਉਣ ਆਉਂਦੇ ਹਨ। ਕਈ ਲੋਕ ਆਪਣੀਆਂ ਮਨੋਕਾਮਨਾਂ ਨੂੰ ਲਿਖ ਕੇ ਪੇਸ਼ ਕਰਦੇ ਹਨ ਅਤੇ ਸੁਖਾਂ ਸੁਖਦੇ ਹਨ। ਸਮਾਧੀ ਦਾ ਪੁਜਾਰੀ ਬਾਬਾ ਫੱਤੂ ਦੀ ਸਮਾਧੀ ਉਤੇ ਪ੍ਰਾਪਥਨਾ ਕਰਦਾ ਹੈ। ਜਦੋਂ ਕਿਸੇ ਦੀ ਮੁਰਾਦ ਪੂਰੀ ਹੋ ਜਾਂਦੀ ਹੈ, ਲੋਕੀ ਚੜ੍ਹਾਵਾ ਚੜ੍ਹਾਣ ਲਈ ਆਉਂਦੇ ਹਨ। ਕਾਂਗੜਾ ਤਹਿਸੀਲ ਵਿਚ ਲਾਂਜ ਨਾਂ ਦੇ ਪਿੰਡ ਵਿਚ ਇਸ ਤਰ੍ਹਾਂ ਦੀ ਇਕ ਹੋਰ ਦਰਗਾਹ ਹੈ, ਜਿਸ ਨੂੰ ਬਾਬਾ ਭੂਪਤ ਦੇ ਨਾਮ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਉਥੇ ਵੀ ਲੋਕੀਂ ਇਸ ਤਰ੍ਹਾਂ ਦੀਆਂ ਮੁਰਾਦਾਂ ਲੈ ਕੇ ਜਾਂਦੇ ਹਨ। ਕਈ ਲੋਕ ਜਿਹੜੇ ਕਚਹਿਰੀਆਂ ਵਿਚ ਮੁਕੱਦਮਿਆਂ ਦੀਆਂ ਫ਼ੀਸਾਂ ਨਹੀਂ ਭਰ ਸਕਦੇ, ਬਾਬਾ ਭਪੂਤ ਦੀ ਸ਼ਰਨ ਲੈਂਦੇ ਹਨ। ਮਜ਼ਲੂਮ ਦੇ ਅਨਾਥ ਇਸ ਸਮਾਦੀ 'ਤੇ ਆ ਕੇ ਦੁਸ਼ਮਣਾਂ ਨੂੰ ਕੋਸਦੇ ਹਨ। ਜੇ ਕਦੇ ਕਿਸੇ ਅਜਿਹੇ ਦੁਸ਼ਮਨ ਨੂੰ ਕੋਈ ਬੀਮਾਰੀ ਲਗੇ ਜਾਂ ਉਸ ਉਪਰ ਕੋਈ ਹੋਰ ਮੁਸੀਬਤ ਆ ਜਾਵੇ ਤਾਂ ਉਹ ਸੋਚਦੇ ਹਨ ਕਿ ਇਹ ਬਾਬਾ ਭੂਪਤ ਦੇ ਸਰਾਪ ਕਰਕੇ ਹੀ ਹੈ। ਇਸੇ ਡਰ ਦੇ ਮਾਰੇ ਜਾਂ ਤੇ ਰਾਜ਼ੀਨਾਮਾਂ ਕਰ ਲੈਂਦੇ ਹਨ ਜਾਂ ਅਗਲੇ ਦਾ ਨੁਕਸਾਨ ਭਰ ਦੇਂਦੇ ਹਨ।

ਰਾਤ ਰਾਣੀ ਤਾਲ ਦੇ ਬੰਗਲੇ ਵਿਚ ਰਹਿ ਕੇ ਅਗਲੀ ਸਵੇਰ ਅਸੀਂ ਜਲਾਵਾ ਮੁਖੀ ਵੱਲ ਤੁਰ ਪਏ। ਰਾਣੀ ਤਾਲ ਤੋਂ ਜਵਾਲਾ ਮੁਖੀ ਤਕ ਸੜਕ ਯਾਤਰੂਆਂ ਦੀਆਂ ਵਹੀਰਾਂ ਕਰਕੇ ਮਿੱਟੀ ਘੱਟੇ ਨਾਲ ਲੱਦੀ ਰਹਿੰਦੀ ਹੈ। ਅਸੀਂ ਵੇਖਿਆ, ਬੇਸ਼ੁਮਾਰ ਕੋਈ ਪੈਦਲ, ਕੋਈ ਟਾਂਗਿਆਂ ਵਿਚ, ਅਗਨੀ ਦੀ ਦੇਵੀ ਦੇ ਮੰਦਰ ਵੱਲ ਜਾ ਰਹੇ ਸਨ। ਸੜਕ ਦੇ ਕੰਢੇ ਪਹਾੜੀ ਬੱਚੇ ਯਾਤਰੂਆਂ ਤੋਂ ਬਖ਼ਸ਼ੀਸ਼ ਮੰਗਣ ਲਈ ਦੋਹਾਂ ਪਾਸੀ ਥਾਉਂ ਥਾਉਂ ਆ ਖਲੋਂਦੇ ਹਨ। ਕਈ ਯਾਤਰੂਆਂ ਦੇ ਤਾਂ ਪਿਛੇ ਹੀ ਪੈ ਜਾਂਦੇ ਹਨ ਤੇ 'ਦੇ ਜਾ ਲਾਲਾ ਪੈਸਾ, ਦੇ ਜਾ ਲਾਲਾ ਪੈਸਾ' ਕਰਦੇ ਦੂਰ ਤਕ ਪਿੱਛਾ ਕਰਦੇ ਹੋਏ ਅਗਲੇ ਨੂੰ ਉਦੋਂ ਹੀ ਛਡਦੇ ਹਨ ਜਦੋਂ ਉਹ ਪਲਿਉਂ ਕੁਝ ਨਾ ਕੁਝ ਝੜਾ ਜਾਵੇ।

ਆਖ਼ਰ ਜਵਾਲਾ ਮੁਖੀ ਦਾ ਪਵਿੱਤਰ ਪਿੰਡ ਵਿਖਾਈ ਦੇਣ ਲੱਗ ਪਿਆ। ਇਹ ਪਿੰਡ ਪਹਾੜੀ ਦੇ ਇਕ ਪਾਸੇ ਇਕ ਬਾਜ਼ ਦੇ ਆਲ੍ਹਣੇ ਵਾਂਗ ਬਣਿਆ ਹੋਇਆ ਹੈ। ਅਗਨੀ ਦੀ ਦੇਵੀ ਦੇ ਮੰਦਰ ਦਾ ਸੁਨਹਿਰੀ ਕਲਸ ਸਫ਼ੈਦ ਰੰਗ ਦੇ ਚੌਰਸ ਘਰਾਂ ਵਿਚ ਵਿਸ਼ੇਸ਼ ਤੌਰ 'ਤੇ ਵਿਖਾਈ ਦੇ ਰਿਹਾ ਸੀ। ਨਦੌਣ ਜਾਣ ਤੋਂ ਪਹਿਲਾਂ ਅਸੀਂ ਫ਼ੈਸਲਾ ਕੀਤਾ ਕਿ ਪਹਿਲੇ ਦੇਵੀ ਨੂੰ ਸਤਿਕਾਰਿਆ ਜਾਵੇ। ਅੱਠ ਸੌ ਸਾਲ ਹੋਏ, ਇਸ ਮੰਦਰ ਦੀ ਥਾਂ ਨੂੰ ਇਕ ਬ੍ਰਾਹਮਣ ਨੇ ਲੱਭਿਆ ਸੀ। ਕਿਹਾ ਜਾਂਦਾ ਹੈ ਕਿ ਦੱਖਣ ਵੱਲ ਦੂਰ ਰਹਿੰਦੇ ਇਕ ਬ੍ਰਾਹਮਣ ਨੂੰ ਦੇਵੀ ਦਾ ਪ੍ਰਕਾਸ਼ ਹੋਇਆ ਤੇ ਉਹਨੇ ਉਸ ਨੂੰ ਆਗਿਆ ਕੀਤੀ ਕਿ ਉਹ ਕਾਂਗੜੇ ਦੀਆਂ ਪਹਾੜੀਆਂ ਵਿਚ ਜਾਵੇ, ਜਿਥੇ ਉਸ ਨੂੰ ਜੰਗਲ ਵਿਚ ਅੱਗ ਦੀਆਂ ਲਾਟਾਂ ਜਗਦੀਆਂ ਵਿਖਾਈ ਦੇਣਗੀਆਂ। ਬ੍ਰਾਹਮਣ ਆਗਿਆ ਅਨੁਸਾਰ ਇਥੇ ਆਇਆ ਤੇ ਉਸ ਨੂੰ ਇਹ ਪਵਿੱਤਰ ਅਸਥਾਨ ਲੱਭ ਪਿਆ। ਉਸ ਨੇ ਇਥੇ ਹੀ ਇਕ ਮੰਦਰ ਬਣਾਇਆ, ਮੰਦਰ ਤਕ ਪੁੱਜਣ ਲਈ ਕਈ ਪੌੜੀਆਂ ਹਨ। ਪੌੜੀਆਂ ਦੇ ਦੋਹਾਂ ਪਾਸੇ ਦੁਕਾਨਾਂ ਹਨ, ਜਿਨ੍ਹਾਂ ਵਿਚ ਨਾਰੀਅਲ, ਮਿਠਾਈਆਂ, ਧੂਪਾਂ ਤੇ ਚਾਂਦੀ ਦੇ ਛੱਤਰ ਵਿਕਦੇ ਹਨ। ਇਹ ਚੀਜ਼ਾਂ ਯਾਤਰੂ ਲੋਕ ਖ਼ਰੀਦ ਕੇ ਚੜ੍ਹਾਉਂਦੇ ਹਨ ਤੇ ਪੁਜਾਰੀ ਫੇਰ ਇਨ੍ਹਾਂ ਨੂੰ ਮੁੜ ਦੁਕਾਨਦਾਰਾਂ ਕੋਲ ਵੇਚ ਦਿੰਦੇ ਹਨ। ਤੇ ਇੰਜ ਇਹ ਚੀਜ਼ਾਂ ਦੁਕਾਨਾਂ ਤੋਂ ਮੰਦਰ ਤੇ ਮੰਦਰ ਤੋਂ ਦੁਕਾਨਾਂ ਵਿਚ ਘੁੰਮਦੀਆਂ ਰਹਿੰਦੀਆਂ ਹਨ। ਜੁਆਲਾ ਮੁਖੀ ਤੇ ਜਦੋਂ ਕੋਈ ਯਾਦਰੂ ਪੁਜਾਦਾ ਹੈ, ਉਹਨੂੰ ਕਈ ਪਾਂਧੇ ਆ ਕੇ ਘੇਰ ਲੈਂਦੇ ਹਨ। ਇਹ ਲੋਕ ਉਸ ਦੇ ਵੱਡੇ ਵਡੇਰਿਆਂ ਦੇ, ਜਿਹੜੇ ਕਦੀ ਇਸ ਮੰਦਰ ਵੱਲ ਆਏ ਸਨ, ਨਾਮ ਤੇ ਪਤੇ ਦਸਦੇ ਹਨ। ਇਹ ਪਾਂਧੇ ਯਾਤਰੂਆਂ ਦੇ ਰਹਿਣ ਦਾ ਤੇ ਉਨ੍ਹਾਂ ਦੀ ਯਾਤਰਾ ਦਾ ਪ੍ਰਬੰਧ ਵੀ ਕਰਦੇ ਹਨ। ਜਵਾਨਾ ਮੁਖੀ ਦੇ ਪੁਜਾਰੀਆਂ ਨੂੰ ਭੋਜਕੀ ਕਹਿੰਦੇ ਹਨ। ਕਿਉਂਕਿ ਇਨ੍ਹਾਂ ਦਾ ਵੱਡਾ ਕੰਮ ਦੇਵੀ ਨੂੰ ਭੋਕਨ ਖਵਾਉਣਾ ਹੁੰਦਾ ਹੈ, ਜਿਸ ਦਾ ਅਰਥ ਆਪਣਾ ਪੇਟ ਭਰਨਾ ਹੁੰਦਾ ਹੈ। ਜਿਨ੍ਹਾਂ ਯਾਤਰੂਆਂ ਦੀ ਕੋਈ ਮੁਰਾਦ ਪੂਰੀ

ਹੁੰਦੀ ਹੈ, ਉਹ ਦੇਵੀ ਦੀ ਸੇਵਾ ਵਿਚ ਜਾਂਦੀ ਦੀ ਇਕ ਨਿੱਕੀ ਜਿਹੀ ਛੱਤਰੀ ਸ਼ੁਕਰਾਨੇ ਵਜੋਂ ਪੇਸ਼ ਕਰਦੇ ਹਨ।

ਬਾਜ਼ਾਰ ਯਾਤਰੂਆਂ ਨਾਲ ਭਰਿਆ ਹੋਇਆ ਸੀ, ਅਸੀਂ ਪੰਜਾਬ ਤੇ ਉੱਤਰ ਪ੍ਰਦੇਸ਼ ਦੀਆਂ ਕਈ ਥਾਵਾਂ ਤੋਂ ਆਏ ਮਰਦਾਂ ਔਰਤਾਂ ਨਾਲ ਖਹਿੰਦੇ ਬੜੀ ਮੁਸ਼ਕਲ ਨਾਲ ਦੇਵੀ ਦੇ ਮੰਦਰ ਪੁਜੇ। ਬਾਹਰ ਦੇ ਦਰਵਾਜ਼ੇ 'ਤੇ ਅਸੀਂ ਆਪਣੇ ਜੋੜੇ ਲਾਹ ਕੇ ਮੰਦਰ ਵਿਚ ਨੰਗੇ ਪੈਰ ਪ੍ਰਵੇਸ਼ ਕੀਤਾ। ਯਾਤਰੂ ਲੋਕ ਦੇਵੀ ਨੂੰ ਪੈਸੇ ਚੜ੍ਹਉਂਦੇ ਹਨ। ਕਈ ਸ਼ਰਧਾਲੂ ਹਲਵਾ ਪੱਥਰ ਦੀਆਂ ਮੂਰਤੀਆਂ ਤੇ ਮੂੰਹ ਵਿਚ ਜਾ ਰੱਖਦੇ ਹਨ। ਸੰਗਮਰਮਰ ਦਾ ਫ਼ਰਸ਼ ਤਿਲਕਣਾ ਜਿਹਾ ਹੋਇਆ ਪਇਆ ਸੀ ਤੇ ਬੜੀ ਗਲ੍ਹਿਆਨ ਆਉਂਦੀ ਸੀ।

ਸਭ ਤੋਂ ਵਡੇ ਮੰਦਰ ਦੇ ਕਲਸ਼ ਸੁਨਹਿਰੀ ਹਨ, ਜਿਹੜੇ ਡੁਬਦੇ ਸੂਰਜ ਦੀ ਰੌਸ਼ਨੀ ਵਿਚ ਚਮਕ ਰਹੇ ਸਨ। ਮੰਦਰ ਦੇ ਅੰਦਰ ਪਹਾੜੀਆਂ ਵਿਚੋਂ ਗੈਸ ਨਿਕਲ ਰਹੀ ਹੈ, ਜਿਸ ਨੂੰ ਪੁਜਾਹੀ ਤੀਲੀ ਨਾਲ ਜਲਾ ਦੇਂਦੇ ਹਨ ਤੇ ਇਸ ਤਰ੍ਹਾਂ ਪੈਦਾ ਹੋਈ ਨੀਲੀ ਲਾਟਾਂ ਦੇ ਨਾਲ ਧਮਾਕੇ ਯਾਤਰੂਆਂ ਨੂੰ ਹੈਰਾਨ ਕਰ ਦਿੰਦੇ ਹਨ। ਉਤੇ ਕਰਕੇ ਹੋਰ ਕਈ ਛੋਟੇ ਮੰਦਰ ਹਨ, ਜਿਨ੍ਹਾਂ ਵਿਚ ਭਗਵੇ ਕਪੜਿਆਂ ਵਿਚ ਜਟਾਂ ਵਾਲੇ ਸਾਧੂ ਬੈਠੇ ਨਜ਼ਰ ਆਉਂਦੇ ਹਨ। ਜਵਾਲਾਮੁਖੀ ਦੇ ਕੋਲ ਛੇ ਚਸ਼ਮੇ ਹਨ, ਜਿਨ੍ਹਾਂ ਵਿਚ ਲੂਣ ਦੇ ਪੋਟਾਸ਼ੀਅਮ ਆਈਉਡਾਈਡ ਦੀ ਸ਼ਕਲ ਵਿਚ ਆਈਓਡੀਨ ਮਿਲਦੀ ਹੈ।

ਕਿਹਾ ਜਾਂਦਾ ਹੈ, ਜਵਾਲਾਮੁਖੀ ਜਲੰਧਰ ਨਾਂ ਦੇ ਦਾਨਵ ਦਾ ਮੂੰਹ ਹੈ। ਕਥਾ ਇੰਜ ਹੈ ਕਿ ਜਲੰਧਰ ਦਾਨਵ ਨੂੰ ਸ਼ਿਵਜੀ ਮਹਾਰਾਜ ਨੇ ਇਕ ਪਹਾੜ ਸੁਟ ਕੇ ਕੁਚਲ ਦਿਤਾ। ਜਵਾਲਾਮੁਖੀ ਉਸ ਦਾਨਵ ਦਾ ਮੂੰਹ ਹੈ। ਉਸ ਦੀ ਪਿੱਠ ਦੁਆਬੇ ਦਾ ਉਤਲਾ ਹਿੱਸਾ ਹੈ, ਜਿਸ ਨੂੰ ਅੱਜਕੱਲ੍ਹ ਜਲੰਧਰ ਕਹਿੰਦੇ ਹਨ। ਇਸ ਇਲਾਕੇ ਵਿਚ ਕਈ ਮਸ਼ਹੂਰ ਮੰਦਰ ਹਨ। ਬੈਜਨਾਥ ਵਿਚ ਸ਼ਿਵ ਦਾ ਮੰਦਰ ਤੇ ਜੁਰੰਗਲ ਵਿਚ ਨੰਦੀ ਕੇਸਰ ਦਾ ਮੰਦਰ, ਜਿਹੜਾ ਡ੍ਰਾਡ ਦੇ ਸੁੰਦਰ ਬੰਗਲੇ ਦੇ ਸਾਹਮਣੇ ਹੈ। ਇਸ ਦਾਨਵ ਦੇ ਪੈਰ ਮੁਲਤਾਨ ਤੱਕ ਫੈਲ ਹੋਏ ਹਨ। ਜਲੰਧਰ ਦੀ ਕਥਾ ਇਕ ਤਰ੍ਹਾਂ ਕਾਂਗੜੇ ਦੀ ਵਾਦੀ ਦੇ ਪਹਾੜਾਂ ਦਾ ਮਾਇਉਸੀਨ ਸਮੁੰਦਰ ਵਿਚੋਂ ਉਭਰਨਾ ਵੀ ਦਰਸ਼ਾਦੀ ਹੈ। ਇਸ ਇਕ ਸਾਗਰ ਦੀ ਬਾਂਹ ਅੱਜਕਲ੍ਹ ਦੇ ਅਰਬ ਸਾਗਰ ਵਿਚੋਂ ਹੁਸ਼ਿਆਰ ਪੁਰ ਦੇ ਸ਼ਿਵਾਲਕ ਦੇ ਪਹਾੜਾਂ ਤੱਕ ਫੈਲੀ ਹੋਈ ਸੀ। ਸ਼ਿਵ ਮਹਾਰਾਜ ਦਾ ਸਾਗਰ ਦੇ ਬੇਟੇ ਜਲੰਧਰ ਨੂੰ ਹਰਾਉਣਾ ਇਕ ਤਰ੍ਹਾਂ ਨਾਲ ਸਮੁੰਦਰ ਦਾ ਪਰ੍ਹੇ ਹਟਣਾ ਤੇ ਉਸ ਵਿਚੋਂ ਪਹਾੜਾਂ ਦੇ ਨਿਕਲ ਆਉਣ ਦਾ ਇਕ ਚਿੰਨ੍ਹ ਮਲੂਮ ਹੁੰਦਾ ਹੈ।

ਇਸ ਮੰਦਰ ਵਿਚ ਕਈ ਮਸ਼ਹੂਰ ਹਸਤੀਆਂ ਆਈਆਂ। ਇਨ੍ਹਾਂ ਵਿਚੋਂ ਇਕ ਅਕਬਰ ਬਾਦਸ਼ਾਹ ਵੀ ਸੀ। ਅਜੇ ਵੀ ਪੁਜਾਰੀ ਲੋਕ ਇਕ ਕੂਲ੍ਹ ਵੱਲ ਇਸ਼ਾਰਾ ਕਰਦੇ ਹਨ, ਜਿਹੜੀ

ਉਤੇ ਕਰਕੇ ਕਿਸੇ ਚਸ਼ਮੇ ਵਿਚੋਂ ਨਿਕਲਦੀ ਹੈ ਤੇ ਕਹਿੰਦੇ ਹਨ ਕਿ ਅਕਬਰ ਬਾਦਸ਼ਾਹ ਨੇ ਇਹ ਕੂਲ੍ਹ ਅਗਨੀ ਬੁਝਾਣ ਲਈ ਬਣਵਾਈ ਸੀ। ਪਰ ਉਸ ਨੂੰ ਇਸ ਵਿਚ ਕਾਮਯਾਬੀ ਨਾ ਹੋਈ ਤੇ ਜੋਤਾਂ ਉਂਜ ਦੀਆਂ ਉਂਜ ਜਾਦਗੀਆਂ ਰਹੀਆਂ। ਇਹ ਵੇਖ ਕੇ ਅਕਬਰ ਬਾਦਸ਼ਾਹ ਦੇਵੀ ਦਾ ਉਪਾਸ਼ਕ ਬਣ ਗਿਆ ਤੇ ਉਸ ਨੇ ਇਕ ਸੋਨੇ ਦਾ ਛਤਰ ਦੇਵੀ ਦੀ ਸੇਵਾ ਵਿਚ ਚੜ੍ਹਾਇਆ। ਕਿਹਾ ਜਾਂਦਾ ਹੈ ਜਦੋਂ ਅਕਬਰ ਬਾਦਸ਼ਾਹ ਨੇ ਆਪਣੇ ਕੀਮਤੀ ਚੜ੍ਹਾਵੇ ਵੱਲ ਹੰਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਤਾਂ ਸੋਨੇ ਦਾ ਉਹ ਛਤਰ ਤਾਂਬੇ ਦਾ ਬਣ ਗਿਆ। ਇਸ ਤਰ੍ਹਾਂ ਅਨੇਕਾਂ ਕਹਾਣੀਆਂ ਹਰ ਇਕ ਮੰਦਰ ਨਾਲ ਸੰਬੰਧਿਤ ਹਨ ਤੇ ਇਨ੍ਹਾਂ ਨਾਲ ਹੀ ਧਾਰਮਿਕ ਲੋਕ ਆਪਣੇ ਥਰਮ ਦੀ ਵਡਿਤਣ ਜ਼ਾਹਰ ਕਰਦੇ ਹਨ।

ਮਹਾਰਾਜਾ ਰਣਜੀਤ ਸਿੰਘ ਇਸ ਮੰਦਰ ਵਿਚ 1809 ਵਿਚ ਆਇਆ। ਸੰਸਾਰ ਚੰਦ ਦੇ ਕਹਿਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਗੋਰਖਿਆਂ ਨੂੰ ਹਰਾਇਆ ਤੇ ਉਨ੍ਹਾਂ ਨੂੰ ਸਤਲੁਜ ਦੇ ਪਾਰ ਧੱਕ ਦਿਤਾ। ਸੰਸਾਰ ਚੰਦ ਰਣਜੀਤ ਸਿੰਘ ਨੂੰ ਜਵਾਲਾ ਮੁਖੀ ਵਿਚ ਮਿਲਿਆ ਤੇ ਇਸ ਪਵਿਤਰ ਅਸਥਾਨ 'ਤੇ ਇਕਰਾਰਨਾਮਾ ਤੇ ਮੋਹਰਾਂ ਲਈਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜੇ ਦੇ ਕਿਲ੍ਹੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਤੇ ਲਾਗਲੇ ਪਿੰਡਾਂ ਦੀ ਸੰਸਾਰ ਚੰਦ ਨੂੰ ਇਕ ਜਾਗੀਰ ਦੇ ਦਿੱਤੀ ਗਈ। ਅਫ਼ਗਾਨਾਂ ਨੂੰ ਹਰਾ ਕੇ ਰਣਜੀਤ ਸਿੰਘ ਜਦੋਂ ਮੁੜਿਆ ਉਸ ਨੇ ਸ਼ੁਕਰਾਨੇ ਵਜੋਂ ਦੇਵੀ ਦੇ ਮੰਦਰ 'ਤੇ ਛੱਤ ਨੂੰ ਸੋਨੇ ਦਾ ਪੱਤਰਾ ਚੜ੍ਹਵਾਇਆ, ਤੇ ਗ਼ਰੀਬ ਗੁਰਬਿਆਂ ਨੂੰ ਬੇਸ਼ੁਮਾਰ ਦਾਨ ਦਿੱਤਾ। ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜਵਾਲਾ ਮੁਖੀ ਦੀਆਂ ਜੋਤਾਂ 'ਤੇ ਇੰਜ ਮੋਹਿਤ ਹੋਇਆ ਜਿਵੇਂ ਪਰਵਾਨਾ ਸ਼ਮ੍ਹਾਂ ਤੇ ਮੋਹਿਤ ਹੁੰਦਾ ਹੈ। ਰਣਜੀਤ ਸਿੰਘ ਦੇ ਪੁੱਤਰ ਖੜਕ ਸਿੰਘ ਨੇ ਦੇਵੀ ਨੂੰ ਚਾਂਦੀ ਦੇ ਦਰਵਾਜ਼ੇ ਚੜ੍ਹਾਏ। ਇਨ੍ਹਾ ਦਰਵਾਜ਼ਿਆਂ ਵਿਚ ਚਿਤਰਕਾਰੀ ਦਾ ਬਹੁਤ ਸ਼ਾਨਦਾਰ ਕੰਮ ਕੀਤਾ ਹੋਇਆ ਹੈ। ਇਥੋਂ ਦੇ ਪੁਜਾਰੀ ਇਨ੍ਹਾਂ ਦਰਵਾਜ਼ਿਆਂ ਨੂੰ ਬੜੇ ਮਾਣ ਨਾਲ ਵਿਖਾਉਂਦੇ ਹਨ।

ਇਸ ਸਫ਼ਰ ਵਿਚ ਮੇਰੀ ਧਰਮ ਪਤਨੀ ਇਕਬਾਲ ਕੌਰ ਵੀ ਸਾਡੇ ਨਾਲ ਸੀ ਤੇ ਸਾਰੀ ਪਾਰਟੀ ਦੇ ਖਾਣ ਪੀਣ ਦਾ ਪ੍ਰਬੰਧ ਉਹਦੇ ਜ਼ਿਮੇਂ ਸੀ। ਇਕਬਾਲ, ਆਰਚਰ, ਮੁਲਕ ਰਾਜ, ਉਸ ਦੀ ਧਰਮ ਪਤਨੀ ਸ਼ੀਰੀ, ਤੇ ਸਕੱਤਰ ਡੌਲੀ ਮੈਥੋਂ ਅਲਹਿਦਾ ਮੰਦਰ ਵਿਚ ਗਏ। ਉਨ੍ਹਾਂ ਨੇ ਜੋ ਵੇਖਿਆ, ਉਹ ਇਕਬਾਲ ਬਿਆਨ ਕਰੇਗੀ ਤੇ ਸੁਣੋ :

"ਰਾਣੀ ਤਾਲ ਤੋਂ ਜਵਾਲਾ ਜੀ ਵਿਚੋਂ ਦੀ ਹੁੰਦਿਆਂ ਹੋਇਆਂ ਸਾਡਾ ਨਦੌਣ ਜਾਣ ਦਾ ਪ੍ਰੋਗਰਾਮ ਸੀ। ਸਵੇਰ ਦੀ ਚਾਹ ਵਾਣੀ ਤੋਂ ਪਿਛੋਂ ਹਮੇਸ਼ਾ ਦੁਪਹਿਰ ਦੀ ਰੋਟੀ ਨਾਲ ਬੰਨ੍ਹ ਲਿਆ ਕਰਦੇ ਸਾਂ। ਜਿਥੇ ਕਿਤੇ ਵੀ ਰੋਟੀ ਖਾਣ ਦਾ ਵਕਤ ਹੋ ਜਾਂਦਾ ਤੇ ਜਗ੍ਹਾ ਦੀ ਖ਼ੂਬਸੂਰਤ ਵਿਖਾਈ

ਦਿੰਦੀ ਉਥੇ ਖਾਣ ਲਈ ਰੁਕ ਜਾਂਦੇ। ਸਾਰੇ ਮਿਲ ਕੇ ਖਾਣਾ ਗਰਮ ਕਰਦੇ ਤੇ ਇਕੱਠੇ ਬਹਿ ਕੇ ਖਾਂਦੇ, ਤੇ ਨਾਲੇ ਸਫ਼ਰ ਬਾਰੇ ਗੱਲਾਂ ਚਲਦੀਆਂ ਰਹਿੰਦੀਆਂ। ਫੇਰ ਥੋੜੀ ਦੇਰ ਆਰਾਮ ਕਰਕੇ ਚੀਜ਼ਾਂ ਇਕੱਠੀਆਂ ਕਰਕੇ ਅਗਲੇ ਪੜਾਅ ਲਈ ਤਿਆਰ ਹੋ ਜਾਂਦੇ।

"ਜਵਾਲਾ ਜੀ ਜਾਣ ਦੀ ਖ਼ਾਸ ਤੌਰ 'ਤੇ ਮੈਨੂੰ ਖ਼ੁਸ਼ੀ ਇਸ ਲਈ ਸੀ ਕਿ ਉਸ ਜਗ੍ਹਾ ਨੂੰ ਨਿੱਕਿਆਂ ਹੁੰਦਿਆਂ ਵੇਖਿਆ ਹੋਇਆ ਸੀ। ਇਸ ਦੀ ਧੁੰਧਲੀ ਜਿਹੀ ਯਾਦ ਅਜੇ ਤਕ ਮੇਰੇ, ਦਿਮਾਗ਼ ਵਿਚ ਸੀ। ਜਦੋਂ ਵੀ ਅਸੀਂ ਉਸ ਪਾਸੇ ਵੱਲ ਗਏ, ਇਹ ਯਾਦ ਮੈਨੂੰ ਟੁੰਬਦੀ ਕਿ ਇਸ ਸਥਾਨ ਦੇ ਫਿਰ ਦਰਸ਼ਨ ਕੀਤੇ ਜਾਣ। ਏਨਾਂ ਕੁ ਮੈਨੂੰ ਯਾਦ ਹੈ ਕਿ ਉਨ੍ਹਾਂ ਦਿਨਾਂ ਵਿਚ ਇਹ ਰਸਤਾ ਸਿਰਫ਼ ਖ਼ਚਰਾਂ ਘੋੜਿਆਂ 'ਤੇ ਹੀ ਮੁਕਾਇਆ ਜਾਂਦਾ ਸੀ। ਬਹੁਤ ਛੋਟੀ ਜਿਹੀ, ਸੱਪ ਦੀ ਤਰ੍ਹਾਂ ਵੱਲ ਖਾਂਦੀ ਹੋਈ ਪਥਰੀਲੀ ਸੜਕ ਵਿਖਾਈ ਦਿੰਦੀ ਹੁੰਦੀ ਸੀ, ਤੇ ਇਸ ਸਫ਼ਰ ਨੂੰ ਲੋਕ ਦਿਨੇ ਸੂਰਜ ਛੁਪਣ ਤੋਂ ਪਹਿਲਾਂ ਖ਼ਤਮ ਕਰ ਲੈਂਦੇ ਸਨ ਕਿਉਂਕਿ ਜੰਗਲੀ ਜਾਨਵਰ ਅਕਸਰ ਜੰਗਲਾਂ ਵਿਚੋਂ ਨਿਕਲ ਕੇ ਸੜਕ ਉਤੇ ਮਿਲ ਪੈਂਦੇ ਸਨ, ਤੇ ਕਈ ਵਾਰੀ ਹਮਲਾ ਵੀ ਕਰ ਦਿੰਦੇ ਸਨ।

"ਮੈਨੂੰ ਅਜੇ ਤੱਕ ਯਾਦ ਹੈ ਕਿ ਉਥੋਂ ਦੇ ਪੰਡਿਤਾਂ ਨੇ ਸਾਨੂੰ ਕਈ ਜਗ੍ਹਾ ਤੇ ਫਿਰ ਕੇ ਲਾਟਾਂ ਵਿਖਾਈਆਂ ਤੇ ਕਿਹਾ ਕਿ ਇਥੇ ਦੇਵੀ ਪ੍ਰਗਟ ਹੋਈ ਹੈ ਤੇ ਸਾਡੇ ਵੇਖਦਿਆਂ ਵੇਖਦਿਆਂ ਸ਼ਰਧਾਲੂ ਲੋਕ ਖੋਏ ਦੇ ਅੱਧ ਅੱਧ ਸੇਰ ਦੇ ਪੇੜੇ ਪ੍ਰਸ਼ਾਦ ਦੇ ਤੌਰ 'ਤੇ ਲੈ ਕੇ ਮੰਦਰ ਵਿਚ ਲਾਟਾਂ ਦੇਵੀ ਦੇ ਅਗੇ ਰੱਖ ਕੇ ਮੱਥਾ ਟੇਕਦੇ। ਇਸੇ ਕਰਕੇ ਮੈਨੂੰ ਫੇਰ ਜਵਾਲਾ ਦੇ ਮੰਦਰ ਵੇਖਣ ਦੀ ਤੀਬਰ ਇੱਛਾ ਸੀ।

“ਜਦੋਂ ਅਸੀਂ ਜਵਾਲਾ ਜੀ ਪਹੁੰਚੇ ਤਾਂ ਮੰਦਰਾਂ ਵਿਚ ਤਾਂ ਕੋਈ ਬਹੁਤਾ ਫ਼ਰਕ ਨਜ਼ਰ ਨਹੀਂ ਆਇਆ, ਪਰ ਮੰਦਰ ਵੱਲ ਜਾਣ ਵਾਲੇ ਜਿਸ ਬਾਜ਼ਾਰ ਵਿਚੋਂ ਲੰਘ ਕੇ ਜਾਣਾ ਪੈਂਦਾ ਸੀ ਉਸ ਦੀ ਸੜਕ ਜ਼ਰੂਰ ਚੌੜੀ ਹੋ ਗਈ ਸੀ। ਰਸਤੇ ਵਿਚ ਅਸੀਂ ਸਾਰਿਆਂ ਨੇ ਬਾਜ਼ਾਰ ਵਿਚੋਂ ਚੀਜ਼ਾਂ ਲਈਆਂ। ਸਾਡੇ ਦੋਸਤ ਆਰਚਰ ਨੂੰ ਰੰਗ ਬਰੰਗੀਆਂ ਕੱਚ ਦੀਆਂ ਚੂੜੀਆਂ ਬਹੁਤ ਪਸੰਦ ਆਈਆਂ, ਤੇ ਉਸ ਨੇ ਆਪਣੀ ਲੜਕੀ ਲਈ ਚਾਰ-ਪੰਜ ਜੋੜੇ ਖ਼ਰੀਦੇ, ਬਾਕੀ ਕਿਸੇ ਨੇ ਅੰਬ ਕੀ ਲਕੜੀ ਦੇ ਬਣੇ ਹੋਏ ਚਮਚੇ, ਦੇ ਦਹੀਂ ਰੱਖਣ ਵਾਲੇ ਕੂੰਡੇ, ਤੇ ਲਕੜੀ ਦੀਆਂ ਆਟਾਂ ਗੁੰਨ੍ਹਣ ਲਈ ਪਰਾਤਾਂ ਖ਼ਰੀਦੀਆਂ ਜੋ ਕਿ ਉਥੋਂ ਦੇ ਲੋਕਾਂ ਨੇ ਖ਼ਾਸ ਸਫ਼ਾਈ ਨਾਲ ਬਣਾਈਆਂ ਹੁੰਦੀਆਂ ਹਨ। ਤੇ ਅਸੀਂ ਬਹੁਤ ਸਾਰੀ ਧੂਫ ਤੇ ਜਵੈਂਣ ਜੋ ਕਿ ਕੌੜੇ ਤੁਮਿਆਂ ਵਿਚ ਭਰੀ ਹੁੰਦੀ ਹੈ ਖ਼ਰੀਦ ਕੇ ਮੰਦਰ ਵੱਲ ਗਏ। ਜਿਥੇ ਪੁਜਾਰੀ ਸਿਰਫ਼ ਇਸੇ ਤਾਕ ਵਿਚ ਬੈਠੇ ਸਨ ਕਿ ਕੋਈ ਜ਼ਿਆਦਾ ਜੜ੍ਹਾਵਾ ਚੜ੍ਹਾਉਣ ਵਾਲਾ ਆਵੇ ਤੇ ਉਸੇ ਦੇ ਪਿਛੇ ਲਗਿਆ ਜਾਏ।

"ਮੰਦਰ ਦੀ ਸਫ਼ਾਈ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ ਸੀ, ਨਾ ਹੀ ਕੋਈ ਭਗਤੀ ਦਾ ਭਾਵ ਉਨ੍ਹਾਂ ਦੇ ਚਿਹਰਿਆਂ 'ਤੇ ਮਾਲੂਮ ਹੁੰਦਾ ਸੀ। ਲਾਗ ਦੇ ਪਿੰਡਾਂ ਦੇ ਆਦਮੀ ਤੇ ਤੀਵੀਆਂ ਦਾ ਇਕ ਜੱਥਾ ਜੋ ਕਿ ਸ਼ਾਇਦ ਕਿਸੇ ਮੰਨਤ ਦੀ ਪੂਰਤੀ ਦੇ ਖ਼ਿਆਲ ਨਾਲ ਉਥੇ ਪਹੁੰਚਿਆ ਸੀ ਇਕ ਜਗ੍ਹਾ ਮੂਰਤੀ ਦੇ ਅਗੇ ਬੈਠ ਕੇ। ਕ੍ਰਿਸ਼ਨ ਭਗਵਾਨ ਦੇ ਗੁਣ ਗਾ ਰਿਹਾ ਸੀ। ਆਦਮੀ ਢੋਲਕੀ ਤੇ ਟੱਲੀਆਂ ਵਜਾ ਰਹੇ ਸਨ, ਤੇ ਤੀਵੀਂਆਂ ਸਖੀਆਂ ਬਣ ਬਣ ਕੇ ਨੱਚ ਰਹੀਆਂ ਸਨ, ਤੇ ਜੋ ਨੱਚਣ ਤੋਂ ਸੰਗਦੀਆਂ ਸਨ ਉਨ੍ਹਾਂ ਨੂੰ ਕਹਿ ਰਹੀਆਂ ਸਨ, ਤੁਸੀਂ ਵੀ ਨੱਚੋ, ਭਗਵਾਨ ਦੇ ਸਾਹਮਣੇ ਨੱਚਣ ਵਿਚ ਸ਼ਰਮ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਵਾਰੀ ਵਾਰੀ ਇਕ ਹਟਦੀ ਤੇ ਦੂਜੀ ਨੱਚਣ ਲੱਗ ਜਾਂਦੀ। ਕੁਝ ਦੇਰ ਤੱਕ ਅਸੀਂ ਉਨ੍ਹਾਂ ਨੂੰ ਵੇਖਦੇ ਰਹ ਹੈ।

ਇਸ ਤੋਂ ਪਿਛੋਂ ਅਸੀਂ ਵੇਖਿਆ ਕਿ ਇਕ ਡੂੰਘੀ ਜਹੀ ਜਗ੍ਹਾ 'ਤੇ ਜ਼ਮੀਨ ਦੇ ਵਿਚ ਕੁਛ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ ਤੇ ਓਥੋਂ ਦੇ ਪਾਂਡੇ ਸਭ ਨੂੰ ਨਾਲ ਲੈ ਜਾਂਦੇ ਤੇ ਨਾਲੇ ਦਸਦੇ ਕਿ ਇਸ ਜਗ੍ਹਾ ਤੋਂ ਦੇਵੀ ਪ੍ਰਗਟ ਹੋਈ ਹੈ।

"ਇਸ ਤਰ੍ਹਾਂ ਦੀਆਂ ਲਾਟਾਂ ਹੋਰ ਵੀ ਥੋੜੇ ਥੋੜੇ ਫ਼ੈਸਲੇ ਤੋਂ ਨਿਕਲ ਰਹੀਆਂ ਸਨ। ਜਿਨ੍ਹਾਂ ਲੋਕਾਂ ਨੂੰ ਇਸ ਦਾ ਕਾਰਨ ਪਤਾ ਨਹੀਂ ਸੀ ਉਹ ਭਗਵਾਨ ਦੀ ਕੁਦਰਤ ਵੇਖ ਦੇ ਦੰਗ ਰਹਿ ਜਾਂਦੇ ਸਨ, ਪਰ ਕਿਸੇ ਦਾ ਮਨ ਦੀ ਸਫ਼ਾਈ ਵੱਲ ਧਿਆਨ ਨਹੀਂ ਸੀ ਜਾਂਦਾ, ਲਾਟਾਂ ਦੇਵੀ ਨੂੰ ਪੇੜੇ, ਪਤਾਸੇ ਤੇ ਕੜਾਹ ਭੇਟਾ ਕਰਕੇ ਤੇ ਲੋਕਾਂ ਨੇ ਆਪਣੇ ਪੈਰ ਧੋ ਕੇ ਇਤਨਾ ਚਿੱਕੜ ਕੀਤਾ ਹੋਇਆ ਸੀ ਕਿ ਉਥੋ ਖਲੋਣਾ ਵੀ ਮੁਸ਼ਕਲ ਹੋ ਰਿਹਾ ਸੀ। ਸਾਡੇ ਦੋਸਤ ਆਰਚਰ ਨੂੰ ਡਰ ਸੀ ਕਿ ਪੈਰਾਂ ਨੂੰ ਕਿਸੇ ਬਿਮਾਰੀ ਦੇ ਜਰਾਸੀਸ ਨਾ ਲੱਗ ਜਾਣ। ਉਸ ਨੇ ਨੱਕ ਅੱਗੇ ਰੁਮਾਲ ਰਖਿਆ ਤੇ ਸਭ ਕੁਝ ਜਲਦੀ ਜਲਦੀ ਵੇਖ ਕੇ ਹੇਠਾਂ ਉਤਰਨ ਦੀ ਕੀਤੀ। ਅਸੀਂ ਵੀ ਉਸੇ ਦੇ ਪਿਛੇ ਪਿਛੇ ਤੁਰ ਪਏ।'"

ਜੁਆਲਾ ਮੁਖੀ ਦੇ ਸਫ਼ਰ ਵਿਚ ਸਾਡੇ ਨਾਲ ਇਕ ਲੋਕ ਗੀਤਾਂ ਦਾ ਸੰਗ੍ਰਹਿਕ ਵੀ ਸੀ। ਬੀਬੀ ਦਾੜ੍ਹੀ ਤੇ ਲੰਮੇ ਲੰਮੇ ਵਾਲ ਤੇ ਫੋਟੋਗ੍ਰਾਫ਼ੀ ਦਾ ਸ਼ੌਕੀਨ। ਫੋਟੋਗ੍ਰਾਫ਼ੀ ਉਸ ਦੀ ਏਨੀ ਚੰਗੀ ਕਿ ਫੋਟੋਆਂ ਵਿਚ ਜਾਨ ਪਾ ਦਿੰਦਾ। ਜਦ ਮੈਂ ਮੰਦਰ ਤੋਂ ਮੁੜ ਕੇ ਆਇਆ ਤਾਂ ਵੇਖਿਆ ਕਿ ਜੀਪ ਦੇ ਕੋਲ ਬੜੀ ਭੀੜ ਹੈ। ਪਤਾ ਲਗਾ ਕਿ ਮੇਰੇ ਮਿੱਤਰ ਇਕ ਪਹਾੜੀ ਔਰਤ ਦੀ ਫੋਟੋ ਖਿਚਦੇ ਉਸ ਨੂੰ ਮੂੰਹ ਦਾ ਪਲਾ ਉਤੇ ਥੱਲੇ ਕਰਨ ਦੀ ਹਿਦਾਇਤ ਦੇ ਰਹੇ ਸਨ ਕਿ ਉਪਰੋਂ ਉਸ ਦਾ ਪਤੀ ਆ ਗਿਆ। ਰੌਲਾ ਪੈ ਗਿਆ ਕਿ ਇਕ ਪਾਕਿਸਤਾਨੀ ਫ਼ਕੀਰ ਹਿੰਦੂ ਔਰਤਾਂ ਦੀਆਂ ਤਸਵੀਰਾਂ ਖਿੱਚ ਰਿਹਾ ਹੈ। ਫੇਰ ਕੀ ਸੀ ਕਿਸੇ ਨੇ ਬਾਂਹ ਫੜ, ਕਿਸੇ ਨੇ ਕੋਟ ਫੜ, ਖਿਚੋਤਾਣ ਸ਼ੁਰੂ ਕਰ ਦਿਤੀ।

ਹਿੰਦੁਸਤਾਨ ਵਿਚ, ਖ਼ਾਸ ਤੌਰ 'ਤੇ ਪੰਜਾਬ ਵਿਚ ਓਪਰੀਆਂ ਜ਼ਨਾਨੀਆਂ ਦੀ ਫ਼ੋਟੋਗ੍ਰਾਫ਼ੀ ਬੜੀ ਕਠਨ ਹੈ। ਹੋਰ ਨਹੀਂ ਤਾਂ ਇਨਾਂ ਕਹਿ ਦੇਣੋਂ ਨਹੀਂ ਟਲਦੀਆਂ, "ਜੇ ਫ਼ੋਟੋ ਖਿੱਚਣੀ ਹੈ ਤਾਂ ਆਪਣੀ ਮਾਂ ਦੀ ਖਿੱਚ, ਭੈਣ ਦੀ ਖਿੱਚ, ਤੂੰ ਸਾਥੋਂ ਕੀ ਲੈਣਾ ਹੈ।" ਅਸੀਂ ਆਪਣੇ ਮਿੱਤਰ ਨੂੰ ਬੜੀ ਮੁਸ਼ਕਲ ਨਾਲ ਬਚਾਇਆ। ਜੇ ਠਾਣੇਦਾਰ ਮੌਕੇ ਤੇ ਨਾ ਆ ਜਾਂਦਾ ਤਾਂ ਪਤਾ ਨਹੀਂ ਅਨਪੜ੍ਹ ਕਾਂਗੜਾ ਵਾਸੀ ਉਸ ਦੀ ਕੀ ਗਤ ਬਣਾਉਂਦੇ। ਉਨ੍ਹਾਂ ਨੂੰ ਸਮਝਾਇਆ ਗਿਆ ਕਿ ਇਹ ਪੰਜਾਬ ਦੇ ਟੈਗੋਰ ਹਨ, ਤੇ ਇਨ੍ਹਾਂ ਨੇ ਲੋਕ ਗੀਤ ਇਕੱਠੇ ਕਰਕੇ ਪੰਜਾਬੀ ਸਾਹਿਤ ਦੀ ਬੜੀ ਸੇਵਾ ਕੀਤੀ ਹੈ ਤੇ ਫ਼ੋਟੋਗ੍ਰਾਫ਼ੀ ਵੀ ਸਭਿਆਚਾਰਕ ਦ੍ਰਿਸ਼ਟੀਕੋਨ ਤੋਂ ਹੀ ਕਰ ਰਹੇ ਸਨ, ਤੇ ਇਨ੍ਹਾਂ ਦੀ ਕੋਈ ਮਾੜੀ ਨੀਅਤ ਨਹੀਂ ਸੀ। ਉਨ੍ਹਾਂ ਸਿੱਧੇ ਸਾਦੇ ਪਹਾੜੀਆਂ ਨੂੰ ਕੀ ਪਤਾ ਸੀ ਕਿ ਅੱਜ ਕਲ੍ਹ ਕਾਂਗੜੇ ਵਿਚ ਐਸੇ ਉਚੇ ਪੱਧਰ ਦੇ ਯਾਤਰੂ ਵੀ ਆਉਂਦੇ ਹਨ। ਉਨ੍ਹਾਂ ਨੂੰ ਤਾਂ ਹਾਲ ਤਾਈਂ ਭੈੜੇ ਯਾਤਰੂਆਂ ਦੀ ਧੱਕੇਸ਼ਾਹੀ ਦਾ ਹੀ ਤਜਰਬਾ ਸੀ ਜੋ ਉਨ੍ਹਾਂ ਦੀਆਂ ਸੁੰਦਰ ਤੀਵੀਆਂ ਨੂੰ ਬਹਿਕਾ ਕੇ ਮੈਦਾਨਾਂ ਵਿਚ ਲੈ ਜਾਂਦੇ ਸਨ।

ਜੇ ਇਕੱਲੀਆਂ ਹੋਣ ਤਾਂ ਬਹੁਤ ਸਾਰੀਆਂ ਤ੍ਰੀਮਤਾਂ ਫ਼ੋਟੋਂ ਖਿਚਾਉਣ ਤੋਂ ਇਨਕਾਰ ਨਹੀਂ ਕਰਦੀਆਂ, ਪਰ ਜੇ ਕਿਤੇ ਉਨ੍ਹਾਂ ਦੇ ਆਦਮੀ ਨੇੜੇ ਤੇੜੇ ਹੋਣ ਤਾਂ ਫ਼ੋਟੋ ਖਿੱਚਣਾ ਖ਼ਤਰੇ ਤੋਂ ਖ਼ਾਲੀ ਨਹੀਂ। ਇਕ ਵਾਰੀ ਅਸੀਂ ਸ਼ਿਮਲੇ ਤੋਂ ਨਾਰਕੰਡੇ ਜਾ ਰਹੇ ਸੀ, ਤੇ ਜਦ ਫਾਗੂ ਦੇ ਕੋਲ ਪਹੁੰਚੇ ਤਾਂ ਇਕ ਬੜੀ ਸੁੰਦਰ ਪਹਾੜਨ ਸੁਨਹਿਰੀ ਕੈਂਠਾ ਪਾਈ, ਸਿਰ 'ਤੇ ਗੂੜ੍ਹਾ ਪੀਲਾ ਰੁਮਾਲ ਬੰਨ੍ਹੀ ਤੇ ਨੱਕ ਵਿਚ ਲੌਂਗ ਪਾਈ, ਜਿਹੜਾ ਡੁਬਦੇ ਸੂਰਜ ਦੀ ਰੌਸ਼ਨੀ ਵਿਚ ਲਿਸ਼ਕਾਰੇ ਮਾਰ ਰਿਹਾ ਸੀ, ਸੜਕ 'ਤੇ ਠੁਮਕ ਠੁਮਕ ਕਰਦੀ ਜਾ ਰਹੀ ਸੀ। ਮੇਰੇ ਸਾਥੀ ਸ਼ੋਰੀ ਨੂੰ ਜਿਹੜਾ ਫ਼ੋਟੋਗ੍ਰਾਫ਼ੀ ਦੇ ਨਸ਼ੇ ਵਿਚ ਮਸਤ ਹੋਇਆ ਹੋਇਆ ਸੀ, ਅਜਿਹਾ ਮੌਕਾ ਕਿਥੋਂ ਮਿਲ ਸਕਣਾ ਸੀ। ਝਟ ਕੈਮਰਾ ਖੋਲ੍ਹ, ਟਿਚ ਟਿਚ ਕਰਨੀ ਸ਼ੁਰੂ ਕਰ ਦਿਤੀ। ਦੋ ਮਿੰਟਾ ਵਿਚ ਹੀ ਉਸ ਤ੍ਰੀਮਤ ਦਾ ਘਰ ਵਾਲਾ ਛੱਤਰੀ ਘੁਮਾਉਂਦਾ ਉਪਰੋਂ ਆ ਗਿਆ ਤੇ ਬੋਲਿਆ, "ਬਾਬੂ ਜੀ ਕੀ ਕਰਦੇ ਹੋ।" ਬਾਬੂ ਜੀ ਦੀ ਅਟੀ ਸਟੀ ਭੁਲ ਗਈ, ਤੇ ਕੈਮਰੇ ਦੇ ਲੈਨਜ਼ ਇਕ ਦਰਖ਼ਤ ਵੱਲ ਘੁਮਾ ਕੇ ਕਹਿਣ ਲੱਗਾ, “ਜੰਗਲ ਦੀ ਤਸਵੀਰ ਖਿੱਚਦਾ ਹਾਂ।"

# ਡਾਡਾ ਸਿੱਬਾ

ਟਣ, ਟਣ, ਟਣ, ਟੱਲੀਆਂ ਦੀ ਆਵਾਜ਼ ਆਈ ਤੇ ਮੇਰੀ ਅੱਖ ਖੁਲ੍ਹ ਗਈ। ਹਾਲੇ ਮੂੰਹ ਝਾਖਰਾ ਸੀ, ਤੇ ਹਾਲੀ ਜੱਟ ਬਲਦਾਂ ਦੀਆਂ ਜੋਗਾਂ ਨੂੰ ਹੱਕੀ ਖੇਤਾਂ ਵਲ ਜਾ ਰਹੇ ਹਨ। ਸਵੇਰ ਦਾ ਤਾਰਾ ਸਾਹਮਣੇ ਪਹਾੜ ਦੀ ਜੋਤ 'ਤੇ ਚਮਕ ਰਿਹਾ ਸੀ, ਤੇ ਉਹਦੇ ਆਲੇ ਦੁਆਲੇ ਨਿੰਮ੍ਹੀ ਨਿੰਮ੍ਹੀ ਰੋਸ਼ਨੀ ਦਾ ਦਾਇਰਾ ਸੀ, ਜੋ ਇੰਜ ਲੱਗਦਾ ਸੀ ਜਿਵੇਂ ਪਰਵਾਰ ਲਗਾ ਹੋਵੇ। ਮੈਂ ਉਠ ਕੇ ਦਰਿਆ ਦੇ ਢਾਹੇ ਉਤੇ ਗਿਆ। ਬਰਫ਼ਾਨੀ ਪਹਾੜਾਂ ਵਲੋਂ ਠੰਢੀ ਹਵਾ ਰੁਮਕ ਰਹੀ ਸੀ, ਜਿਸ ਨੇ ਕਾਂਬਾ ਛੇੜ ਦਿਤਾ। ਕੂੰਜਾਂ ਦੀ ਇਕ ਡਾਰ ਮੈਦਾਨਾਂ ਵਲ ਉੱਡੀ ਜਾ ਰਹੀ ਸੀ, ਤੇ ਉਨ੍ਹਾਂ ਦੀ ਆਵਾਜ਼ ਆਈ, ਜਿਵੇਂ ਔਰਗਨ ਵਜ ਰਿਹਾ ਹੋਵੇ। ਕਿੰਨੀ ਸ਼ੁਭ ਹੈ ਸਾਰਸਾਂ ਦੀ ਆਵਾਜ਼। ਇਹ ਹੈ ਸੱਚੇ ਪ੍ਰੇਮੀਆਂ ਦੀ ਆਵਾਜ਼ ਜੋ ਉਮਰ ਭਰ ਇਕੱਠੇ ਰਹਿੰਦੇ ਹਨ ਤੇ ਕਦੇ ਵੀ ਇਕ ਦੂਜੇ ਤੋਂ ਵੱਖ ਨਹੀਂ ਹੁੰਦੇ। ਪੁੰਗਾਰੇ ਦੀ ਰੁੱਤ ਸੀ। ਵਾਹਾ ਗਾਰਨਿਆਂ ਦਿਆਂ ਫੁੱਲਾਂ ਦੀ ਮਹਿਕ ਨਾਲ ਭਰਪੂਰ ਸੀ। ਹੌਲੀ ਹੌਲੀ ਸੂਰਜ ਨਿਕਲਿਆ ਤੇ ਉਹਦੀਆਂ ਕਿਰਨਾਂ ਨੇ ਪਿੱਪਲਾਂ ਦੀਆਂ ਕੋਂਪਲਾਂ ਉਤੇ ਸੋਨੇ ਦੀ ਝਾਲ ਫੇਰ ਦਿਤੀ। ਘਾਹ 'ਤੇ ਤ੍ਰੇਲ ਦੇ ਮੋਤੀ ਸੂਰਜ ਦੀ ਰੌਸ਼ਨੀ ਵਿਚ ਡੁਲ੍ਹ ਡੁਲ੍ਹ ਪੈਂਦੇ ਸੀ। ਬਿਆਸ ਬੜੀ ਸ਼ਾਂਤੀ ਨਾਲ ਚਿੱਟੇ ਪੱਥਰਾਂ ਵਿਚ ਘਿਰਿਆ, ਮੈਦਾਨਾਂ ਵਲ ਜਾ ਰਿਹਾ ਸੀ ਤੇ ਕੰਢੇ ਉਤੇ ਟਟੀਰੀਆਂ ਤੇ ਚਹੇ ਕਲੋਲਾਂ ਕਰ ਰਹੇ ਸਨ।

ਸਵੇਰ ਦਾ ਨਜ਼ਾਰਾ ਮਾਣ ਕੇ ਮੈਂ ਆਪਣੇ ਸਾਥੀਆਂ ਨੂੰ ਜਗਾਇਆ। ਇਕਬਾਲ ਨੇ ਝਟ ਪਟ ਸਾਮਾਨ ਬੰਨ੍ਹ, ਚਾਹ ਤੇ ਉਬਲੇ ਹੋਏ ਆਂਡੇ ਸਾਰਿਆਂ ਨੂੰ ਵੰਡੇ। ਰਸੀਲ ਸਿੰਘ ਨੇ ਕਾਰ ਵਿਚ ਫੁਰਤੀ ਨਾਲ ਸਾਮਾਨ ਲੱਦਿਆ ਤੇ ਅਸੀਂ ਤਿਆਰ ਹੋ ਕੇ ਅਗਲੀ ਮੰਜ਼ਲ ਦਾ ਖ਼ਿਆਲ ਕਰਦੇ ਹੋਏ ਦਰਿਆ ਵਲ ਤੁਰ ਵਏ। ਜਦ ਉਤਰਾਈ ਖ਼ਤਮ ਹੋਈ ਤਾਂ ਕਾਰ ਵਿਚ ਚੜ੍ਹ ਗਏ।

ਜਦੋਂ ਅਸੀਂ ਬੇੜੀਆਂ ਦੇ ਪੁਲ ਉਪਰੋਂ ਦਰਿਆ ਪਾਰ ਕਰ ਰਹੇ ਸਾਂ ਤਾਂ ਦੋ ਵਜ਼ੀਰਾਂ ਨਾਲ ਟਾਕਰਾ ਹੋਇਆ। ਇਕ ਦੇ ਮੱਥੇ ਉਤੇ ਲਾਲ ਟਿੱਕਾ ਸੀ ਜਿਸ ਵਿਚ ਚੌਲਾਂ ਦੇ ਚਿੱਟੇ ਦਾਣੇ ਜੜੇ ਹੋਏ ਸਨ। ਦੂਜੇ ਦੇ ਮੱਥੇ ਦਾ ਟਿੱਕਾ ਹੋਰ ਵੀ ਖ਼ੂਬਸੂਰਤੀ ਨਾਲ ਸਜਿਆ ਹੋਇਆ ਸੀ। ਵਜ਼ਾਰਤਾਂ ਦੇ ਡਾਵਾਂ ਡੋਲ ਹੋਣ ਕਰ ਕੇ ਇਨ੍ਹਾਂ ਦੇ ਦਿਲਾਂ ਵਿਚ ਜਵਾਲਾ ਮੁਖੀ ਦੀ ਦੇਵੀ ਦੀ ਸ਼ਰਧਾ ਹੋਰ ਵੀ ਵਧ ਗਈ ਸੀ, ਜਿਹੜੀ ਆਖ਼ਰਕਾਰ ਕੰਮ ਨਹੀਂ ਆਈ। ਇਨ੍ਹਾਂ ਦੋਹਾਂ ਪੁਰਸ਼ਾਂ ਨੂੰ ਨਜੂਮੀਆਂ ਵਿਚ ਵੀ ਖ਼ਾਸ ਸ਼ਰਧਾ ਸੀ ਤੇ ਕੋਈ ਵੀ ਕੰਮ ਨਜੂਮੀਆਂ ਤੋਂ ਪੁੱਛੇ ਬਿਨਾਂ ਨਹੀਂ

ਸਨ ਕਰਦੇ। ਇਸ ਵਿਚ ਇਨ੍ਹਾਂ ਵਿਚਾਰਿਆਂ ਦਾ ਕਸੂਰ ਕੀ ਸੀ ? ਕੋਈ ਵੀ ਇਨਸਾਨ ਜਦੋਂ ਦੋ-ਚਿੱਤੀ ਵਿਚ ਪਿਆ ਹੋਵੇ ਤਾਂ ਆਸਰਾ ਟੋਲਦਾ ਹੈ, ਤੇ ਢਾਰਸ ਬੰਨ੍ਹਣ ਲਈ ਨਜੂਮੀਆਂ ਤੋਂ ਪੁੱਛਾਂ ਪੁੱਛਦਾ ਹੈ। ਸਿਆਣੇ ਨਜੂਮੀ ਵੀ ਉਹੋ ਹਨ ਜੋ ਦਿਲ ਨੂੰ ਖ਼ੁਸ਼ ਕਰਨ ਵਾਲਾ ਹੀ ਨਜੂਮ ਦੱਸਣ।

ਸਾਡੀ ਕਾਰ ਹੁਣ ਗੋਲ ਗੀਟਿਆਂ ਤੇ ਪੱਥਰਾਂ ਉਤੇ ਠੱਕ ਠੱਕ ਕਰਦੀ ਹੋਈ ਲੰਘ ਰਹੀ ਸੀ, ਜਿਹੜੇ ਦਰਿਆ ਤੇ ਨਦੀ ਨਾਲਿਆਂ ਤੇ ਪਾਟ ਉਤੇ ਬਿਖਰੇ ਹੋਏ ਹਨ। ਬਾਰਾਂ ਮੀਲ ਲੰਮੀ ਡਾਡਾ ਸਿੱਬਾ ਦੀ ਸੜਕ ਦੇ ਦੋਵੇਂ ਪਾਸੇ ਹਰੜ ਤੇ ਅੰਬਾਂ ਦੇ ਘਣੇ ਦਰੱਖ਼ਤ ਹਨ। ਇਨ੍ਹਾਂ ਤੋਂ ਇਲਾਵਾ ਚੌੜੇ ਚੌੜੇ ਪੱਤਿਆਂ ਵਾਲੇ ਬਹੇੜੇ ਤੇ ਅਰਜਨ ਦੇ ਬ੍ਰਿਛ ਮੁਸਾਫ਼ਰਾਂ ਨੂੰ ਆਪਣੀ ਛਾਂ ਨਾਲ ਜੀ ਆਇਆ ਕਹਿ ਰਹੇ ਸਨ। ਆਖ਼ਰ ਅਸੀਂ ਡਾਡਾ ਖੱਡ ਨਾਂ ਦੇ ਇਕ ਪਹਾੜੀ ਨਾਲੇ ਉਤੇ ਪੁਜੇ। ਇਹ ਖੱਡ ਬਹੁਤ ਚੌੜੀ ਹੈ। ਇਹਦਾ ਪਾਟ ਗੋਲ ਗੀਟਿਆਂ ਨਾਲ ਭਰਿਆ ਪਿਆ ਹੈ। ਅਸੀਂ ਕੁਝ ਚਿਰ ਇਕ ਅੰਬ ਦੇ ਬੂਟੇ ਹੇਠ ਸੁਸਤਾਏ ਜਿਥੋਂ ਡਾਡਾ ਸਿੱਬਾ ਦੇ ਪੁਰਾਣੇ ਮਹੱਲਾਂ ਦਾ ਸੁੰਦਰ ਨਜ਼ਾਰਾ ਮਾਣਿਆ ਜਾ ਸਕਦਾ ਸੀ। ਬਾਰਾਂਦਰੀ ਤੇ ਰਾਜੇ ਦਾ ਮਹੱਲ, ਜਿਹੜਾ ਡਾਡਾ ਨਾਂ ਦੇ ਪਿੰਡ ਉਤੇ ਪਹਾੜ ਦੀ ਕੁਖ ਵਿਚ ਬਣੇ ਹੋਏ ਹਨ, ਬਹੁਤ ਦਿਲਕਸ਼ ਪ੍ਰਤੀਤ ਹੁੰਦੇ ਹਨ। ਖੱਡ ਪਾਰ ਕਰਨ ਤੋਂ ਬਾਅਦ ਅਸੀਂ ਇਕ ਅਤਿ ਰਮਣੀਕ ਜੰਗਲ ਜਿਵੇਂ ਗੁਜ਼ਰੇ, ਜਿਸ ਵਿਚ ਅਮਲਤਾਸ, ਬਹੇੜਾ ਤੇ ਬਾਂਸ ਦੇ ਦਰੱਖ਼ਤਾਂ ਦੇ ਝੁੰਡਾਂ ਦੇ ਝੁੰਡ ਹਨ। ਕੋਮਲ ਬਾਂਸਾ ਨਾਲ ਡੱਕੀਆਂ ਪਹਾੜੀਆਂ ਪਿਆਰੀਆਂ ਲੱਗਦੀਆਂ ਹਨ। ਬਾਰਾਂਦਰੀ ਜਿਹੜੀ ਕਿਸੇ ਵੇਲੇ ਰਾਜਿਆਂ ਦਾ ਨਿਵਾਸ ਅਸਥਾਨ ਸੀ, ਹੁਣ ਢਹਿ ਢੂਹ ਗਈ ਹੈ। ਅੱਜ ਕਲ੍ਹ ਇਸ ਦੇ ਛੱਤ ਨਹੀਂ ਹੈ ਤੇ ਕੰਧਾਂ ਦੇ ਚਿੱਤਰ, ਜਿਹੜੇ ਕਿਸੇ ਜ਼ਮਾਨੇ ਵਿਚ ਬੜੇ ਸੁੰਦਰ ਹੋਣਗੇ, ਹੁਣ ਜ਼ਿਆਦਾ ਤਰ ਮਿਟ ਚੁਕੇ ਹਨ। ਬਾਰਾਂਦਰੀ ਦੀਆਂ ਢੁਠਵਾਹਣਾਂ ਨੂੰ ਵੇਖ ਕੇ ਅਸੀਂ ਰਾਜੇ ਦੀ ਇਕ ਬੁੱਢੀ ਰਿਸ਼ਤੇਦਾਰ ਰਾਣੀ ਅਬਰੋਲ ਨੂੰ ਮਿਲੇ। ਇਹਦੇ ਘਰ ਦੇ ਬਰਾਮਦੇ ਵਿਚ ਕਾਂਗੜੇ ਦੇ ਕਈ ਪੁਰਾਣੇ ਚਿੱਤਰ ਕੰਧ ਨਾਲ ਲਗੇ ਹੋਏ ਹਨ ਜਿਹੜੇ ਬਹੁਤ ਨਿੰਮ੍ਹੇ ਹੋ ਚੁਕੇ ਹਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਕਾਂਗੜੇ ਤੇ ਚਿੱਤਰਾਂ ਦੇ ਰੰਗ ਉਦੋਂ ਤਕ ਹੀ ਰਹਿ ਸਕਦੇ ਹਨ ਜਦੋਂ ਤਕ ਇਹ ਬਸਤਿਆਂ ਵਿਚ ਬਝੇ ਰਹਿਣ।

ਮੈਂ ਰਾਣੀ ਤੋਂ ਪੁੱਛਿਆ ਕਿ ਮੈਥੋਂ ਪਹਿਲਾਂ ਵੀ ਕਿਸੇ ਸੱਜਣ ਨੇ ਉਨ੍ਹਾਂ ਦੇ ਚਿੱਤਰਾਂ ਦੇ ਦਰਸ਼ਨ ਕੀਤੇ ਹਨ ? ਰਾਣੀ ਬੋਲੀ ਕਿ ਦੋ ਸਾਲ ਹੋਏ ਇਕ ਸਿੱਖ ਅਫ਼ਸਰ ਆਇਆ ਸੀ ਤੇ 'ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਹਿ' ਵਾਲੇ ਸਾਰੇ ਚਿੱਤਰ, ਜਿਨ੍ਹਾਂ ਬੀਬੀਆਂ ਦਾੜ੍ਹੀਆਂ ਤੇ ਸਿੱਧੇ ਦਸਤਾਰੇ ਵਿਖਾਏ ਗਏ ਸਨ, ਉਸ ਨੂੰ ਬਹੁਤ ਪਸੰਦ ਆਏ ਸਨ। ਕਿਉਂਕਿ

ਉਹ ਸਮੇਂ ਦਾ ਹਾਕਮ ਸੀ, ਤੇ ਵੱਡੇ ਜ਼ਿਮੀਦਾਰ ਹਾਕਮ-ਇਲਾਕਾ ਨੂੰ ਹਮੇਸ਼ਾ ਖ਼ੁਸ਼ ਕਰਨ ਦੀ ਕੋਸ਼ਿਸ਼ ਕਰਦੇ ਸੀ, ਹੋ ਸਕਦਾ ਹੈ ਰਾਣੀ ਨੇ ਇਹ ਚਿੱਤਰ ਆਪਣੀ ਮਰਜ਼ੀ ਨਾਲ ਹੀ ਉਸ ਨੂੰ ਭੇਟ ਕਰ ਦਿਤੇ ਹੋਣ।

ਭਾਰਤ ਦੇਸ਼ ਖ਼ੁਸ਼ਾਮਦ ਲਈ ਮਸ਼ਹੂਰ ਹੈ ਤੇ ਵਡਿਆਲੀ ਤੇ ਖ਼ੁਸ਼ਾਮਦ ਮੁਗ਼ਲ ਰਾਜ ਤੋਂ ਹੀ ਪ੍ਰਚਲੱਤ ਹੈ। ਮੁਗ਼ਲਾਂ ਦਾ ਪ੍ਰਸਿੱਧ ਅਖਾਣ ਹੈ ਕਿ "ਜਦ ਬਾਦਸ਼ਾਹ ਦਿਨ ਨੂੰ ਕਹੇ ਰਾਤ ਹੈ। ਤਾਂ ਉਨ੍ਹਾਂ ਦਾ ਫ਼ਰਜ਼ ਹੈ ਕਿ ਕਹਿਣ ਬਾਦਸ਼ਾਹ ਸਲਾਮਤ ਤਾਰੇ ਬੜੀ ਤੇਜ਼ੀ ਨਾਲ ਚਮਕ ਰਹੇ ਹਨ।" ਇਸ ਤੋਂ ਮੈਨੂੰ ਰਾਇ ਬਰੇਲੀ ਦੀ ਇਕ ਹੋਰ ਘਟਨਾ ਵੀ ਚੇਤੇ ਆਉਂਦੀ ਹੈ। ਮੈਂ 1940 ਵਿਚ ਰਾਇ ਬਰੇਲੀ ਵਿਖੇ ਡਿਪਟੀ ਕਮਿਸ਼ਨਰ ਸੀ ਤੇ ਮੈਥੋਂ ਪਹਿਲਾਂ ਪਹਿਲਾਂ ਡਾਕਟਰ ਐਸ. ਐਸ. ਨਹਿਰੂ ਜਿਨ੍ਹਾਂ ਨੂੰ ਪੌਦਿਆਂ ਤੇ ਬਿਜਲੀ ਨਾਲ ਤਜਰਬੇ ਕਰਨ ਦਾ ਬੜਾ ਸ਼ੌਂਕ ਸੀ, ਇਸ ਜ਼ਿਲੇ ਦੇ ਡਿਪਟੀ ਕਮਿਸ਼ਨਰ ਸਨ। ਜਦ ਕੋਈ ਢਿਡ ਪੀੜ ਦੀ ਸ਼ਿਕਾਇਤ ਲੈ ਕੇ ਉਨ੍ਹਾਂ ਨੂੰ ਮਿਲਦਾ, ਉਹ ਪਾਣੀ ਦੀ ਬੋਤਲ ਦੇਂਦੇ ਜਿਸ ਵਿਚ ਬਿਜਲੀ ਲਾਈ ਹੋਈ ਸੀ। ਬਹੁਤ ਸਾਲੇ ਮਰੀਜ਼ ਉਨ੍ਹਾਂ ਦੀ ਜ਼ਿਲਾ ਕਚਹਿਰੀ ਦੇ ਨੌਕਰ ਹੀ ਸਨ ਤੇ ਹਮੇਸ਼ਾ ਇਹੀ ਰਿਪੋਰਟ ਦੇਂਦੇ ਕਿ ਬਿਜਲੀ ਦੇ ਪਾਣੀ ਨੇ ਉਨ੍ਹਾਂ ਨੂੰ ਬੜਾ ਫ਼ਾਇਦਾ ਕੀਤਾ ਹੈ। ਇਕ ਵਾਰੀ ਡਾ: ਨਹਿਰੂ ਚਰੀ ਉਤੇ ਬਿਜਲੀ ਦੇ ਪਾਣੀ ਦਾ ਤਜਰਬਾ ਕਰ ਰਹੇ ਸਨ। ਚਰੀ ਛੇ ਇੰਚ ਹੀ ਉੱਚੀ ਹੋਈ ਸੀ ਕਿ ਉਨ੍ਹਾਂ ਨੂੰ ਚੌਂਦਾਂ ਦਿਨਾਂ ਲਈ ਕਿਧਰੇ ਜਾਣਾ ਪਿਆ। ਜਾਣ ਲਗੇ ਤਹਿਸੀਲਦਾਰ ਬਾਬਾਰ ਮਿਰਜ਼ਾ ਨੂੰ ਕਹਿ ਗਏ ਕਿ ਚਰੀ ਦੇ ਪੌਦਿਆਂ ਦਾ ਧਿਆਨ ਰਖੇ ਤੇ ਰੋਜ਼ ਬਿਜਲੀ ਵਾਲਾ ਪਾਣੀ ਪਾਉਂਦਾ ਰਹੇ। ਦਸਵੇਂ ਦਿਨ ਮਾਲੀ ਦੀ ਅਨਗਿਹਲੀ ਵਿਚ ਇਕ ਗਾਂ ਚਰੀ ਦਾ ਸਫ਼ਾਇਆ ਕਰ ਗਈ। ਜਦ ਤਹਿਸੀਲਦਾਰ ਨੇ ਸ਼ਾਮ ਨੂੰ ਵੇਖਿਆ ਤਾਂ ਬੜਾ ਪਰੇਸ਼ਾਨ ਹੋਇਆ। ਇਹ ਤਹਿਸੀਲਦਾਰ ਚੰਗਾ ਪ੍ਰਬੰਧਕ ਸੀ, ਅਗਲੀ ਸਵੇਰ ਹੀ ਖੇਤਾਂ ਤੋਂ ਚਾਰ ਚਾਰ ਫੁਟ ਉੱਚੀ ਚਰੀ ਲੈ ਆਇਆ ਤੇ ਚਰੇ ਹੋਏ ਖੇਤ ਵਿਚ ਗਡ ਦਿਤੀ। ਜਦ ਡਾਕਟਰ ਨਹਿਰੂ ਵਾਪਸ ਆਏ ਤਾਂ ਵੇਖਿਆ ਕਿ ਚਰੀ ਬੜੀ ਉੱਚੀ ਹੋ ਗਈ। ਉਨ੍ਹਾਂ ਤਹਿਸੀਲਦਾਰ ਤੋਂ ਕਾਰਣ ਪੁੱਛਿਆ। ਇਹ ਬੋਲਿਆ, "ਕੁਝ ਬਿਜਲੀ ਕੇ ਪਾਣੀ ਨੇ ਕਾਮ ਕੀਆ, ਕੁਝ ਹਜ਼ੂਰ ਕੇ ਇਕਬਾਲ ਨੇ ਜ਼ੋਰ ਕੀਆ, ਜਿਸ ਸੇ ਤਰ੍ਹਾਂ ਇਸ ਕਦਰ ਬੜ੍ਹ ਗਈ।" ਉਸ ਤੋਂ ਜ਼ਾਹਰ ਹੁੰਦਾ ਹੈ ਕਿ ਹਜ਼ੂਰ ਦਾ ਇਕਬਾਲ ਇਸ ਦੇਸ਼ ਵਿਚ ਬੜੇ ਕ੍ਰਿਸ਼ਮੇ ਕਰ ਸਕਦਾ ਹੈ। ਸੁਤੰਤਰ ਭਾਰ ਵਿਚ ਵੀ ਹਜ਼ੂਰ ਦਾ ਇਕਬਾਲ ਅਤੇ ਤਕ ਕੰਮ ਕਰਦਾ ਹੈ। ਜਦ ਗਵਰਨਰ ਜਾਂ ਕੋਈ ਕਮਿਸ਼ਨਰ ਕਿਸੇ ਪਿੰਡ ਦਾ ਦੌਰਾ ਕਰਦੇ ਹਨ ਤਾਂ ਸਫ਼ਾਈਆਂ ਕਰਾ ਕਰਾ ਕੇ ਲੋਕਾਂ ਦੇ ਜੀਵਨ ਦਾ ਝੂਠਾ ਨਕਸ਼ਾ ਪੇਸ਼ ਕੀਤਾ ਜਾਂਦਾ ਹੈ।

ਰਾਣੀ ਤੋਂ ਛੁੱਟੀ ਲੈ ਕੇ ਅਸੀਂ ਡਾਡਾ ਸਿੱਬਾ ਦੇ ਨੌਜਵਾਨ ਰਾਜੇ ਨੂੰ ਮਿਲੇ, ਜਿਹੜਾ ਨਵੇਂ ਢੰਗ ਦੇ ਬਣੇ ਇਕ ਘਰ ਵਿਚ ਰਹਿੰਦਾ ਸੀ। ਸਿੱਬਾ ਦੀ ਰਿਆਸਤ ਗੁਲੇਰ ਰਿਆਸਤ ਦਾ

ਇਕ ਹਿੱਸਾ ਸੀ। 1460 ਵਿਚ ਰਾਜਾ ਗੁਲੇਰ ਦੇ ਨਿੱਕੇ ਭਰਾ ਸਬਰਨ ਚੰਦ ਨੇ ਖ਼ੁਦਮੁਖ਼ਤਿਆਰ ਰਿਆਸਤ ਕਾਇਮ ਕਰ ਲਈ ਤਾਂ ਆਪਣੀ ਰਾਜਧਾਨੀ ਕਾਇਮ ਕੀਤੀ, ਜਿਸ ਨੂੰ ਉਸ ਦੇ ਨਾਂ ਦੇ ਪਿਛੇ ਸਿੱਬਾ ਕਿਹਾ ਜਾਂਦਾ ਹੈ। ਇਹ ਥਾਂ ਬਿਆਸ ਦੇ ਖੱਬੇ ਕੰਢੇ ਉਤੇ ਹੈ। ਜਹਾਂਗੀਰ 1622 ਵਿਚ ਕਾਂਗੜਾ ਜਾਂਦੇ ਹੋਏ ਇਥੋਂ ਲੰਘਿਆ ਸੀ। 1808 ਵਿਚ ਗੁਲੇਰ ਦੇ ਰਾਜਾ ਰੂਪ ਸਿੰਘ ਨੇ ਸਿੱਬਾ ਨੂੰ ਫਿਰ ਆਪਣੀ ਰਿਆਸਤ ਵਿਚ ਮਿਲਾ ਲਿਆ ਤੇ 1809 ਵਿਚ ਗੁਲੇਰ ਤੇ ਹੋਰ ਪਹਾੜੀ ਰਿਆਸਤਾਂ ਮਹਾਰਾਜਾ ਰਣਜੀਤ ਸਿੰਘ ਦੇ ਕਾਬੂ ਆ ਗਈਆਂ। ਸਿੱਬਾ ਇਸ ਕਾਰਨ ਬਰਬਾਦ ਹੋਣੋਂ ਬਚ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰ ਰਾਜਾ ਧਿਆਨ ਸਿੰਘ ਨੇ ਸਿੱਖਾ ਦੀਆਂ ਦੋ ਰਾਜਕੁਮਾਰੀਆਂ ਨਾਲ ਵਿਆਹ ਕੀਤਾ ਹੋਇਆ ਸੀ। ਜਿਥੇ ਦਾ ਰਾਜਾ ਗੋਬਿੰਦ ਸਿੰਘ 1845 ਵਿਚ ਸੁਰਗਵਾਸ ਹੋਇਆ। ਉਸ ਤੋਂ ਬਾਅਦ ਰਾਜਾਰਾਮ ਸਿੰਘ ਗੱਦੀ ਉਤੇ ਬੈਠਾ ਤੇ ਸਿੱਖਾਂ ਦੀ ਦੂਜੀ ਲੜਾਈ ਸਮੇਂ ਉਸ ਨੇ ਇਨ੍ਹਾਂ ਨੂੰ ਇਥੋਂ ਬਾਹਰ ਕਢ ਦਿਤਾ। 1865 ਵਿਚ ਰਾਮ ਸਿੰਘ ਨੇ ਡਾਡਾ ਵਿਚ ਇਕ ਮੰਦਰ ਬਣਵਾਇਆ। ਇਸ ਮੰਦਰ ਵਿਚ ਹੁਸ਼ਿਆਪੁਰ ਦੇ ਹਰਿਆਣਾ ਨਾਂ ਦੇ ਕਸਬੇ ਦੇ ਕਲਾਕਾਰਾਂ ਦੇ ਬਣਾਏ ਕੁਝ ਕੰਧ ਚਿੱਤਰ ਹਨ। ਇਸ ਮੰਦਰ ਵਿਚ ਕ੍ਰਿਸ਼ਨ ਮਹਾਰਾਜ, ਸ਼ਿਵ ਤੇ ਦੁਰਗਾ ਦੀ ਉਪਾਸ਼ਨਾ ਹੁੰਦੀ ਹੈ। ਕੰਧ-ਚਿੱਤਰਾਂ ਦੇ ਰੰਗ ਅਜੇ ਤਕ ਸੱਜਰੇ ਹਨ। ਇਨ੍ਹਾਂ ਵਿਚੋਂ ਕਈ ਦਿਲਚਸਪ ਵੀ ਸਨ। ਇਨ੍ਹਾਂ ਚਿੱਤਰਾਂ ਵਿਚੋਂ ਇਕ ਚਿੱਤਰ ਵਿਚ ਇਸਤ੍ਰੀਆਂ ਦੀਆਂ ਮੂਰਤਾਂ ਨੂੰ ਜੋੜ ਕੇ ਇਕ ਹਾਥੀ ਬਣਾਇਆ ਗਿਆ ਹੈ, ਜਿਸ ਉਤੇ ਕ੍ਰਿਸ਼ਨ ਮਹਾਰਾਜ ਰਾਧਾ ਦੇ ਨਾਲ ਸਵਾਰੀ ਕਰ ਰਹੇ ਹਨ। ਇਕ ਹੋਰ ਚਿੱਤਰ ਵਿਚ 'ਕ੍ਰਿਸ਼ਨ ਕਾਲੀਆ ਨਾਗ ਨੂੰ ਮਾਰ ਰਿਹਾ ਹੈ। ਤੇ ਹੋਰ ਵਿਚ ਸ੍ਰੀ ਰਾਮ ਚੰਦਰ ਸ਼ਿਵ ਦੇ ਧਨੁਸ਼ ਨੂੰ ਤੋੜ ਰਹੇ ਵਿਖਾਏ ਗਏ ਹਨ। ਇਕ ਕੰਧ-ਚਿੱਤਰ ਰਾਜਾ ਰਾਮ ਸਿੰਘ ਦਾ ਵੀ ਹੈ। ਰਾਜਾ ਰਾਮ ਸਿੰਘ 1974 ਵਿਚ ਮਰਿਆ, ਪਰ ਉਸ ਨੂੰ ਅਜੇ ਤਕ ਇਸ ਮੰਦਰ ਵਿਚ ਯਾਦ ਕੀਤਾ ਜਾਂਦਾ ਹੈ। ਸਿੱਬਾ ਦਾ ਕਿਲਾ ਜਿਹੜਾ ਅੱਜ ਕਲ੍ਹ ਖ਼ਾਲੀ ਪਿਆ ਹੋਇਆ ਹੈ, ਇਕ ਖੰਡਰ ਜਿਹਾ ਬਣਦਾ ਜਾ ਰਿਹਾ ਹੈ।

ਅਸੀਂ ਡਾਡਾ ਸਿੱਬਾ ਦੇ ਮੰਦਰ ਦੇ ਕੰਧ-ਚਿੱਤਰ ਵੇਖ ਕੇ ਪ੍ਰਕਰਮਾਂ ਵਿਚ ਬੈਠੇ ਹੀ ਸਾਂ ਕਿ ਇਕ ਸਜ-ਵਿਆਹੀ ਪਹਾੜਨ ਨੱਕ ਵਿਚ ਨੱਥ ਪਾਈ ਸਿਰ ਉਤੇ ਲਾਲ ਦੁਪੱਟਾ ਤੇ ਘੁੰਡ ਲਮਕਾਈ ਮੰਦਰ ਵਲ ਆਈ। ਉਸੇ ਦੇ ਪਿਛੇ ਉਸ ਦਾ ਪਤੀ, ਕੋਈ ਵੀਹ ਕੁ ਸਾਲ ਦਾ ਮੁੰਡਾ, ਕਾਲੀ ਛਤਰੀ ਹੱਥ ਵਿਚ ਲਈ, ਬੂਟੇਦਾਰ ਰੇਸ਼ਮ ਦਾ ਕੋਟ ਪਹਿਨੀ ਆ ਰਿਹਾ ਸੀ। ਹਰੀ ਕ੍ਰਿਸ਼ਨ ਗੋਰਖੇ ਨੇ, ਜਿਹੜਾ ਕਿ ਇਸ ਸਫ਼ਰ ਦਾ ਸਾਡਾ ਸਾਥੀ ਸੀ, ਇਸ ਜੋੜੇ ਦੀ ਫੋਟੋ ਖਿਚਣੀ ਚਾਹੀ। ਹੁਣ ਵੇਖੋ ਗੋਰਖੇ ਨੇ ਕਿਸ ਚਤੁਰਾਈ ਨਾਲ ਉਸ ਦਾ ਫ਼ੋਟੋ ਖਿਚਿਆ। ਪਹਿਲਾਂ ਤਾਂ ਦੋਹਾਂ

ਨੂੰ ਬਰਾਬਰ ਨਾਲ ਖੜਾ ਕਰ ਲਿਆ, ਤੇ ਇਕ ਫ਼ੋਟੋ ਲਈ। ਉਹ ਦੋਨੋਂ ਬੜੇ ਖ਼ੁਸ਼ ਹੋਏ ਕਿ ਮੁਫ਼ਤ ਵਿਚ ਫ਼ੋਟੋ ਬਣ ਰਹੀ ਹੈ।

ਫੇਰ ਉਸ ਦੀ ਤੀਵੀਂ ਦਾ ਘੁੰਡ ਚੁਕਾਇਆ ਤੇ ਫ਼ੋਟੋ ਖਿਚੀ। ਫੇਰ ਪਤੀ ਪ੍ਰੇਮਸ਼ਰ ਨੂੰ ਕੁਛ ਫ਼ਾਸਲੇ 'ਤੇ ਕਰ ਦਿਤਾ, ਤੇ ਫ਼ੋਟੋ ਖਿੱਚੀ। ਪਤੀ ਜੀ ਇਹ ਹੀ ਸਮਝ ਰਹੇ ਸਨ ਕਿ ਉਨ੍ਹਾਂ ਦੀ ਵੀ ਨਾਲ ਹੀ ਫ਼ੋਟੋ ਆ ਰਹੀ ਹੈ। ਜਦੋਂ ਉਪਰੋਂ ਥੱਲੀ ਤਿੰਨ ਚਾਰ ਫ਼ੋਟੋ ਖਿੱਚੀਆਂ ਤਾਂ ਔਰਤ ਦੀ ਸੰਗ ਲੱਥ ਗਈ, ਤੇ ਉਸ ਨੇ ਬੜੇ ਸੁਹਣੇ ਤੇ ਜਾਨਦਾਰ ਫ਼ੋਟੋ ਖਿਚਾਏ।

ਪਹਾੜਨਾਂ ਦੀ ਕਾਮਯਾਬ ਫ਼ੋਟੋਗਰਾਫ਼ੀ ਜੇ ਕਿਸੇ ਨੇ ਕੀਤੀ ਹੈ ਤਾਂ ਹਰੀ ਕ੍ਰਿਸ਼ਨ ਗੋਰਖੇ ਨੇ। ਲੰਮਾ ਲੰਝਾ ਤੇ ਬਾਂਕਾ ਜਵਾਨ, ਹਸੂੰ ਹਸੂੰ ਕਰਦਾ ਚਿਹਰਾ, ਤਿੱਖੇ ਨਕਸ਼ ਤੇ ਜਿਥੇ ਜਾਵੇ ਖ਼ੁਸ਼ੀ ਪੈਦਾ ਕਰੇ। ਮਿਲਣਸਾਰੀ ਕਰਕੇ ਲੋਕਾਂ ਵਿਚ ਝੱਟ ਹੀ ਘੁਲ ਮਿਲ ਜਾਂਦਾ ਹੈ। ਗੋਰਖੇ ਦੀਆਂ ਖਿੱਚੀਆਂ ਤਸਵੀਰਾਂ ਵਿਚ ਪਹਾੜਨਾਂ ਦਾ ਭੋਲਾਪਣ ਤੇ ਸੁਹਪੱਣ ਡੁੱਲ੍ਹ ਡੁੱਲ੍ਹ ਪੈਂਦਾ ਹੈ।

ਫ਼ੋਟੋਗਰਾਫ਼ੀ ਨੂੰ ਕਈ ਲੋਕ ਕਲਾ ਨਹੀਂ ਸਮਝਦੇ, ਪਰ ਜਦ ਗੋਰਖੇ ਦੇ ਹੱਥ ਕੈਮਰਾ ਆ ਜਾਂਦਾ ਹੈ, ਤਾਂ ਮਾਲੂਮ ਹੁੰਦਾ ਹੈ ਜਿਵੇਂ ਕਿਸੇ ਪ੍ਰਸਿੱਧ ਕਲਾਕਾਰ ਦੇ ਹੱਥ ਬੁਰਸ਼ ਹੋਏ। ਏਸ ਨੇ ਇਨਸਾਨੀ ਜਜ਼ਬਿਆਂ ਨੂੰ ਇਸ ਚਤਰਾਈ ਨਾਲ ਆਪਣੀਆਂ ਤਸਵੀਰਾਂ ਵਿਚ ਭਰਿਆ ਹੈ ਜੋ ਜਿਊਂਦੀਆਂ ਜਾਗਦੀਆਂ ਤੇ ਮੂੰਹੋਂ ਬੋਲਦੀਆਂ ਜਾਪਦੀਆਂ ਹਨ। ਠੀਕ ਹੀ ਇਹ ਫ਼ੋਟੋਗਰਾਫ਼ੀ ਦਾ ਅਸਲੀ ਕਲਾਕਾਰ ਹੈ।

ਸ਼ਾਮ ਦਾ ਵੇਲਾ ਹੋ ਗਿਆ ਤੇ ਭੁੱਖ ਵੀ ਕਰਾਰੀ ਲਗੀ। ਹੋਰ ਤਾਂ ਖਾਣ ਨੂੰ ਕੁਝ ਨਾ ਲਭਿਆ, ਇਕ ਹਲਵਾਈ ਦੀ ਦੁਕਾਨ ਤੋਂ ਚਾਹ ਦਾ ਗਲਾਸ ਤੇ ਤੱਤੀਆਂ ਤੱਤੀਆਂ ਜਲੇਬੀਆਂ ਜ਼ਰੂਰ ਮਿਲ ਗਈਆਂ। ਮੈਂ ਜਲੇਬੀ ਨੂੰ ਮਠਿਆਈ ਦੀ ਰਾਣੀ ਸਮਝਦਾ ਹਾਂ। ਰਸ ਦੀ ਭਰੀ ਹੋਈ, ਜੀਭ ਉਤੇ ਰੱਖਦਿਆਂ ਹੀ ਸੁਰਗ ਦਾ ਝੂਟਾ ਦਿੰਦੀ ਹੈ।

1930 ਵਿਚ ਮੈਂ ਪਿੰਡ ਵਿਚ ਟਾਹਲੀਆਂ ਦੀ ਝਿੜੀ ਵਿਚ ਕੁਰਸੀ ਡਾਹ ਕੇ ਪੜ੍ਹਿਆ ਕਰਦਾ ਸਾਂ। ਇਕ ਦਿਨ ਗੁਆਂਢੀ ਪਿੰਡ ਬੇਰਛੇ ਦਾ ਇਕ ਰਉਲ ਮੁਸਲਮਾਨ ਆਜੜੀ ਕੋਲ ਹੀ ਮੱਝਾਂ ਚਰ ਰਿਹਾ ਸੀ। ਮੈਨੂੰ ਵੇਖ ਕੇ ਨੇੜੇ ਆ ਗਿਆ ਤਾਂ ਉਹ ਕਹਿਣ ਲਗਾ, "ਸਰਦਾਰ ਜੀ, ਤੁਸੀਂ ਸੋਲ੍ਹਾਂ ਜਮਾਤਾਂ ਤਾਂ ਕਰ ਲਈਆਂ, ਹੁਣ ਹੋਰ ਵੀ ਪੜ੍ਹੀ ਜਾਣਾ ਹੈ।"

ਮੈਂ ਉੱਤਰ ਦਿੱਤਾ, "ਫੱਜੂ ਅੱਜ ਕਲ੍ਹ ਨੌਕਰੀ ਬੜੀ ਮੁਸ਼ਕਲ ਮਿਲਦੀ ਹੈ।"

"ਸਰਦਾਰਾ ਗੱਪੀਆਂ ਵਲ ਵੇਖ ਉਨ੍ਹਾਂ ਦੇ ਦੋ ਪਟਵਾਰੀ ਤੇ ਇਕ ਕਾਨੂੰਗੋ ਹੈ, ਕੀ ਤੂੰ ਕਾਨੂੰਗੋ ਨਹੀਂ ਬਣ ਸਕਦਾ ? ਹੋਰ ਨਹੀਂ ਤਾ ਮੁੱਛਲਾਂ ਦੇ ਮੁੰਡੇ ਵਾਂਗ ਬੰਕਾਂ ਦਾ ਇਨਸਪੈਕਟਰ ਹੀ ਬਣ ਜਾ।"

ਮੈਂ ਕਿਹਾ, "ਅੱਛਾ ਸੋਚਾਂਗੇ।"

"ਸਰਦਾਰਾ ਅਸਲ ਗੱਲ ਤਾਂ ਇਹ ਹੈ ਤੇਰੇ ਚਾਚੇ ਨੂੰ ਚਾਹੀਦਾ ਹੈ ਕਿ ਰੁਪਈਆਂ ਦੀ ਟੋਕਰੀ ਭਰ ਕੇ ਕਿਸੇ ਵੱਡੇ ਅਫ਼ਸਰ ਨੂੰ ਦੇ ਆਵੇ। ਅੱਜ ਕਲ੍ਹ ਵਸੀਲੇ ਤੋਂ ਬਿਨਾ ਕੋਈ ਨਹੀਂ ਪੁੱਛਦਾ।”

ਮੈਂ ਗੱਲ ਟਾਲ ਕੇ ਕਿਹਾ, "ਫੱਜੂ ਏਦਾਂ ਦੀ ਹਿਮੰਤ ਤਾਂ ਮੇਰੀ ਖ਼ਾਤਰ ਤੂੰ ਹੀ ਕਰ ਚਾਚਾ ਤਾਂ ਬੜਾ ਕੰਜੂਸ ਹੈ।

"ਸਰਦਾਰਾ, ਅਸੀਂ ਤਾਂ ਗ਼ਰੀਬ ਆਦਮੀ ਹੋਏ, ਇਹ ਤਾਂ ਅਮੀਰਾਂ ਦੀ ਖੇਡ ਹੈ। ਅਮੀਰ ਤਾਂ ਜ਼ਰੂਰ ਰੋਜ਼ ਚਲੇਬੀਆਂ ਹੀ ਖਾਂਦੇ ਹੋਣਗੇ ?"

ਵਿਸਾਖੀ ਦੇ ਮੇਲੇ ਸਾਡੇ ਗੁਰੁਆਰੇ ਗਰਨਾ ਸਾਹਿਬ ਸਾਹਮਣੇ ਦਸੂਹੇ ਦੇ ਹਲਵਾਈ ਮਿਠਾਈ ਦੀਆਂ ਦੁਕਾਨਾਂ ਸਜਾਉਂਦੇ ਤੇ ਲੱਡੂਆਂ ਦੇ ਜਲੇਬੀਆਂ ਦੇ ਉਸਾਰੇ ਹੋਏ ਥਾਲ ਵੇਖ ਕੇ ਜੱਟ ਖ਼ੂਬ ਡੁਲ੍ਹਦੇ। ਲੱਡੂ ਜਲੇਬੀ ਤੋਂ ਬਿਨਾਂ ਇਨ੍ਹਾਂ ਨੂੰ ਹੋਰ ਕਿਸੇ ਮਿਠਾਈ ਦਾ ਨਾਂ ਵੀ ਪਤਾ ਨਹੀਂ ਹੁੰਦਾ। ਫੱਟੂ ਨੇ ਵੀ ਜਲੇਬੀਆਂ ਦੇ ਥਾਲ ਇਸ ਮੇਲੇ ਵਿਚ ਹੀ ਵੇਖੇ ਸਨ, ਤੇ ਉਹਦੇ ਭਾਣੇ ਜਲੇਬੀਆਂ ਖਾਣਾ ਹੀ ਦੁਨੀਆਂ ਵਿਚ ਸਭ ਤੋਂ ਵਡਾ ਸਵਾਦ ਸੀ। ਏਸ ਵਿਚ ਮੇਰੀ ਫੱਜੂ ਨਾਲ ਪੂਰੀ ਸੰਮਤੀ ਹੈ, ਭਾਵੇਂ ਨੌਕਰੀਆਂ ਬਾਰੇ ਉਹ ਠੀਕ ਸਲਾਹ ਨਹੀਂ ਸੀ ਦੇ ਸਕਦਾ।

# ਰੋਹਤਕ ਦੀ ਇਸਤ੍ਰੀ

ਜੇ ਇਸਤ੍ਰੀ ਨੂੰ ਆਪਣੇ ਪਤੀ ਵਲੋਂ ਖਜ਼ਾਨਾ ਸਮਝਿਆ ਜਾਂਦਾ ਹੈ ਤਾਂ ਉਹ ਹੋਰਤਕ ਦੀ ਜਾਟ ਇਸਤ੍ਰੀ ਹੈ। ਜਾਟਨੀ ਆਪਣੇ ਪਤੀ ਦੇ ਹਰ ਕੰਮ ਵਿਚ ਰੱਥ ਵਟਾਉਂਦੀ ਹੈ, ਸਵਾਏ ਹਲ ਵਾਹੁਣ ਦੇ ਖੂਹ ਯਾਂ ਗੱਡ ਹੱਕਣ ਦੇ। ਨਾਲ ਹੀ ਉਹ ਉਸ ਦੇ ਘਰ ਦੀ ਇਕ ਅਤਿ ਚੰਗੀ ਸੁਆਣੀ ਵੀ ਹੈ। ਇਹ ਵਿਸ਼ੇਸ਼ ਵਰਵਣ ਯੋਗ ਹੈ ਕਿ ਜਾਟ ਦਾ ਹਰ ਅਖਾਣ ਜਾਟ ਤੇ ਇਸ ਦੀ ਪਤਨੀ ਵਿਚਕਾਰ ਇਕ ਵਾਰਤਾਲਾਪ ਦਾ ਰੂਪ ਧਾਰਨ ਕਰ ਲੈਂਦਾ ਹੈ। ਇਕ ਅਖਾਣ ਵਿਚ ਪੁਰਸ਼ ਇਸਤ੍ਰੀ ਦੀ ਪਰੱਖ-ਕਸਵੱਟੀ ਇਸ ਤਰ੍ਹਾਂ ਵਰਨਣ ਕਰਦਾ ਹੈ :

"ਦਾਤਾ ਕਾਲ ਪਰਖੀਏ ਧੀਨਾਂ ਫਾਗਨ ਮਾਂਹ
ਇਸਤ੍ਰੀ ਉਸ ਦਿਨ ਪਰਖੀਏ ਜੇ ਧੰਨ ਪੱਲੇ ਨਾਂਹ"

ਤੇ ਇਸ ਤਰ੍ਹਾਂ ਇਕ ਹੋਰ ਲਕੋਕਤੀ ਵਿਚ ਸਵਰਗ ਦੀਆਂ ਚਾਰ ਨਿਸ਼ਾਨੀਆਂ ਵਿਚ ਸੰਜਮੀ ਸੁਆਣੀ ਨੂੰ ਸ਼ਾਮਲ ਕਰਕੇ, ਇਸਤ੍ਰੀ ਦੀ ਮਾਣਤਾ ਨੂੰ ਸਿਖਰ ਤੇ ਪਹੁੰਚਾ ਦਿਤਾ ਹੈ :

"ਲਾਲ ਚੌਲ, ਮੱਝ ਦਾ ਦੁੱਧ ਘਰ ਵਿਚ ਸੰਜਮੀ ਸੁਆਣੀ
ਤੇ ਸਵਾਰੀ ਲਈ ਘੋੜਾ, ਚਾਰੇ ਸਵਰਗ ਦੀ ਨਿਸ਼ਾਨੀਆਂ ਹਨ।
ਭੈੜੀ ਖੁਰਾਕ, ਤੇ ਬੱਕਰੀ ਦਾ ਦੁੱਖ ਘਰ ਵਿਚ ਕੁਲਹਿਣੀ ਨਾਰ ਤੇ
ਮੈਲੇ ਬਸਤਰ ਚਾਰੇ ਨਰਕ ਦੀਆਂ ਨਿਸ਼ਾਨੀਆਂ ਹਨ।"

ਜਾਟ ਦੀ ਇਸਤ੍ਰੀ ਖੇਤਾਂ ਦੇ ਵੱਟ ਬਣਾਂਦੀ, ਪਾਣੀ ਦੇ ਨੱਕੇ ਮੋੜਦੀ, ਕੇਰਾ ਪਾਉਂਦੀ ਤੇ ਸਿਰ ਤੇ ਪੱਠਿਆਂ ਦੀਆਂ ਭਰੀਆਂ ਚੁੱਕ ਕੇ ਲਿਆਉਂਦੀ ਹੈ। ਮਰਦ ਆਮ ਤੌਰ ਤੇ ਧਰਮ ਦੇ ਬਹੁਤੇ ਨੇਮੀ ਪ੍ਰੇਮੀ ਵੀ ਨਹੀਂ ਹੁੰਦੇ, ਇਸ ਲਈ ਕਰਮ ਕਾਂਡ ਦੇ ਪੂਜਾ ਪਾਠ ਦੇ ਫ਼ਰਜ਼ ਵੀ ਇਸਤ੍ਰੀ ਨੂੰ ਪੂਰੇ ਕਰਨੇ ਪੈਂਦੇ ਹਨ।

ਸੰਝ ਸਵੇਰੇ ਪਿੰਡ ਦੀਆਂ ਮੁਟਿਆਰਾਂ ਸਿਰਾਂ ਤੇ ਦੋ ਦੋ ਤਿੰਨ ਤਿੰਨ ਮਟਕੇ ਯਾ ਲਿਸ਼ ਲਿਸ਼ ਕਰਦੀਆਂ ਗਾਗਰਾਂ ਚੁਕੀ ਖੂਹ ਵੱਲ ਆਉਂਦੀਆਂ ਹਨ ਯਾ ਖੂਹ ਤੋਂ ਵਾਪਸ ਪਰਤਦੀਆਂ ਹਨ ਤਾਂ ਪਿੰਡ ਦੇ ਬੇਰੰਗ ਤੇ ਬੇਰਸ ਵਾਤਾਵਰਣ ਵਿਚ ਰੰਗ-ਰਸ ਭਰ ਦੇਂਦੀਆਂ ਹਨ। ਖੂਹ ਤੋਂ

ਜਾਂ ਪਨਘਟ ਤੋਂ ਪਾਣੀ ਭਰਨ ਜਾਣ ਲਗਿਆਂ ਉਹ ਸੁੰਦਰ ਤੇ ਸਜੀਲੇ ਬਸਤਰ ਪਹਿਨਦੀਆਂ ਹਨ ਕਿਉਂਕਿ ਖੂਹ ਵੀ ਤੇ ਇਸਤ੍ਰੀਆਂ ਦੀ ਇਕ ਕਲੱਬ ਹੈ, ਜਿਥੇ ਇਸਤ੍ਰੀਆਂ ਇਕ ਦੂਜੇ ਨਾਲ ਹਾਸਾ ਮਖੌਲ, ਮਸ਼ਕਰੀ ਤੇ ਛੇੜ-ਛਾੜ ਕਰਦੀਆਂ ਯਾ ਦਿਲਾਂ ਦੇ ਦੁੱਖਾਂ-ਸੁਖਾਂ ਤੇ ਹੌਕਿਆਂ ਹਾਵਿਆਂ ਦਾ ਵਟਾਂਦਰਾ ਕਰਦੀਆਂ ਹਨ। ਡੂੰਘੇ ਖੂਹ ਚੋਂ ਪਾਣੀ ਖਿੱਚਣ ਤੇ ਫਿਰ ਮਟਕੇ ਘਰਾਂ ਤਕ ਲਿਜਾਣ ਤੇ ਮੇਹਨਤ, ਸਿਹਤ ਦੇ ਦ੍ਰਿਸ਼ਟੀਕੋਣ ਤੋਂ ਕਾਫ਼ੀ ਲਾਭਦਾਇਕ ਸਾਬਤ ਹੁੰਦੀ ਹੈ ਤੇ ਇਹ ਕਸਰਤ ਇਹ ਦੇ ਸਰੀਰ ਨੂੰ ਸੁਬਕ, ਸਜੀਲਾ, ਫੁਰਤੀਲਾ ਤੇ ਲਚਕਦਾਰ ਬਣਾ ਦੇਂਦੀ ਹੈ। ਪਨਘਟ ਦੇ ਲੋਕ ਗੀਤਾਂ ਦੇ ਖਜ਼ਾਨੇ ਦੇ ਬੜੇ ਅਣਮੁੱਲੇ ਮੋਤੀ ਹਨ। ਅਜੇ ਦਿਨ ਨਹੀਂ ਚੜ੍ਹਿਆ, ਪਰ ਨਨਾਣ, ਆਪਣੀ ਭਰਜਾਈ ਨੂੰ ਤਾਰਿਆਂ ਦੀ ਛਾਂ ਹੇਠ ਹੀ ਪਾਣੀ ਕਰਕੇ ਲਿਆਉਣ ਲਈ ਮਜਬੂਰ ਕਰਦੀ ਹੈ ਤਾਂ ਆਪਣੇ ਅਣ-ਮੰਨੇ ਦਿਲ ਦੇ ਭਾਵ ਕਈ ਬਹਾਨੇ ਪਾ ਕੇ ਉਹ ਇਕ ਗੀਤ ਵਿਚ ਇਸ ਤਰ੍ਹਾਂ ਪ੍ਰਗਟ ਕਰਦੀ ਹੈ :

"ਖਿਲ ਹਰਾ ਚਾਂਦ ਲਟਕ ਰਹੇ ਤਾਰੇ ਚਲ ਚੰਦਰਾਵਲ  
ਪਾਣੀ ਕੈਸੇ ਭਰ ਲਾਉਂ, ਜਮਨਾ ਜਲ ਝਾਰੀ  
ਸਾਸੜ ਕੀ ਜਾਈ ਮੇਰੀ ਨਣਦ ਹਠੀਲੀ  
ਰਾਤ ਨੇ ਖੰਦਾ ਦਈ ਪਾਣੀ।  
ਪਾਣੀ ਕੈਸੇ ਭਰ ਲਾਉਂ, ਜਮਨਾ ਜਲ ਝਾਰੀ  
ਉਰਲੇ ਘਾਟ ਮੇਰਾ ਘੜਾ ਨੇ ਡੂਬੇ ਪਹਲੇ ਕ੍ਰਿਸ਼ਨ ਮੁਰਾਰੀ  
ਕੈਸੇ ਭਰ ਲਾਊਂ, ਜਮਨਾ ਜਲ ਝਾਰੀ  
ਕਿਆ ਹੈਂ ਕੀ ਤਿਰੀ ਈਂਡਲੀ ਗੁੱਜਰੀਆ ਪਿਆਰੀ  
ਕਿਆ ਹੈਂ ਕੀ ਜਲ ਝਾਰੀ  
ਅੰਦਨ ਚੰਦਨ ਕੀ ਈਂਡਲੀ ਘਨਯੀਆ ਪਿਆਰੇ  
ਸੋਨੇ ਕੀ ਜਲ ਝਾਰੀ  
ਕੈਸੇ ਭਰ ਲਾਊਂ ਜਮਨਾ ਜਲ ਝਾਰੀ"

ਇਸਤ੍ਰੀਆਂ ਨੇ ਵਧੇਰਾ ਕੰਮ ਕਰਨ ਦਾ ਪ੍ਰਭਾਵ ਕਈ ਮਰਦਾਂ ਉਤੇ ਪੁਠਾ ਵੀ ਪਿਆ ਹੈ। ਕਈ ਪੁਰਸ਼ ਆਪਣੇ ਘਰਾਂ ਸਾਹਮਣੇ ਬੈਠੇ ਹੁੱਕਾ ਪੀਂਦੇ ਰਹਿੰਦੇ ਹਨ, ਤਾਸ਼ ਖੇਡਦੇ ਤੇ ਚੁਪਾਲ ਵਿਚ ਗੱਪਾਂ ਮਾਰਦੇ ਰਹਿੰਦੇ ਹਨ, ਪਰ ਉਨ੍ਹਾਂ ਦੀਆਂ ਤੀਵੀਆਂ ਘਰ ਤੇ ਬਾਹਰ ਕਈ ਕੰਮ ਸੁਆਰਦੀਆਂ ਰਹਿੰਦੀਆਂ ਹਨ। ਬਹੁਤ ਸਾਰੇ ਪੁਰਸ਼ਾਂ ਵਲੋਂ ਇਸਤ੍ਰੀ ਵਿਦਿਆ ਦਾ ਵਿਰੋਧ ਕੀਤੇ ਜਾਣ ਦਾ ਕਾਰਨ ਵੀ ਇਹੋ ਹੈ ਕਿ ਉਹ ਸਮਝਦੇ ਹਨ ਕਿ ਜਦ ਇਸਤ੍ਰੀ ਪੜ੍ਹ ਗਈ ਤਾਂ

ਉਹ ਇਤਨੇ ਕਠਨ ਕੰਮ ਕਰਨੋਂ ਸੰਕੋਚ ਕਰੇਗੀ। ਉਨ੍ਹਾਂ ਨੂੰ ਇਹ ਵੀ ਸ਼ੰਕਾ ਹੈ ਕਿ ਵਿਦਿਆ ਪੜ੍ਹ ਕੇ ਇਸਤ੍ਰੀਆਂ ਆਪਣੇ ਪਤੀਆਂ ਨੂੰ ਚਿੱਠੀਆਂ ਲਿਖਣ ਦੇ ਯੋਗ ਹੋ ਜਾਣਗੀਆਂ ਤੇ ਇਸ ਤਰ੍ਹਾਂ ਉਹ ਆਪਣੇ ਨੌਕਰੀ ਤੇ ਗਏ ਪਤੀਆਂ ਨੂੰ ਉਨ੍ਹਾਂ ਦੀਆਂ ਸ਼ਕਾਇਤਾਂ ਲਿਖਦੀਆਂ ਰਿਹਾ ਕਰਨਗੀਆਂ।

ਸਮਾਜਕ ਤੌਰ ਤੇ ਜਾਟ ਹੋਰਣਾਂ ਜਾਤੀਆਂ ਨਾਲੋਂ ਕੁਝ ਅਗੇਵਧੂ ਹਨ। ਇਹ ਇਸਤ੍ਰੀਆਂ ਨੂੰ ਵਿਧਵਾ ਨਹੀਂ ਰਹਿਣ ਦੇਂਦੇ। ਵਿਆਹ ਯੋਗ ਜਾਟ ਇਸਤ੍ਰੀ ਕਦੇ ਵੀ ਵਿਧਵਾ ਨਹੀਂ ਰਹਿਣ ਦਿਤੀ ਜਾਂਦੀ। ਇਸ ਦੇ ਪਤੀ ਦੀ ਮ੍ਰਿਤੂ ਤੋਂ ਉਪਰੰਤ ਸਵਰਗੀ ਪਤੀ ਦੇ ਭਰਾਵਾਂ ਵਿਚੋਂ ਕੋਈ ਨਾ ਕੋਈ ਹੱਸ਼ ਕੇ ਇਸ ਨੂੰ ਪਰਨਾ ਲੈਂਦਾ ਹੈ। ਇਸ ਪ੍ਰਕਾਰ ਦੇ ਵਿਵਾਹ ਨੂੰ ਵੀ 'ਕਰੇਵਾ' ਕਿਹਾ ਜਾਂਦਾ ਹੈ। ਜਿਹੜੀਆਂ ਜਾਤਾਂ ਵਿਧਵਾ ਦਾ ਵਿਵਾਹ ਕਰਨਾ ਠੀਕ ਨਹੀਂ ਸਮਝਦੀਆਂ ਉਨ੍ਹਾਂ ਦਾ ਇਕ ਅਖਾਣ ਜਾਟਾਂ ਉਤੇ ਇਸ ਤਰ੍ਹਾਂ ਵਿਅੰਗ ਕਰਦਾ ਹੈ :

"ਆ ਜਾ ਬੇਟੀ, ਲੈ ਲੈ ਫੇਰੇ, ਇਹ ਮਰ ਜਾਏ ਹੋਰ ਬਹੁਤੇਰੇ"

ਬੀਤੇ ਪੰਜ ਵਰਸ਼ਾਂ ਵਿਚ ਲੋਕਾਂ ਨੇ ਵਿਦਿਆ ਲਈ ਚੋਖਾ ਪ੍ਰਗਟ ਕੀਤਾ ਹੈ। ਲੋਕਾਂ ਨੇ ਸਕੂਲਾਂ ਦੀਆਂ ਬਹੁਤ ਸਾਰੀਆਂ ਸੁੰਦਰ ਇਮਾਰਤਾਂ ਆਪਣੇ ਖ਼ਰਚ ਤੇ ਸਹਾਇਤਾ ਨਾਲ ਤਿਆਰ ਕੀਤੀਆਂ ਹਨ। ਜਿਨ੍ਹਾਂ ਦੀ ਲਾਗਤ ਦਾ ਅਨੁਮਾਨ ਲੱਗਭਗ 50 ਲੱਖ ਰੂਪੈ ਹੈ। ਸ਼ਾਮਲਾਤ ਵਿਚੋਂ ਚੋਖੀ ਜ਼ਮੀਨ ਸਕੂਲਾਂ ਲਈ ਰਾਖਵੀਂ ਕਰ ਦਿਤੀ ਗਈ ਹੈ। ਆਪਣੇ ਹੀ ਸਾਂਝੇ ਯਤਨ ਤੇ ਸਹਿਯੋਗ ਨਾਲ ਕਈ ਇਮਾਰਤਾਂ ਨੂੰ ਵੀ ਮਾਤ ਕਰਦੀਆਂ ਹਨ। ਭਜਨ ਮੰਡਲੀਆਂ ਇਹੋ ਜਿਹੇ ਐਸਰਾਂ ਪਰ ਲੋਕਾਂ ਦੇ ਭਾਵਾਂ ਨੂੰ ਇਸ ਤਰ੍ਹਾਂ ਟੁੰਬ ਦੇਂਦੀਆਂ ਹਨ ਕਿ ਲੋਕਾਂ ਵਿਚ ਇਕ ਦੂਜੇ ਤੋਂ ਵੱਧ ਚੜ੍ਹ ਦੇਣ ਦੀ ਇੱਛਾ ਪ੍ਰਬਲ ਹੋ ਜਾਂਦੀ ਹੈ। ਇਥੋਂ ਹੀ ਕਿਸਾਨ ਨੇ ਸਰਕਾਰੀ ਸਹਾਇਤਾ ਨੂੰ ਨਹੀਂ ਉਡੀਕਿਆ ਸਗੋਂ ਆਪਣੀ ਹੀ ਹਿੰਮਤ ਤੇ ਖ਼ਰਚ ਨਾਲ ਵਿਦਿਅਕ-ਆਸ਼ਰਮ ਤਿਆਰ ਕਰ ਲਏ ਹਨ। ਇਨ੍ਹਾਂ ਦੀ ਵਿਦਿਆ ਦੀ ਭੁੱਖ ਉਤਨੀ ਹੀ ਤੀਬਰ ਹੈ ਜਿੰਨੀ ਆਪਣੀ ਧਰਤੀ ਲਈ ਪਾਣੀ ਦੀ। ਇਹ ਰਾਹ ਇਨ੍ਹਾਂ ਦੇ ਪ੍ਰਿਯ-ਨੇਤਾ ਸਵਰਗੀ ਨੇਤਾ ਛੋਟੂ ਰਾਮ ਨੇ ਵਿਖਾਇਆ ਸੀ, ਜਿਨ੍ਹਾਂ ਦਾ ਜਨਮ ਇਕ ਛੋਟੇ ਜਿਹੇ ਪਿੰਡ ਗੜ੍ਹੀ ਸਾਂਪਲਾ ਵਿਚ ਹੋਇਆ। ਚੌਧਰੀ ਛੋਟੂ ਰਾਮ ਨੇ ਹਰਿਆਣੇ ਦੇ ਪਛੜੇ ਹੋਏ ਕਿਸਾਨਾਂ ਨੂੰ ਸ਼ਕਤੀਸ਼ੀਲ ਅਗਵਾਈ ਦਿੱਤੀ ਤੇ ਉਨ੍ਹਾਂ ਦਾ ਨਾਮ ਅਜੇ ਵੀ ਲੋਕਾਂ ਵਿਚ ਬੜੇ ਮਾਣ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਲੋਕਾਂ ਵਿਚ ਚੌਧਰੀ ਛੋਟੂ ਰਾਮ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਆਦਰ ਸਮੇਂ ਦੇ ਤੋਰ ਦੇ ਨਾਲ ਵਧਦਾ ਹੀ ਜਾਂਦਾ ਹੈ।

# ਝੰਡੋ ਮਿਰਾਸਨ ਦੀ ਕਲਾ

ਕਾਫ਼ੀ ਚਿਰ ਤੋਂ ਮੈਂ ਆਪਣੇ ਪਿੰਡ ਦੀ ਝੰਡੋ ਮਿਰਾਸਨ ਦੀਆਂ ਅਲਾਹੁਣੀਆਂ ਰੀਕਾਰਡ ਕਰਨੀਆਂ ਚਾਹੁੰਦਾ ਸਾਂ। ਪੰਜਾਬ ਦੇ ਲੱਗਭਗ ਸਭ ਮਿਰਾਸੀ ਪਾਕਿਸਤਾਨ ਚਲੇ ਗਏ ਹਨ। ਝੰਡੋ ਮਿਰਾਸਨ ਵਰਗੀ ਕੋਈ ਟਾਂਵੀ ਸਬੱਬ ਨਾਲ ਇਧਰ ਬਚੀ ਹੋਈ ਹੈ। ਮੈਨੂੰ ਡਰ ਸੀ ਕਿ ਕਿਸੇ ਇਹ ਉਂਜ ਨਾ ਚਲ ਵੱਸੇ। ਪੰਜਾਬ ਦੇ ਮਿਰਾਸੀ ਬੜੇ ਗੁਣੀ ਬੰਦੇ ਸਨ। ਉਨ੍ਹਾਂ ਪਾਸ ਸਾਡਾ ਬਿਅੰਤ ਸਾਹਿਤਕ ਤੇ ਸਭਿਆਚਾਰਕ ਵਿਰਸਾ ਸਾਂਭਿਆ ਹੋਇਆ ਸੀ। ਰਾਗ ਰੰਗ ਤਮਾਸ਼ੇ ਨਕਲਾਂ ਆਦਿ ਦੀ ਤਾਂ ਉਨ੍ਹਾਂ ਦੀ ਇਜਾਰਾਦਾਰੀ ਸੀ। ਮੌਕਾ ਮਿਲਣ 'ਤੇ ਮੈਂ ਪਿੰਡ ਗਿਆ ਤਾਂ ਝੰਡੋ ਨੂੰ ਕੋਲ ਬਿਠਾ ਕੇ ਕੁਛ ਅਲਾਹੁਣੀਆਂ ਕਲਮਬੰਦ ਕੀਤੀਆਂ। ਬਿਨਾਂ ਟੀਕਾ ਟੱਪਣੀ ਉਹਦੇ ਮੂੰਹੋਂ ਸੁਣੀਆਂ ਪੇਸ਼ ਕਰਦਾ ਹਾਂ। ਕੁਝ ਵਿਦਵਾਨਾਂ ਵਾਂਗ ਆਪਣੇ ਪੰਡਤਾਊ ਪੁਣੇ ਦਾ ਭਾਰ ਪਾ ਕੇ ਅਸਲੀਅਤ ਦਾ ਗਲ ਘੁਟਣ ਦਾ ਯਤਨ ਨਹੀਂ ਕਰਾਂਗਾ।

ਅਲਾਹੁਣੀਆਂ ਪੰਜਾਬ ਦਾ ਮਸ਼ਹੂਰ ਕਾਵਿ ਭੇਦ ਹੈ। ਗੁਰੂ ਨਾਨਕ ਦੇਵ ਨੇ ਇਸ ਕਾਵਿ ਰੂਪ ਵਿਚ ਬਾਣੀ ਰਚ ਕੇ ਇਸ ਦੀ ਮਹੱਤਤਾ ਨੂੰ ਵਧਾਇਆ ਸੀ। ਅੱਜ ਕਲ੍ਹ ਆਮ ਲੋਕ ਇਨ੍ਹਾਂ ਅਲਾਹੁਣੀਆਂ ਨੂੰ ਫ਼ਾਲਤੂ ਹੀ ਸਮਝਣ ਲੱਗ ਪਏ ਹਨ। ਮਨੋਵਿਗਿਆਨਕ ਤੌਰ ਤੇ ਤਾਂ ਇਨ੍ਹਾਂ ਦੀ ਬਹੁਤ ਕੀਮਤ ਹੈ। ਕਵਿਤਾ ਦੇ ਗੁਣਾਂ ਦੇ ਪੱਖੋਂ ਵੀ ਮੈਂ ਇਨ੍ਹਾਂ ਨੂੰ ਅਮੀਰ ਵਿਰਸਾ ਸਮਝਦਾ ਹਾਂ। ਇਨ੍ਹਾਂ ਵਿਚ ਸਾਡੀਆਂ ਔਰਤਾਂ ਤੇ ਡੂੰਘੇ ਭਾਵ ਸਾਂਭੇ ਹੋਏ ਹਨ। ਜੁਆਨ ਜਹਾਨ ਮਨੁੱਖ ਦੀ ਮੌਤ ਸਮੇਂ ਦਾ ਸਿਆਪਾ ਕਰੜੇ ਤੋਂ ਕਰੜਾ ਦਿਲ ਰੁਆ ਦਿੰਦਾ ਹੈ।

ਪਿੰਡਾਂ ਤੇ ਸ਼ਹਿਰਾਂ ਦੀਆਂ ਅਲਾਹੁਣੀਆਂ ਵਿਚ ਫ਼ਰਕ ਹੈ। ਫੇਰ ਪੰਜਾਬ ਦੇ ਇਲਾਕੇ ਇਲਾਕੇ ਦੀਆਂ ਆਲਾਹੁਣੀਆਂ ਵਿਚ ਵੀ ਭੇਦ ਹੈ, ਪਰ ਭਾਵਨਾ ਸਭ ਵਿਚ ਇਕੋ ਕੰਮ ਕਰਦੀ ਹੈ। ਇਨ੍ਹਾਂ ਵਿਚ ਬਹੁਤ ਵੰਨਗੀਆਂ ਹਨ। ਵੱਡੀ ਗੱਲ ਇਹ ਹੈ ਕਿ ਮਨਰ ਵਾਲੇ ਦੀ ਉਮਰ ਨਾਲ ਇਨ੍ਹਾਂ ਦਾ ਬਹੁਤਾ ਸੰਬੰਧ ਹੈ। ਅੱਜ ਕਲ੍ਹ ਆਮ ਔਰਤਾਂ ਖ਼ਾਸ ਕਰਕੇ ਨੈਣਾਂ ਆਲਾਹੁਣੀਆਂ ਦਿੰਦੀਆਂ ਹਨ, ਪਰ ਝੰਡੋਂ ਦੀਆਂ ਆਲਾਹੁਣੀਆਂ ਦਾ ਸੁਰ ਤਾਲ ਵੀ ਵੱਖਰਾ ਹੈ। ਉਪੇਰੇ ਨਾਟਕ ਵਾਂਗ ਇਨ੍ਹਾਂ ਦਾ ਸੁਣਨ ਨਾਲ ਵਧੇਰੇ ਸੰਬੰਧ ਹੈ। ਝੰਡੋ ਦੀ ਤਾਨ ਵੀ ਵੱਖਰੀ ਹੈ, ਮਸ਼ਹੂਰ ਹੈ ਕਿ ਮਰਾਸੀ ਰੋਂਦਾ ਵੀ ਸੁਰ ਤਾਲ ਵਿਚ ਹੀ ਹੈ। ਕਈ ਟੋਕਕੇ ਉਹਦੇ ਆਪਣੇ ਜੋੜੇ ਹੋਏ ਹਨ। ਤੁਸੀਂ ਝੰਢੋਂ ਮਿਲਾਸਨ ਦੀ ਜ਼ਬਾਨੀ ਹੀ ਸੁਣੋ:

"ਮੈਂ ਆਪਣੇ ਪਿੰਡ ਬੋਦਲਾਂ ਵਿਚ ਵਧਾਵੇ ਤਰਖਾਣ ਦੀ ਭੈਣ ਦੇ ਮਾਲਕ ਮਰਨ ਵੇਲੇ ਅਲਾਹੁਣੀਆਂ ਦੇਣ ਗਈ। ਮੈਨੂੰ ਆਇਆ ਨਾ ਪਿੱਟਣਾ। ਮਿਲਕਾਂ ਤਖਾਣੀ ਨੇ ਮੇਰੇ ਮੂੰਹ 'ਤੇ ਚਪੇੜ ਕੱਢ ਮਾਰੀ। ਮੈਂ ਘਰ ਆ ਕੇ ਰੋਣ ਲੱਗ ਪਈ।"

"ਉਨ੍ਹੀਂ ਦਿਨੀਂ ਆਮ ਤੀਵੀਆਂ ਦੇ ਗਹਿਣੇ ਗਟੇ ਪਾਏ ਹੋਏ ਸਨ। ਮੈਂ ਵੀ ਗਹਿਣੀਆਂ ਨਾਲ ਲੱਦੀ ਹੁੰਦੀ ਸਾਂ। ਮੈਂ ਆਪਣੇ ਮੀਰ ਨਾਲ ਗੱਲ ਕੀਤੀ। ਉਹਨੇ ਕਿਹਾ ਸਾਡੇ ਪਿੰਡ ਦੀਆਂ ਤੀਵੀਆਂ ਬੜੀਆਂ ਹੁੰਦੜਹੇਲ ਨੇ। ਜੇ ਰੋਟੀ ਖਾਣੀ ਹੈ ਤਾਂ ਅਲਾਹੁਣਾ ਸਿਖ ਲੈ।

"ਮੈਂ ਗੁਰਦੇਈ ਨੈਨ ਦੇ ਆਪਣੀ ਸੱਸ ਉਮਰੀ ਤੋਂ ਅਲਾਹੁਣੀਆਂ ਸਿਖਣੀਆਂ ਸ਼ੁਰੂ ਕੀਤੀਆਂ। ਮੈਂ ਦੋ ਬੋਲ ਫੜਨੇ ਤੇ ਮੂੰਹ 'ਚ ਪਕਾਉਂਦੀ ਰਹਿਣਾ ਤੇ ਨਾਲੇ ਬੂਟੇ ਨੂੰ ਦੁੱਧ ਚੁੰਘਾਂਦੀ ਰਹਿਣਾ ਤੇ ਹੋਲੇ ਹੋਲੇ ਪੱਟਾਂ 'ਤੇ ਹੱਥ ਮਾਰ ਮਾਰ ਪਿੱਟਣ ਦੇ ਤਾਲ ਦੀ ਪ੍ਰਾਟੀਸ ਕਰੀ ਜਾਣੀ। ਹੁਣ ਮੇਰਾ ਏਨਾ ਪਿੱਟਣ ਦਾ ਅਭਿਆਸ ਹੋ ਗਿਆ ਹੈ ਕਿ ਵੀਹ ਮਿਰਾਸਣਾਂ ਹੋਣ ਮੈਂ ਕਿਸੇ ਦੀ ਲੰਘ ਨਹੀਂ ਲੱਵਣ ਦਿੰਦੀ। ਹੁਣ ਮੇਰੇ ਕੋਲੋਂ ਕਈ ਤੀਵੀਆਂ ਪਾਰੋ ਖ਼ੁਸ਼ੀਏ ਦੀ ਤੇ ਕਾਂਸ਼ੀ ਦੀ ਇਸ਼ਰੀ ਵੀ ਸਿਖ ਗਈਆਂ ਨੇ। ਬੁੱਢੇ ਅਲੋਂ ਸ਼ੁਰੂ ਕਰਦੀ ਹਾਂ :

ਬੁੱਢਾ ਮਰਨ ਵੇਲੇ ਅਲਾਹੁਣੀਆਂ

ਪੱਟ 'ਤੇ ਹੱਥ ਮਾਰ ਕੇ ਪਿਟਣਾ ਹਾਏ ਹਾਏ ਸੂਬਿਆ;  
ਦਿੱਲੀ ਨਵਾਬ, ਤੇਰੇ ਘਰ ਘੋੜੇ ਘਰ ਪਾਖਰਾਂ ਸੂਬਿਆ  
ਦਿੱਲੀ ਨਵਾਬ ਤੇਰੇ ਘਰ ਲਗਾ ਦੀਵਾਨ  
ਜੀ ਧੀਆਂ ਦਾ ਤੂੰ ਪਰਗਨਾਂ ਨੂੰਹਾਂ ਦੀ ਜਾਗੀਰ, ਸੂਬਿਆ ...  
ਧੀਆਂ ਪਾਵਨ ਚੂੜੇ ਨੂੰਹਾਂ ਦੇ ਗਲ ਹਾਰ ਸੂਬਿਆ ਦਿੱਲੀ ਨਵਾਬ...  
ਤੂੰ ਸੂਹੀਆਂ ਦਿੰਦਾ ਵੱਛੀਆਂ ਧੋਰੀ ਹੱਲੇ ਬਗ਼ੈਰ ਸੂਬਿਆ ਦਿੱਲੀ ਨਵਾਬ...  
ਦੂਰੋਂ ਆਏ ਮੰਗਤੇ ਸੁਣ ਕੇ ਤੇਰੀ ਸੋਅ  
ਸੂਬਿਆ ਦਿੱਲੀ ਨਵਾਬ...  
ਤੂੰ ਭੁੱਖਿਆ ਪੇਟ ਨਵਾਰਦਾ ਨੰਗਿਆਂ ਦੇਵੇਂ ਕੱਪੜੇ  
ਸੂਬਿਆ ਦਿੱਲੀ ਨਵਾਬ...  
ਸੱਦੋ ਤਾਂ ਜੇਠੇ ਪੁੱਤ ਨੂੰ ਗੋਡਾ ਦੇਵੇ ਆ  
ਸੱਦੋ ਜੇਠੀ ਨੂੰਹ ਨੂੰ ਗੋਬਰ ਚੌਂਕਾ ਲਾ  
ਸੂਬਿਆ ਦਿੱਲੀ ਨਵਾਬ...  
ਪਾਣੀ ਲਿਆਵੇ ਗੰਗ ਦਾ ਸੂਬੇ ਲਉ ਨਲ੍ਹਾ  
ਖ਼ੱਭਣ ਲਿਆਉ ਜ਼ਰੀ ਦਾ ਮੇਰੇ ਸੂਬੇ ਲਈ ਪਹਿਨਾ

ਸੂਬਿਆ ਦਿੱਲੀ ਨਵਾਬ...

ਮਜ਼ਲੀ ਮਜ਼ਲੀਂ ਲੈ ਚੱਲੇ ਹੋਰ ਵੱਡਾ ਪਰਵਾਰ
ਜਾ ਉਤਾਰਿਆ ਗੰਗ ਮੈਂ ਦੱਮਾ ਦੀ ਬਲਕਾਰ
ਮੇਹਾ ਪਾਵੋ ਤੋਲਵਾਂ

ਸੂਬਿਆ ਦਿੱਲੀ ਨਵਾਬ...

ਪੁੱਤੀ ਤਾਂ ਢਾਹਾਂ ਮਾਰੀਆਂ ਨੂੰਹਾਂ ਖਿਲਾਹੇ ਕੇਸ
ਮਰ ਵੀ ਜਾਤਾ ਜੀ ਵੀ ਜਾਤਾ,
ਰਾਜੇ ਦਾ ਸੁਰਗ 'ਚ ਰਾਸਾ

ਸੂਬਿਆ ਦਿੱਲੀ ਨਵਾਬ...

ਉਮਰ ਭੋਗ ਕੇ ਬੁੱਢਾ ਬੁੱਢੀ ਮਰੇ ਤਾਂ ਬੜਾ ਮਖ਼ੌਲ ਹੁੰਦਾ ਹੈ। ਕੁੜਮਣੀਆਂ ਗੁੱਡਾ ਗੁੱਡੀ ਬਣਾ ਕੇ ਲਿਆਉਂਦੀਆਂ ਹਨ। ਬੁੱਢਾ ਮਰੇ ਤਾਂ ਅਲਾਹੁਣੀਆਂ ਵਿਚ ਸੁਹਾਗ ਗਾਉਂਦੀਆਂ ਹਨ। ਜੇ ਬੁੱਢੀ ਮਰੇ ਤਾਂ ਘੋੜੀਆਂ ਗਾਈਆਂ ਜਾਂਦੀਆਂ ਹਨ। ਗੱਲ੍ਹਾਂ ਪਿੱਟਣ ਦੀ ਥਾਂ ਤੀਵੀਆਂ ਗੱਲ੍ਹਾਂ ਝਾੜਦੀਆਂ ਹਨ—ਹਲਕੀਆਂ ਹਲਕੀਆਂ ਪਟੋਕੀਆਂ ਮਾਰ ਕੇ। ਮੈਂ ਵੀ ਮਨ ਦੀਆਂ ਭੌਣੀਆਂ ਪੂਰੀਆਂ ਕਰਦੀ ਆਂ। ਕੁੜਮਣੀਆਂ ਨੂੰ ਚੋਂਦੀਆਂ ਚੋਂਦੀਆਂ ਸੁਣਾਂਦੀ ਆਂ। ਬੁੱਢੀ ਮਰੀ ਹੋਈ ਹੋਵੇ ਤਾਂ ਕਹੀ ਦਾ ਹੈ...

ਹਾਏ ਹਾਏ ਬੁੱਢੀਏ ਮੋਰਨੀਏਂ
ਬਹਿ ਜਾਹ ਮੋਠਾਂ ਦੀ ਰਾਖੀ

## ਜੁਆਨ ਵੇਲੇ ਦੀਆਂ

ਹਾਏ ਹਾਏ ਸ਼ੇਰਾ...
ਤੇਰੀ ਲੋੜ ਵਧੇਰੇ, ਖਸੇ ਲਾਣੇ ਵਾਲਾ,
ਛੱਡੇ ਡੋਲੇ ਵਾਲਾ, ਰੋਂਦਿਆਂ ਬੱਚਿਆਂ ਵਾਲਾ,
ਹਾਏ ਹਾਏ ਸ਼ੇਰਾ ਮਾਨ ਜੁਆਨੀ
ਤੇਰਾ ਕੀ ਸਲਾਹਾਂ।
ਖੱਟੀ ਨੇਕੀ ਵਾਲਾ
ਪੈਂਦੇ ਕੇਸਰ ਵਾਲਾ

ਨੀਵੀਆਂ ਚੱਸ਼ਮਾਂ ਵਾਲਾ
ਹਾਏ ਖਾਏ ਸ਼ੇਰਾ।

## ਬੱਚੇ ਮਰਨ 'ਤੇ ਅਲਾਹੁਣੀਆਂ

ਲਾਲ ਹਾਏ ਹਾਏ ਲਾਲ
ਤੇਰੀ ਮਾਂ ਨਿਹਾਲ
ਤੇਰਾ ਪੇ ਨਿਹਾਲ
ਤੇਰੀ ਲੋੜ ਵਧੇਰੇ
ਲਾਲ ਹੈ ਹੈ ਲਾਲ...
ਰਖਿਆਂ ਗਹਿਣਿਆਂ ਵਾਲਾ
ਰਖਿਆਂ ਝਗਿਆਂ ਵਾਲਾ
ਤੈਨੂੰ ਮਾਰਿਆ ਮੌਤੇ
ਹਾਏ ਹਾਲੇ ਲਾਲ ਖਪਾਇਆ
ਹਾਏ ਹਾਏ ਘਰ ਗੁਆਇਆ
ਹਾਏ ਹਾਏ ਮਾਂ ਦਿਆ ਫੁੱਮਣਾ
ਤੂੰ ਕੀ ਖਾਧਾ ਕੀ ਖਟਿਆ
ਮੈਂ ਦਿਆ ਫੁੰਮਣਾ...
ਤੂੰ ਕੀ ਲੈ ਗਿਆ ਨਾਲ
ਮਾਂ ਦਿਆ ਫੁੰਮਣਾ...
ਤੂੰ ਦਿਤੀਆਂ ਸਾਈਆਂ ਵਾਲਾ
ਮੈਂ ਦਿਆ ਫੁੰਮਣਾ...
ਮੁੜ ਗਿਆ ਲਾਗੀਆਂ ਵਾਲਿਆਂ
ਮਾਂ ਦਿਆ ਫੁੰਮਣਾ...
ਰੋਂਦੀ ਅੰਮੜੀ ਵਾਲਿਆਂ
ਮਾਂ ਦਿਆ ਫੁੰਮਣਾ...

## ਇਸਤ੍ਰੀ ਮਰਨ ਵੇਲੇ

ਹੀਰੇ ਹਾਏ ਹਾਏ ਹੀਰੇ...
(ਹਿੱਕ 'ਤੇ ਦੋਹੱਥੜ ਮਾਰ ਕੇ)

ਹੀਰੇ ਮਾਨ ਜੁਆਨੀ
ਰੋਂਦਿਆਂ ਬੱਚਿਆਂ ਵਾਲੀ
ਖੁਸੇ ਲਾਣੇ ਵਾਲੀ
ਤੇਰਾ ਜਾਣ ਨਾ ਹੋਵੇ
ਤੇਰੀ ਲੋੜ ਵਧੇਰੇ
ਪਈ ਵਰਾਨੀ ਵਾਲੀ
ਰੋਂਦੇ ਲਾੜੇ ਵਾਲੀ
ਤੈਨੂੰ ਮਾਰਿਆ ਮੌਤੇ
ਹਾਏ ਹਾਏ ਲੁੱਟ ਬਹਾਲੇ

## ਕੁਆਰੀ ਕੁੜੀ ਮਰਨ ਵੇਲੇ

ਨੀ ਹਾਏ ਹਾਏ ਧੀਏ
ਤੈਨੂੰ ਮਾਰਿਆ ਮੌਤੇ
ਚੜੀਆਂ ਰੰਗਣਾ ਵਾਲੀ
ਰੋਂਦੀ ਅੰਮੜੀ ਵਾਲੀ
ਰੋਂਦਿਆਂ ਵੀਰਾਂ ਵਾਲੀ
ਧੀਏ ਹਾਏ ਹਾਏ ਧੀਏ...
ਧੀਏ ਮਾਂ ਦੀ ਬੱਚੀ
ਧੀਏ ਸਿਖਰੋਂ ਢੱਠੀ
ਧੀਏ ਅੱਨਖਾਧ ਗਈ
ਤੈਨੂੰ ਮਾਰਿਆ ਮੌਤੇ...

## ਬੁਢੜੀ ਮਰਨ ਵੇਲੇ

ਤੈਨੂੰ ਕੀ ਹੋਇਆ ਕੀ ਹੋਇਆ
ਰਾਣੀਏ ਤੀਰਥੀ ਬੋਲ...ਹਾਏ ਹਾਏ...
ਤੈਨੂੰ ਕਿਧਰ ਦੀ ਮੁਹਿੰਮ ਏ
ਰਾਣੀਏ ਤੀਰਥੀਂ ਬੋਲ...
ਤੂੰ ਕਿਹੜੇ ਦਾਨ ਕਰੇਂਦੀ
ਰਾਣੀਏ ਤੀਰਥੀਂ ਬੋਲ...
ਧੀਆਂ ਦਾ ਤੂੰ ਪਰਗਣਾ

ਨੂੰਹਾਂ ਦੀ ਤੂੰ ਜਾਗੀਰ
ਰਾਣੀਏ ਤੀਰਥੀਂ ਬੋਲ..
ਧੀਆਂ ਪਾਵੇਂ ਚੂੜੇ
ਨੂੰਹਾਂ ਦੇ ਗਲ ਹਾਰ
ਰਾਣੀਏ ਤੀਰਥੀਂ ਬੋਲ...
ਪਾਣੀ ਲਿਆਵੇ ਗੰਗ ਦਾ
ਰਾਣੀ ਲਉ ਨਲ੍ਹਾ
ਕੱਢਣ ਲਿਆਉ ਜ਼ਰੀ ਦਾ
ਰਾਣੀ ਲਉ ਪਹਿਨਾ
ਮੰਜ਼ਲੀਂ ਮੰਜ਼ਲੀ ਲੈ ਚਲੇ
ਨਾਲ ਵੱਡਾ ਪਰਵਾਰ
ਰਾਣੀਏ ਤੀਰਥੀਂ ਬੋਲ
ਚੌਂਕੇ ਸੱਦਾ ਹੋਇਆ
ਮੇਰੀ ਰਾਣੀ ਲਉ ਬੁਲਾ
ਗੱਲ ਕਰੇ ਮਨ-ਭਾਉਂਦੀ
ਆਪਨੜੇ ਪਰਵਾਰ
ਰਾਣੀ ਚੂੰਡਾ ਸੱਚ ਦਾ
ਮੰਨਿਆ ਰਾਉ ਅਮੀਰ
ਰਾਉ ਅਮੀਰ ਨਾ ਜਾਈਏ
ਤੇਰੇ ਘਰ ਹੈ ਰਾਉ ਅਮੀਰ ?
ਤੇਰੇ ਖੁਲ੍ਹੇ ਤਾਂ ਧਰਮ ਦੁਆਰ ਹੈ
ਰਾਣੀਏ ਤੀਰਥੀ ਬੋਲ...

ਮਾਝੇ ਵਿਚ ਤਾਂ ਮਾਝੇ ਦੀਏ ਰਾਣੀਏ ਕਰ ਕੇ ਸੰਬੋਧਨ ਕਰ ਕੇ ਬੁਲਾਇਆ ਜਾਂਦਾ ਹੈ। ਮੰਜਕੀ ਦੇ ਇਲਾਕੇ ਜੁਆਨ ਇਸਤ੍ਰੀ ਨੂੰ ਬ੍ਰਹਮਾ ਦੀਏ ਰਾਣੀਏ ਕਰਕੇ ਸੰਬੋਧਨ ਕੀਤਾ ਜਾਂਦਾ ਹੈ।

ਕਿਸੇ ਕਿਸੇ ਥਾਂ ਤਾਂ ਅਸੀਂ ਉਪਰੇ ਦਿਲੋਂ ਬੋਲ ਕਰਦੀਆਂ ਰਹਿੰਦੀਆਂ ਹਾਂ ਤੇ ਕਿਸੇ ਕਿਸੇ ਥਾਂ ਏਨਾ ਮੌਤ ਵੇਲੇ ਚੀਕੇਵਟ ਪੈਂਦਾ ਨੂੰ ਕਿ ਮਰਨ ਵਾਲੇ ਦੇ ਮਾਪਿਆਂ ਦੀ ਹਾਲਤ ਦੇਖ ਕੇ ਮਿਰਾਸਣਾਂ ਨੂੰ ਵੀ ਗਸ਼ ਪੈ ਜਾਂਦਾ ਏ।

ਅੱਜ ਕਲ੍ਹ ਆਲਾਹੁਣੀਆਂ ਨੂੰ ਲੋਕੀ ਐਵੇਂ ਸਮਝਦੇ ਹਨ। ਬੱਚੇ ਜਾਂ ਜੁਆਨ ਜਹਾਨ ਦੇ ਮਰਨ ਸਮੇਂ ਇਹ ਜ਼ਰੂਰੀ ਹੋ ਜਾਂਦੀਆਂ ਹਨ। ਇਕ ਵਾਰ ਜੁਆਲੀ ਦਾ ਪਹਿਲਾ ਮੁੰਡਾ ਮਰ ਗਿਆ। ਬੜੀ ਦਲੇਰ ਔਰਤ ਸੀ। ਰੋਈ ਨਾ, ਸਮਾਂ ਘਰਦਿਆਂ ਨੂੰ ਕਹੇ, ਤੁਸੀਂ ਕਿਉਂ ਰੋਂਦੀਆਂ ਹੋ, ਜਿਹਨੇ ਪੇਟੋਂ ਜਾਇਆ ਜਾਂ ਉਹ ਨਹੀਂ ਰੋਂਦੀ। ਦੂਜੇ ਦਿਨ ਹੀ ਮੰਜੇ 'ਤੇ ਪੈ ਗਈ। ਘੜੀ ਮੁੜੀ ਦੰਦਲਾਂ ਪੈਣ। ਸ਼ਾਮ ਨੂੰ ਪੇਕਿਆਂ ਤੋਂ ਉਹਦੀ ਮਾਂ ਆਈ। ਉਹਦੇ ਗਲ ਲੱਗ ਕੇ ਰੋਣ ਲੱਗ ਪਈ। ਮੈਂ ਕਿਹਾ ਹਟਾਇਉ ਨਾ, ਰਜ ਕੇ ਰੋ ਲੈਣ ਦਿਓ। ਆਪੇ ਠੀਕ ਹੋ ਜਾਵੇਗੀ। ਓਹੋ ਗਲ ਹੋਈ। ਰੋ ਕੇ ਮਨ ਹੌਲਾ ਹੋ ਗਿਆ, ਚੰਗੀ ਭਲੀ ਹੋ ਗਈ। ਆਦਮੀ ਮਰ ਜਾਂਦਾ ਹੈ, ਤੀਵੀਆਂ ਲਈ ਰੋਣਾ ਜ਼ਰੂਰੀ ਹੁੰਦਾ ਹੈ। (ਲਓ ਸਮਝ ਲਓ ਝੰਢੇ ਤੋਂ ਕਥਾਰਸਿਜ਼ ਦਾ ਸਿਧਾਂਤ)

ਇਕ ਵਾਰ ਇਕ ਮਿਰਾਸਣ ਮੁਕਾਨ ਵਾਲੇ ਘਰ ਅਲਾਹੁਣੀਆਂ ਦੇਣ ਗਈ। ਮਿਰਾਸਣ ਦਾ ਪੁੱਤ ਘਰ ਛਡ ਕੇ ਮੁਕਾਣ ਵਾਲੇ ਘਰ ਆ ਗਿਆ। ਇਸਤ੍ਰੀਆਂ ਬੜੇ ਜੋਸ਼ ਵਿਚ ਪਿੱਟ ਰਹੀਆਂ ਸਨ। ਮਿਰਾਸਨ ਨੇ ਆਪਣੇ ਮਨ ਦੇ ਭਾਵਾਂ ਦਾ ਪ੍ਰਗਟਾ ਕਰਦਿਆਂ ਹੋਇਆਂ ਅਲਾਹੁਣੀ ਵਿਚ ਇਕ ਹੋਰ ਆਪਣੇ ਮਤਲਬ ਦੀ ਤੁਕ ਜੜ ਦਿੱਤੀ :

ਖਿੜਕੀ ਰਹਿ ਗਈ ਖੁਲੀ ਵੇ ਚੇਤੂ ਜਾ ਘਰ ਨੂੰ-
ਬਾਕੀ ਤੀਵੀਆਂ ਨੇ ਮਿਸਰੇ ਨੂੰ ਚੁੱਕ ਲਿਆ-
ਵੇ ਚੇਤੂ ਜਾ ਘਰ ਨੂੰ

ਕਈ ਵਾਰ ਮਿਰਾਸਮਾਂ ਅਲਾਹੁਣੀਆਂ ਵਿਚ ਵੀ ਮਨ ਪਰਚਾਵੇ ਦਾ ਢੰਗ ਲਭ ਲੈਂਦੀਆਂ ਹਨ।

ਇਕ ਮਿਰਾਸਣ ਆਪਣੀਆਂ ਜਜਮਾਨਣਾ ਦੇ ਨਾਲ ਪਿਟਣ ਗਈ। ਰਾਹ ਵਿਚ ਇਕ ਜੱਟ ਨੇ ਛੋਲੇ ਤੋੜ ਕੇ ਖਾ ਲਏ। ਮੁਕਾਣ ਵੇਲੇ ਕਹਿਣ ਲੱਗੀ ਦਾਦੀ ਛੇਤੀ ਹਟ ਜਾਈਂ ਮੇਰੇ ਢਿੱਡ ਵਿਚ ਦਰਦ ਹੁੰਦੀ ਏ। ਮੀਰਜ਼ਾਦੀ ਨੇ ਅਲਾਹੁਣੀ ਵਿਚ ਹੀ ਹੋਰ ਫਿਕਰਾ ਜੜ ਦਿਤਾ :

ਤੇਰੇ ਢਿੱਡ ਵਿਚ ਫਿਰੇ ਗਲੂਟ
ਮਰ ਜਾਣ ਬੀਜਣ ਵਾਲੇ...

# ਮੈਨੂੰ ਪੰਜਾਬੀ ਕਿਉਂ ਚੰਗੀ ਲੱਗਦੀ ਹੈ ?

ਕਈ ਲੋਕ ਮੇਰੇ ਕੋਲੋਂ ਪੁਛਦੇ ਹਨ ਕਿ ਮੈਂ ਪੰਜਾਬ ਕੀ ਕਲਾ, ਲੋਕ ਗੀਤ, ਬੋਲੀ ਤੇ ਸਾਹਿਤ ਵਿਚ ਏਨੀ ਦਿਲਚਸਪੀ ਕਿਉਂ ਲੈਂਦਾ ਹਾਂ। ਸੁਣੋ ਮੇਰਾ ਜਵਾਬ :

ਸੰਨ 1947 ਵਿਚ ਜਦ ਮੁਲਕ ਦਾ ਬਟਵਾਰਾ ਹੋਇਆ ਤਾਂ ਪੱਛਮੀ ਪੰਜਾਬ ਦੇ ਪੰਜਾਬੀ ਦਿੱਲੀ ਵਿਚ ਆਏ ਤੇ ਹੋਰ ਥਾਵਾਂ ਵਿਚ ਵੀ ਫੈਲ ਗਏ, ਜਿਥੇ ਵੀ ਸਿਰ ਲੁਕਾਉਣ ਦੀ ਥਾਂ ਲੱਭੀ। ਮੈਂ ਦੇਖਿਆ ਕਿ ਭਾਰਤ ਦੇ ਬਾਕੀ ਲੋਕ, ਖ਼ਾਸ ਕਰ ਜਮਨਾ ਪਾਰ ਦੇ ਲੋਕ ਇਨ੍ਹਾਂ ਨੂੰ ਨੀਮ ਵਹਿਸ਼ੀ ਜਿਹਾ ਸਮਝਦੇ ਸਨ। ਬਹੁਤ ਸਾਰੇ ਦੁਕਾਨਦਾਰ ਪੇਸ਼ਾ ਵਾਲਿਆਂ ਨੇ ਮਿਲਣ ਆਉਣਾ ਤਾਂ ਟੁਟੀ ਫੁਟੀ ਹਿੰਦੁਸਦਾਨੀ ਵਿਚ ਗੱਲ ਕਰਨੀ, ਜਿਦ੍ਹੇ ਵਿਚ ਅੱਧੀ ਪੰਜਾਬੀ ਹੋਣੀ। ਇੰਜ ਲੱਗਣਾ ਜਿਵੇਂ ਇਹ ਨਾ ਹਨ, ਤਿਤਰ, ਨਾ ਬਟੇਰ। ਆਪਣੀ ਬੋਲੀ ਗੁਆਰ ਬੋਲੀ, ਜਟਕੀ ਜ਼ਬਾਨ ਸਮਝਣਾ ਤੇ ਦੂਸਰੀਆਂ ਬੋਲੀਆਂ ਨੂੰ ਮੁਹੱਜ਼ਬ। ਹਾਲਾਂ ਤਾਈਂ ਵੀ ਸਾਡੇ ਬਹੁਤ ਸਾਰੇ ਪੰਜਾਬੀ ਭਰਾ, ਖ਼ਾਸ ਕਰਕੇ ਸ਼ਹਿਰਾਂ ਦੇ ਰਹਿਣ ਵਾਲੇ, ਇਕ ਵਡੇ ਭੁਲੇਖੇ ਵਿਚ ਪਏ ਹੋਏ ਹਨ। ਇਨ੍ਹਾਂ ਦੀ ਓਹੀ ਹਾਲਤ ਹੈ, ਜੋ ਇਨਕਲਾਬ ਤੋਂ ਪਹਿਲਾ ਰੂਸ ਦੇ ਉਚੇ ਤਬਕੇ ਦੇ ਲੋਕਾਂ ਦੀ ਸੀ। ਇਹ ਵੀ ਰੂਸੀ ਨੂੰ ਗੰਵਾਰੀ ਬੋਲੀ ਹੀ ਸਮਝਦੇ ਸਨ, ਤੇ ਫ਼ਰੈਂਚ ਹੀ ਬੋਲਦੇ ਸਨ। ਹੁਣ ਓਹੀ ਰੂਸੀ ਜ਼ਬਾਨ ਹੈ, ਜਿਸ ਵਿਚ ਵਿਗਿਆਨ ਤੇ ਸਾਹਿਤ ਦੇ ਉਚੇ ਤੋਂ ਉਚੇ ਖਿਆਲ ਲਿਖੇ ਗਏ ਹਨ।

ਇਸ ਮਾਮਲੇ ਵਿਚ ਦੂਰ ਜਾਣ ਦੀ ਲੋੜ ਨਹੀਂ। ਪੰਜਾਹ ਸੱਠ ਸਾਲ ਪਿਛਾਂਹ ਵੱਲ ਦੇਖੀਏ ਤਾਂ ਪਤਾ ਲੱਗਦਾ ਹੈ, ਕਿ ਸਿਵਾਏ ਤਾਮਿਲ ਦੇ, ਜੋ ਸੰਸਕ੍ਰਿਤ ਤੋਂ ਵੀ ਪੁਰਾਣੀ ਹੈ, ਬਹੁਤ ਸਾਰੀਆਂ ਪ੍ਰਾਂਤਕ ਬੋਲੀਆਂ ਵਿਚ ਕੋਈ ਖ਼ਾਸ ਸਾਹਿਤ ਨਹੀਂ ਸੀ। ਦਿਨੇਸ਼ ਚੰਦਰ ਸੈਨ, ਬੰਗਾਲ ਦੇ ਉਘੇ ਵਿਦਵਾਨ ਆਪਣੀ 'ਬੰਗਾਲੀ ਬੋਈ ਦੇ ਇਤਿਹਾਸ' ਵਿਚ ਲਿਖਦੇ ਹਨ ਕਿ ਉਨ੍ਹੀਂਵੀਂ ਸਦੀ ਦੇ ਅੰਤ ਵਿਚ ਕਲਕੱਤੇ ਵਿਚ ਇਕ ਸਾਹਿਤ ਸਭਾ ਸੀ ਜਿਸ ਦੇ ਅੰਗਰੇਜ਼ ਤੇ ਬੰਗਾਲੀ ਦੋਨੋਂ ਮੈਂਬਰ ਸਨ। ਇਸ ਸਭਾ ਵਿਚ ਆਮ ਤੌਰ ਤੇ ਅੰਗਰੇਜ਼ੀ ਵਿਚ ਲੇਖ ਪੜ੍ਹੇ ਜਾਂਦੇ ਤੇ ਅੰਗ੍ਰੇਜ਼ੀ ਵਿਚ ਹੀ ਬਹਿਸ ਹੁੰਦੀ। ਇਕ ਅੰਗਰੇਜ਼ੀ ਮੈਂਬਰ ਨੇ ਤਜਬੀਜ਼ ਪੇਸ਼ ਕੀਤੀ ਕਿ ਬੰਗਾਲੀ

ਵਿਚ ਲੇਖ ਪੜੇ ਜਾਣ। ਇਹ ਸੁਣ ਕੇ ਹੀ ਬੰਗਾਲੀ ਮੈਂਬਰ ਅੱਗ ਬਗੋਲਾ ਹੋ ਗਏ, ਤੇ ਸਭ ਨੇ ਇਸ ਦੀ ਵਿਰੋਧਤਾ ਕੀਤੀ। ਉਨ੍ਹਾਂ ਕਿਹਾ ਕਿ ਬੰਗਾਲੀ ਇਕ ਗੰਵਾਰੂ ਬੋਲੀ ਹੈ, ਤੇ ਓਹ ਇਸ ਵਿਚ ਲੇਖ ਪੜ੍ਹਨਾ ਪਸੰਦ ਨਹੀਂ ਕਰਨਗੇ।

ਕੁਝ ਸਾਲਾਂ ਪਿਛੋਂ ਹੀ ਬੰਗਾਲੀਆਂ ਦੇ ਖ਼ਿਆਲਾਂ ਵਿਚ ਮੋੜਾ ਪਿਆ, ਤੇ ਅੰਗਰੇਜ਼ੀ ਪੜ੍ਹੇ ਵਿਦਵਾਨ ਰਾਜਾ ਰਾਮ ਮੋਹਨ ਰਾਏ, ਟੈਗੋਰ ਤੇ ਬੈਂਕਿਮ ਚੰਦਰ ਚੈਟਰਜੀ ਦੀ ਅਗਵਾਈ ਥਲੇ ਆਪਣੀ ਬੋਲੀ ਵਿਚ ਦਿਲਚਸਪੀ ਲੈਣ ਲੱਗ ਪਏ ਤੇ 50-60 ਸਾਲਾਂ ਵਿਚ ਉਨ੍ਹਾਂ ਸਾਹਿਤਕ ਦ੍ਰਿਸ਼ਟੀਕੋਨ ਤੋਂ ਇਕ ਅਮੀਰ ਬੋਲੀ ਬਣਾ ਦਿਤੀ।

ਪੰਜਾਬੀ ਬੋਲੀ ਬਹੁਤ ਪੁਰਾਣੀ, ਤੇ ਹੈ ਵੀ ਬੜੀ ਲਚਕਦਾਰ, ਜਾਨਦਾਰ, ਤੇ ਰਸੀਲੀ ਰਸੀਲੀ। ਅਸਲ ਵਿਚ ਬੋਲੀ ਨੂੰ ਬੋਲਣ ਵਾਲੇ ਓਸ ਬੋਲੀ ਦੇ ਲਿਖਾਰੀ ਹੁੰਦੇ ਹਨ। ਜੇ ਉਚੇ ਦਿਮਾਗ ਤੇ ਖ਼ਿਆਲਾਂ ਵਾਲੇ ਲਿਖਣ ਲੱਗ ਜਾਣ ਤਾਂ ਬੋਲੀ ਅਮੀਰ ਹੋ ਜਾਂਦੀ ਹੈ। ਪੂਰਨ ਸਿੰਘ ਦੀ ਪੰਜਾਬੀ ਪੜ੍ਹੋ, ਕਿੰਨੀ ਰਸੀਲੀ ਤੇ ਨਸ਼ੀਲੀ ਹੈ। ਗੁਰਬਖ਼ਸ਼ ਸਿੰਘ ਨੇ ਇਸ ਬੋਲੀ ਵਿਚ ਕੀ ਸੋਜ਼ ਪੈਦਾ ਕੀਤਾ ਹੈ। ਅਤੇ ਇਸ ਵਿਚ ਉਰਦੂ ਅੰਗਰੇਜ਼ੀ ਤੇ ਹਿੰਦੀ ਦੇ ਸ਼ਬਦਾਂ ਦੀ ਖੁਲ੍ਹੀ ਵਰਤੋਂ ਕਰਕੇ ਪੰਜਾਬੀ ਬੋਲੀ ਨੂੰ ਅਮੀਰ ਕੀਤਾ ਹੈ। ਮੋਹਨ ਸਿੰਘ ਦੀ ਅੰਬੀ ਦੇ ਬੂਟੇ ਵਾਲੀ ਕਵਿਤਾ ਏਨੀ ਦਿਲ-ਟੁੰਬਣੀ ਹੈ ਕਿ ਲੋੜ੍ਹੇ ਹੀ ਪਾ ਦਿੰਦੀ ਹੈ। ਅੰਮ੍ਰਿਤਾ ਪ੍ਰੀਤਮ ਤੇ ਪ੍ਰਭਜੋਤ ਨੇ ਆਪਣੀ ਕਵਿਤਾ ਵਿਚ ਇਸਤ੍ਰੀ ਦਾ ਪਿਆਰ ਭਰਿਆ ਹਿਰਦਾ ਸਾਡੇ ਸਾਹਮਣੇ ਖੋਲ੍ਹ ਕੇ ਰੱਖ ਦਿਤਾ ਹੈ। ਕੁਲਵੰਤ ਸਿੰਘ ਵਿਰਕ, ਗੁਲਜ਼ਾਰ ਸੰਧੂ, ਸੰਤੋਖ ਸਿੰਘ ਧੀਰ ਦੇ ਰਾਵਲ ਸਿੰਘ ਧੂਤ ਨੇ ਆਪਣੀਆਂ ਨਿੱਕੀਆਂ ਕਹਾਣੀਆਂ ਵਿਚ ਸਾਡੇ ਪਿੰਡਾਂ ਦੇ ਉਹ ਨਕਸ਼ੇ ਖਿਚੇ ਹਨ, ਕਿ ਸਾਡੇ ਪੇਂਡੂਆਂ ਦੀਆਂ ਜੀਂਦੀਆਂ, ਜਾਗਦੀਆਂ ਤਸਵੀਰਾਂ ਅੱਖਾਂ ਦੇ ਸਾਹਮਣੇ ਆ ਜਾਂਦੀਆਂ ਹਨ। ਪਿੰਡਾ ਦੇ ਜੱਟਾਂ ਦੀ ਦਰਿਆ-ਦਿਲੀ, ਵਿਸ਼ਾਲਤਾ, ਹੌਂਸਲਾ, ਦ੍ਰਿੜ੍ਹਤਾ ਦੇ ਮਿਹਨਤਕਸ਼ੀ ਸਾਡੇ ਸਾਹਮਣੇ ਆਉਂਦੀ ਹੈ। ਉਨ੍ਹਾਂ ਦੀ ਦੁਖ ਸਹਿੰਦੀ, ਦੁਖਕ ਵੰਡਦੀ ਜ਼ਿੰਦਗੀ ਦੇ ਝਲਕਾਰੇ ਮਿਲਦੇ ਹਨ ਤੇ ਉਨ੍ਹਾਂ ਦੇ ਸਮੁੰਦਰ ਵਰਗੇ ਦਿਲ, ਮਿੱਟੀ ਵਿਚ ਘੋਲ, ਤੇ ਧੂਪਾਂ, ਮੀਂਹਾਂ, ਪਾਲਿਆਂ ਨਾਲ ਮੁਕਾਬਲੇ ਸਾਡੇ ਸਾਹਮਣੇ ਇੰਨ ਬਿਨ ਆਉਂਦੇ ਹਨ। ਸੰਤ ਸਿੰਘ ਸੇਖੋਂ ਨੇ ਇਨ੍ਹਾਂ ਹੀ ਪੰਜਾਬੀਆਂ ਦੇ ਜੀਵਨ ਦੀਆਂ ਤ੍ਰਾਟਾਂ ਤੇ ਮਜਬੂਰੀਆਂ ਦਾ ਖੋਜੀ ਅੱਖ ਨਾਲ ਅਧਿਐਨ ਕੀਤਾ ਹੈ। ਕਰਤਾਰ ਸਿੰਘ ਦੁੱਗਲ ਨੇ ਆਪਣੀਆਂ ਕਹਾਣੀਆਂ ਵਿਚ ਪੋਠੋਹਾਰਨ ਦਾ ਖ਼ੂਬ ਰੰਗ ਬੰਨ੍ਹਿਆ ਹੈ। ਪੋਠੋਹਾਰਨਾਂ ਦੀ ਸੁੰਦਰਤਾ, ਕੋਮਲਤਾ, ਪਿਆਰ ਭਰੀਆਂ ਚਮਕੀਲੀਆਂ

ਨਸ਼ੀਲੀਆਂ ਅੱਖਾਂ ਜੋ ਬ੍ਰਿਹਾ ਨਾਲ ਤ੍ਰਿਪ ਤ੍ਰਿਪ ਕਰਦੀਆਂ ਤੇ ਚਾਂਦੀ ਚਸ਼ਮਿਆਂ ਦੇ ਨੱਚਦੇ ਪਾਣੀ, ਸਾਡੇ ਸਾਹਮਣੇ ਅਸਲ ਵਾਂਗ ਦਿਸਦੇ ਹਨ।

ਕਿਸੇ ਨੂੰ ਕਿਸੇ ਵਸਤੂ ਤੋਂ ਵਾਂਝਿਆ ਰਖਿਆ ਜਾਏ ਤਾਂ ਓਹਦੇ ਦਿਲ ਵਿਚ ਉਹਦੀ ਕਦਰ ਹੋਰ ਵੀ ਵੱਧ ਜਾਂਦੀ ਹੈ। ਇਹੀ ਹੈ ਇਕ ਹੋਰ ਵਜ੍ਹਾ ਮੇਰੇ ਪੰਜਾਬੀ ਬੋਲੀ ਨਾਲ ਪਿਆਰ ਦੀ। ਮੈਂ ਗਿਆਰਾਂ ਸਾਲ ਯੂ. ਪੀ. ਵਿਚ ਰਿਹਾ ਜਿਥੇ ਪੰਜਾਬੀ ਕਦੇ ਕਦਾਈਂ ਹੀ ਸੁਣਨ ਵਿਚ ਆਉਂਦੀ ਹੈ। ਜਦ ਮੈਂ 1941-45 ਵਿਚ ਹਾਇਬਰੇਲੀ ਵਿਚ ਸਾਂ, ਓਥੇ ਇਕ ਪੰਜਾਬੀ ਮੁਸਲਮਾਨ ਅਫ਼ਜ਼ਲ ਨਾਲ ਮਿਲਣੀ ਦਾ ਅਕਸਰ ਮੌਕਾ ਮਿਲਦਾ। ਜਦ ਮੈਂ ਪੰਜਾਬੀ ਵਿਚ ਉਹਦੇ ਨਾਲ ਗੱਲ ਕਰਨੀ ਤਾਂ ਉਹਨੂੰ ਨਸ਼ਾ ਜਿਹਾ ਜੜ੍ਹ ਜਾਣਾ, ਜਿਵੇਂ ਕਿਸੇ ਨੂੰ ਕੋਈ ਗੁਆਚੀ ਹੋਈ ਚੀਜ਼ ਲੱਭ ਜਾਵੇ। ਇਸਦੇ ਇਲਾਵਾ ਮੈਂ ਇਹ ਵੀ ਅਨੁਭਵ ਕੀਤਾ ਕਿ ਅਸੀਂ ਪੰਜਾਬੀ ਲੋਕ ਹਿੰਦੁਸਤਾਨੀ ਦੀ ਕਿੰਨੀ ਹੀ ਮਸ਼ਕ ਕਰੀਏ, ਯੂ. ਪੀ. ਦੇ ਲੋਕ ਸਾਡੀਆਂ ਗਲਤੀਆਂ ਝਟ ਪਛਾਣ ਜਾਂਦੇ ਤੇ ਕਹਿੰਦੇ, "ਕਿਉਂ ਸਾਹਿਬ, ਕਿਆ ਆਪ ਪੰਜਾਬੀ ਹੋ।" ਮੈਂ ਸੋਚਿਆ ਛਡੋ ਇਸ ਪਾਜ ਤੇ ਝੂਠ ਨੂੰ, ਸਾਡੀ ਬੋਲੀ ਕਿਸੇ ਤੋਂ ਘਟ ਨਹੀਂ। ਇਹ ਬੋਲੀ ਹੈ ਪਿਆਰ ਦੀ, ਤੇ ਪਿਆਰ ਕਰਨ ਵਾਲਿਆਂ ਦੀ। ਇਹ ਬੋਲੀ ਹੈ ਹੀਰ ਤੇ ਰਾਂਝੇ ਦੀ ਇਹ ਬੋਲੀ ਹੈ ਵਾਰਸ ਸ਼ਾਹ ਦੀ,ਤੇ ਸੋਹਣੀ ਤੇ ਮਹੀਂਵਾਲ ਦੀ। ਇਹ ਬੋਲੀ ਹੈ ਗੁਰੂ ਨਾਨਕ ਦੇਵ ਤੇ ਗੁਰੂ ਅਰਜਨ ਦੀ ਤੇ ਸ਼ੇਖ ਫ਼ਰੀਦ ਤੇ ਬੁੱਲ੍ਹੇਸ਼ਾਹ ਦੀ। ਇਹ ਬੋਲੀ ਹੈ ਵੇਦਾਂ ਤੇ ਸ਼ਾਸਤਰਾਂ ਦੇ ਉਚਾਰਨ ਵਾਲਿਆਂ ਦੀ ਸੰਤਾਨ ਦੀ, ਇਹ ਬੋਲੀ ਹੈ ਦਿਲ-ਟੁੰਬਣੇ ਲੋਕ-ਗੀਤਾਂ ਦੀ ਜਿਨ੍ਹਾਂ ਸਾਹਮਣੇ ਉਰਦੂ ਹਿੰਦੀ ਦੀ ਬਨਾਉਟੀ ਕਵਿਤਾ ਝੂਠੀ ਜਿਹੀ ਲੱਗਦੀ ਹੈ। ਇਹ ਬੋਲੀ ਹੈ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਤੇ ਮਜ਼ਦੂਰਾਂ ਦੀ, ਜੋ ਕਈ ਸਾਲਾਂ ਦੀ ਅਨਗਹਿਲੀ ਦੇ ਬਾਵਜੂਦ ਵੀ, ਜੰਗਲ ਦੇ ਦਰਖ਼ਤਾਂ ਵਾਂਗ ਜਿਨ੍ਹਾਂ ਨੂੰ ਅਸਮਾਨੀ ਮੀਂਹ ਹੀ ਸਿੰਜਦਾ ਹੈ, ਵਧਦੀ ਤੇ ਫੁਲਦੀ ਰਹੀ ਹੈ।

ਪੰਜਾਬੀ ਦੀ ਵਿਰੋਧਤਾ ਵਿਚ ਮੱਮੀ ਡੈਡੀ ਕਰਨ ਵਾਲੇ ਅੰਗਰੇਜ਼ੀ ਪੜ੍ਹੇ ਹੋਏ ਪੰਜਾਬੀਆਂ ਦਾ ਵੀ ਕਾਫ਼ੀ ਹਿੱਸਾ ਹੈ। ਇਸ ਵਿਚ ਸ਼ਾਇਦ ਇਨ੍ਹਾਂ ਦਾ ਕਸੂਰ ਨਾ ਹੋਵੇ, ਕਿਉਂਕਿ ਹੁਕਮਰਾਨ ਤਬਕਾ ਹਮੇਸ਼ਾ ਹੀ ਆਪਣੇ ਆਪ ਨੂੰ ਆਮ ਜਨਤਾ ਤੋਂ ਜੁਦਾ ਰੱਖਣ ਖਾਤਰ ਉਨ੍ਹਾਂ ਤੋਂ ਅੱਡਰੀ ਬੋਲੀ ਹੀ ਬੋਲਦਾ ਰਿਹਾ ਹੈ। ਗੁਪਤਾ ਰਾਜ ਤੋਂ ਸੰਨ 1000 ਤਕ ਹਿੰਦੂ ਰਾਜੇ ਰਾਣੀਆਂ ਤੇ ਉਨ੍ਹਾਂ ਦੇ ਦਰਬਾਰੀ ਤੇ ਅਫ਼ਸਰ ਸੰਸਕ੍ਰਿਤ ਵਿਚ ਹੀ ਬੋਲਦੇ ਸਨ ਤੇ ਆਮ ਜਨਤਾ ਦੀ ਬੋਲੀ ਪ੍ਰਾਕ੍ਰਿਤ ਬੋਲੀਆਂ ਬਣੀਆਂ। ਜਦ ਮੁਸਲਮਾਨਾਂ ਦਾ ਰਾਜ ਆਇਆ ਤਾਂ ਰਾਜ ਦੀ ਬੋਲੀ ਫ਼ਾਰਸੀ ਸੀ। ਫ਼ੌਜ ਵਿਚ, ਜਿਸ ਵਿਚ ਹਰ ਤਰ੍ਹਾਂ ਦੀ ਖਿਚੜੀ ਸੀ, ਉਰਦੂ ਬਣਨੀ ਸ਼ੁਰੂ ਹੋ ਗਈ। ਅੰਗਰੇਜ਼ਾਂ ਦਾ ਰਾਜ ਆਇਆ ਤਾਂ ਦਫ਼ਤਰੀ ਜ਼ਬਾਨ ਅੰਗਰੇਜ਼ੀ ਹੋ ਗਈ, ਤੇ ਪੰਜਾਬ

ਦੀਆਂ ਕਚਹਿਰੀਆਂ ਵਿਚ ਉਰਦੂ ਵਿਚ ਕੰਮ ਹੁੰਦਾ ਹੈ। ਬੜਾ ਤਮਾਸ਼ਾ ਜਿਹਾ ਸੀ, ਗਵਾਹ ਬਿਆਨ ਪੰਜਾਬੀ ਵਿਚ ਦੇਂਦਾ ਤੇ ਲਿਖਿਆ ਜਾਂਦਾ ਉਰਦੂ ਵਿਚ। ਆਮ ਲੋਕਾਂ ਤੇ ਰੋਅਬ ਪਾਉਣ ਖ਼ਾਤਰ ਵੀ ਅਫ਼ਸਰ ਲੋਕ ਉਰਦੂ ਵਿਚ। ਆਮ ਲੋਕਾਂ ਤੇ ਰੋਅਬ ਮੁਸਲਮਾਨ ਕਲਰਕ ਬਣ ਜਾਂਦਾ ਹੈ ਤੇ ਉਸ ਦੀ ਵਹੁਟੀ, ਜੋ ਪਿੰਡ ਵਿਚ ਪਹਿਲਾਂ ਸਾਗ ਤੋੜਦੀ ਤੇ ਗੋਹੇ ਚੁਗਦੀ ਖੁਲ੍ਹੀ ਫਿਰਦੀ ਸੀ, ਬੁਰਕਾ ਪਹਿਨ ਕੇ ਬੇਗ਼ਮ ਬਣ ਜਾਂਦੀ ਹੈ, ਏਵੇਂ ਹੀ ਓਪਰੀ ਜ਼ਬਾਨ ਵੀ ਇਕ ਬੁਰਕੇ ਦਾ ਹੀ ਕੰਮ ਦੇਂਦੀ ਹੈ, ਤੇ ਇਸ ਨੂੰ ਅਪਣਾ ਕੇ ਲੋਕ ਆਪਣੇ ਆਪ ਨੂੰ ਬਾਇੱਜ਼ਤ ਤਬਕੇ ਵਿਚ ਸ਼ਾਮਲ ਹੋਇਆ ਸਮਝਦੇ ਹਨ।

ਜੋ ਕੁਝ ਮੈਂ ਉਪਰ ਦੱਸਿਆ ਹੈ ਇਹ ਮੇਰੇ ਇਕੱਲੇ ਦਾ ਹੀ ਨਹੀਂ ਬਹੁਤ ਸਾਰੇ ਕਲਰਕਾਂ ਤੇ ਲੇਖਕਾਂ ਦਾ ਤਜਰਬਾ ਹੈ। ਕਹਾਣੀਕਾਰ ਤੇ ਨਾਟਕਕਾਰ ਬਲਵੰਤ ਗਾਰਗੀ ਨੇ ਦੱਸਿਆ ਕਿ ਉਹ ਜਦ ਕਾਲਜ ਵਿਚ ਪੜ੍ਹਦਾ ਸੀ ਉਸ ਨੂੰ ਅੰਗਰੇਜ਼ੀ ਵਿਚ ਲਿਖਣ ਦਾ ਬੜਾ ਸ਼ੌਕ ਸੀ। ਉਹ ਆਪਣੀਆਂ ਅੰਗਰੇਜ਼ੀ ਦੀਆਂ ਲਿਖਤਾਂ ਇਕੱਠੀਆਂ ਕਰਕੇ ਸ਼ਾਂਤੀ-ਨਿਕੇਤਨ ਗਿਆ ਤੇ ਟੈਗੋਰ ਨੂੰ ਦਿਖਾਈਆਂ। ਟੈਗੋਰ ਨੇ ਕਿਹਾ, "ਕਾਕਾ ਤੇਰੀ ਮਾਤਰੀ ਜ਼ੁਬਾਨ ਕੀ ਹੈ ?" ਓਸ ਉਤਰ ਦਿਤਾ, "ਪੰਜਾਬੀ"। ਟੈਗੋਰ ਨੇ ਕਿਹਾ, "ਅਛਾ ਤੂੰ ਫਿਰ ਪੰਜਾਬੀ ਵਿਚ ਲਿਖਿਆ ਕਰ।" ਏਸ ਗੱਲ ਨੇ ਗਾਰਗੀ ਦੀ ਜ਼ਿੰਦਗੀ ਵਿਚ ਪਲਟਾ ਲਿਆਂਦਾ ਤੇ ਹੁਣ ਉਹ ਪੰਜਾਬੀ ਦੇ ਉਘੇ ਨਾਟਕਕਾਰਾਂ ਵਿਚੋਂ ਇਕ ਹੈ। ਏਸ ਤੋਂ ਉਲਟ ਤਜਰਬਾ ਲੋਕ ਗੀਤਾਂ ਤੇ ਸੰਗ੍ਰਹਿਕ ਦੇਵਿੰਦਰ ਸਤਿਆਰਥੀ ਦਾ ਹੈ। ਸ਼ੁਰੂ ਸ਼ੁਰੂ ਵਿਚ ਓਸ ਪੰਜਾਬੀ ਵਿਚ ਅੱਛਾ ਕੰਮ ਕੀਤਾ। ਜਦ ਹਿੰਦੀ "ਆਜ ਕਲ" ਦੀ ਐਡੀਟਰੀ ਮਿਲੀ ਤਾਂ ਹਮ ਤੁਮ ਤੋਂ ਬਿਨਾਂ ਗੱਲ ਹੀ ਨਹੀਂ ਸੀ ਕਰਦਾ। ਜਦ ਉਥੋਂ ਛੁਟੀ ਮਿਲੀ ਤਾਂ ਫਿਰ ਪੰਜਾਬੀ ਬੋਲਣੀ ਸ਼ੁਰੂ ਕੀਤੀ, ਤੇ ਆਪਣੀ ਭੁੱਲ ਦਾ ਇਕਬਾਲ ਕੀਤਾ। ਪ੍ਰਿਥਵੀ ਰਾਜ ਕਪੂਰ ਭਾਰਤ ਦਾ ਸਭ ਤੋਂ ਉੱਚਾ ਕਲਾਕਾਰ ਹੈ। ਓਸ ਦਸਿਆ ਕਿ ਜਦ ਉਹ ਉਰਦੂ ਲਗਾਤਾਰ ਬੋਲਦਾ ਹੈ ਤਾਂ ਮੂੰਹ ਦੁਖਣ ਲੱਗ ਜਾਂਦਾ ਹੈ, ਜਦ ਫੇਰ ਪੰਜਾਬੀ ਬੋਲਦਾ ਹੈ ਤਾਂ ਆਰਾਮ ਆਉਂਦਾ ਹੈ। ਗੱਲ ਮੁਕੀ, ਆਪਣੀ ਮਾਤਰੀ ਬੋਲੀ ਵਰਗੀ ਕੋਈ ਚੀਜ ਨਹੀਂ। ਜੋ ਮਨ ਵਿਚ ਖ਼ਿਆਲ ਹਨ, ਜਜ਼ਬੇ ਹਨ, ਤਾਂ ਚਸ਼ਮਿਆਂ ਵਾਂਗ ਫੁਟ ਕੇ ਨਿਕਲਦੇ ਹਨ, ਬੋਲੀ ਚਾਹੇ ਕੋਈ ਵੀ ਹੋਵੇ ਪਰ ਜਿਸ ਸੁਤੰਰਤਾ ਤੇ ਸਚਾਈ ਨਾਲ ਮਾਤਰੀ ਬੋਲੀ ਵਿਚ ਨਿਕਲਦੇ ਹਨ ਉਹ ਓਪਰੀ ਬੋਲੀ ਵਿਚ ਨਹੀਂ।

ਹਰੇਕ ਬੋਲੀ ਆਪਣੀ ਲਿੱਪੀ ਵਿਚ ਹੀ ਸੋਹਣੀ ਲੱਗਦੀ ਹੈ। ਪੰਜਾਬੀ ਗੁਰਮੁਖੀ ਲਿੱਪੀ ਵਿਚ ਹੀ ਠੀਕ ਲਿਖੀ ਜਾ ਸਕਦੀ ਹੈ, ਤੇ ਜਿਵੇਂ ਪੰਜਾਬਣਾਂ ਨੂੰ ਸਲਵਾਰ ਕਮੀਜ਼ ਸੋਹੰਦੀ ਹੈ, ਏਵੇਂ ਹੀ ਪੰਜਾਬੀ ਨੂੰ ਗੁਰਮੁਖੀ ਲਿਪੀ। ਕਿੰਨੇ ਸੋਹਨੇ ਲੱਗਦੇ ਹਨ ਗੁਰਮੁਖੀ ਦੇ ਗੋਲ ਮੋਲ

ਅੱਖਰ ਜਿਵੇਂ ਮੋਤੀ ਲੜੀ ਵਿਚ ਪ੍ਰੋਏ ਹੋਣ। ਕਲਾ ਦੀ ਦ੍ਰਿਸ਼ਟੀਕੋਨ ਤੋਂ ਗੁਰਮੁਖੀ ਲਿਪੀ ਅਤਿ ਸੁੰਦਰ ਹੈ, ਤੇ ਮੈਨੂੰ ਹਾਲ ਤਾਈਂ ਇਹ ਸਮਝ ਨਹੀਂ ਆਈ ਕਿ ਕੁਝ ਬੰਦਿਆਂ ਨੂੰ ਇਹਨੂੰ ਦੇਖ ਕੇ ਤਕਲੀਫ਼ ਕਿਉਂ ਹੁੰਦੀ ਹੈ।

ਹਿੰਦੀ ਵਾਂਗ ਪੰਜਾਬੀ ਵੀ ਕਈ ਢੰਗਾਂ ਨਾਲ ਲਿਖੀ ਜਾਂਦੀ ਹੈ। ਜਦ ਇਸ ਨੂੰ ਸੰਸਕ੍ਰਿਤ ਤੇ ਹਿੰਦੀ ਦੇ ਵਿਦਵਾਨ ਲਿਖਦੇ ਹਨ, ਤਾਂ ਸੰਸਕ੍ਰਿਤੀ ਸ਼ਬਦਾਂ ਨਾਲ ਲੱਦ ਦਿੰਦੇ ਹਨ, ਤੇ ਅੱਜ ਕੱਲ ਦੀ ਹਿੰਦੀ ਵਾਂਗ ਏਨੀ ਮੁਸ਼ਕਲ ਬਣਾ ਦਿੰਦੇ ਹਨ ਕਿ ਆਮ ਆਦਮੀ ਤਾਂ ਸਮਝ ਹੀ ਨਹੀਂ ਸਕਦਾ ਕਿ ਲੇਖਕ ਦਸਣਾਂ ਕੀ ਚਾਹੁੰਦਾ ਹੈ। ਜਦ ਇਹ ਫ਼ਾਰਸੀ ਦੇ ਆਲਮਾਂ ਦੇ ਕਬਜ਼ੇ ਆਉਂਦੀ ਹੈ ਤਾਂ ਇਸ ਨੂੰ ਫ਼ਾਰਸੀ ਦੇ ਭਾਰੀ ਤੋਂ ਭਾਰੀ ਲਫ਼ਜਾਂ ਨਾਲ ਲਦ ਦਿੰਦੇ ਹਨ। ਇਹ ਲਿਖਾਰੀ ਇਹ ਨਹੀਂ ਸਮਝਦੇ ਕਿ ਕੋਈ ਰੋਜ਼ ਪਰੌਂਠੇ ਨਹੀਂ ਖਾ ਸਕਦਾ, ਜੇ ਖਾਏਗਾ ਤਾਂ ਬਦਹਜ਼ਮੀ ਹੋ ਜਾਏਗੀ। ਜ਼ੁਬਾਨ ਇਕ ਆਲਾ ਹੈ ਜਿਸ ਨਾਲ ਅਸੀਂ ਆਪਣੇ ਖ਼ਿਆਲ ਤੇ ਜਜ਼ਬੇ ਦੂਸਰਿਆਂ ਨੂੰ ਪਹੁੰਚਾਂਦੇ ਹਾਂ, ਤੇ ਉਹ ਆਲਾ ਜਿੰਨਾ ਸਾਦਾ ਹੋਵੇ ਓਨਾ ਹੀ ਚੰਗਾ ਹੁੰਦਾ ਹੈ। ਨਾਲੇ ਸਾਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ, ਕਿ ਪੰਜਾਬੀ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀ ਸਾਂਝੀ ਬੋਲੀ ਹੈ। ਇਹ ਤਾਂ ਸਾਡੀ ਸਾਰਿਆਂ ਦੀ ਸਾਂਝੀ ਮਾਂ ਹੈ, ਤੇ ਅਸੀਂ ਹਾਂ ਇਸ ਦੇ ਬੱਚੇ, ਤੇ ਇਹ ਗੱਲ ਜ਼ਰੂਰੀ ਹੈ ਕਿ ਬੱਚੇ ਸਮਝ ਲੈਣ ਕਿ ਮਾਂ ਕੀ ਆਖਦੀ ਏ। ਜਿਵੇਂ ਅੰਗਰੇਜ਼ੀ ਵਿਚ ਲੈਟਿਨ, ਗਰੀਕ, ਐਂਗਲੋ-ਸੈਕਸ਼ਨ, ਸਕਾਚ, ਵੈਲਸ਼, ਗੈਲਿਕ, ਪੁਕਤਗਾਲੀ ਤੇ ਹਿੰਦੁਸਤਾਨੀ ਤਕ ਦੇ ਲਫ਼ਜ਼ ਸ਼ਾਮਲ ਹਨ, ਇਸੇ ਤਰ੍ਹਾਂ ਹੀ ਪੰਜਾਬੀ ਦੀ ਨਵੀਂ ਉਸਰਦੀ ਇਮਾਰਤ ਦੇ ਬੂਹੇ ਵੀ ਜਾਰੇ ਪਾਸਿਓ ਖੁਲ੍ਹੇ ਰੱਖਣੇ ਚਾਹੀਦੇ ਹਨ, ਤੇ ਇਸ ਵਿਚ ਅਰਬੀ, ਫ਼ਾਰਸੀ, ਉਰਦੂ, ਸੰਸਕ੍ਰਿਤ, ਹਿੰਦੀ ਤੇ ਅੰਗਰੇਜ਼ੀ ਤਕ ਦੇ ਲਫ਼ਜ਼ ਆਉਣੇ ਚਾਹੀਦੇ ਹਨ। ਏਸੇ ਤਰੀਕੇ ਨਾਲ ਇਹ ਜ਼ੁਬਾਨ ਅਮੀਰ ਹੋ ਸਕਦੀ ਹੈ ਤੇ ਤਰੱਕੀ ਕਰ ਸਕਦੀ ਹੈ।